ਤਾਰਾ ਸਿੰਘ ਅਨਜਾਣ

ਚਾਰੇ ਕੂੰਟਾਂ ਭਾਲੀਆਂ

ਸੰਪਾਦਨ :
ਨਰਿੰਦਰ ਸਿੰਘ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਚਾਰੇ ਕੁੰਡਾ ਭਾਲੀਆ

(ਚੋਣਵੇਂ ਨਿਬੰਧ)

Sri Satguru Jagjit SIngh Ji Elibrary NamdhariElibrary@gmail.com

ਲੇਖਕ ਦੀਆਂ ਹੋਰ ਰਚਨਾਵਾਂ

1. ਸਭਹਨ ਕੇ ਸਿਰਮੋਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਜੀਵਨੀ—1986, 1998
2. ਸਾਹਿਬੁ ਗੁਣੀ ਗਹੇਰਾ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਜੀਵਨੀ—1991
3. ਸ਼ਹੀਦ ਬਾਬਾ ਲਹਿਣਾ ਸਿੰਘ (ਜੀਵਨੀ)—1992, 2004
4. ਸੇਵਕ ਸੱਚੇ ਸਾਹ ਕੇ (ਵਿਅਕਤੀ-ਚਿੱਤਰ)—1992
5. ਆਪਣੇ ਰੂ-ਬਰੂ (ਨਿਬੰਧ ਸੰਗ੍ਰਹਿ)—1999
6. ਅਸਾਂ ਕੀ ਖੱਟਿਆ (ਨਿਬੰਧ ਸੰਗ੍ਰਹਿ)—1999
7. ਅੰਧੇਰੈ ਦੀਪਕ ਬਾਲੀਐ (ਨਿਬੰਧ ਸੰਗ੍ਰਹਿ)-1999
8. ਵਾਰ ਸ੍ਰੀ ਭਗਉਤੀ ਜੀ ਕੀ (ਇੱਕ ਅਧਿਐਨ)—2004
9. ਨਾਮਧਾਰੀ ਇਤਿਹਾਸ-ਸੰਖੇਪ-2005
10. ਟਕਸਾਲੀ ਪੰਜਾਬੀ ਵਿਆਕਰਨ-2006
11. ਚਤੁਰ ਸਿਆਣਾ ਸੁਘੜੁ ਸੋਇ—2006
12. ਜਿਨ ਟੁੱਟੀ ਲਈ ਮਿਲਾਇ (ਜੀਵਨੀ ਸ੍ਰੀ ਸਤਿਗੁਰੂ ਹਰੀ ਸਿੰਘ)—2006
13. ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ—2008

ਸਹਿਸੰਪਾਦਨਾਵਾਂ :
1. ਕਥਾ-ਕਹਾਣੀ—1987; 2. ਵਡ ਪਰਤਾਪੁ ਅਚਰਜ-ਰੂਪ—1990
3. ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ—1990
4. ਪਰਤਾਪ ਸਦਾ ਗੁਰ ਕਾ ਘਟਿ ਘਟਿ—1991
5. ਪੰਜਾਬੀ ਪਾਠ-ਪੁਸਤਕ ਭਾਗ-1—1994
6. ਸਾਹਿਤ ਦੀਪਿਕਾ ਭਾਗ-1—1996
7. ਸਾਹਿਤ ਦੀਪਿਕਾ ਭਾਗ-2—1997
8. ਗਿਆਨ ਰਿਸ਼ਮਾਂ ਭਾਗ-1 ਤੋਂ 4—2003
9. ਗਿਆਨ ਰਿਸ਼ਮਾ ਭਾਗ-5—2004
10. ਤ੍ਰਿਪਤਾ ਭਾਗ-1 ਤੋਂ 5—2008
11. ਸਕੂਲ-ਪੱਧਰੀ (ਪੰਜਾਬੀ) ਅਧਿਆਪਨ ਸਮਗਰੀ—2007
12. ਆਓ ! ਪੰਜਾਬੀ ਪੜ੍ਹੀਏ ਪੜ੍ਹਾਈਏ—2010
13. ਵਾਰਤਕ ਰਿਸ਼ਮਾਂ—2010

ਸੰਪਾਦਨਾਵਾਂ
1. ਪੰਜਾਬੀ ਪਾਠ-ਪੁਸਤਕ ਭਾਗ-2—1995
2. ਰਾਮ ਵਿਯੋਗੀਆਂ ਦੇ ਬਾਰਾਂਮਾਹ—1995
3. ਪੰਜਾਬੀ ਪਾਠ-ਪੁਸਤਕ ਭਾਗ-3—1997

ਅਨੁਵਾਦ
1. ਸਾਡੇ ਲਾਭਦਾਇਕ ਬੂਟੇ—1987

ਹਿੰਦੀ
1. बाबा लहणा सिंह शहीद—2004
2. संक्षिप्त नामधारी इतिहास—2009

English
1. Namdhari Sikhs : A Brief History--2007

ਵਿਦੇਸ ਯਾਤਰਾਵਾਂ ਨੇਪਾਲ, ਥਾਈਲੈਂਡ, ਯੂ.ਐਸ.ਏ., ਕਨੇਡਾ, ਯੂ.ਕੇ. ਦੱਖਣੀ ਅਫਰੀਕਾ, ਕੀਨੀਆ, ਤਨਜ਼ਾਨੀਆ, ਮਯਾਂਮਾਰ, ਆਇਰਲੈਂਡ

ਸਨਮਾਨ :
1. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੇਵਾ ਸਨਮਾਨ—1982
2. ਪੰਜਾਬੀ ਅਕਾਦਮੀ ਦਿੱਲੀ ਵਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ—1990
3. ਆਚਾਰੀਆ ਸ੍ਰੀ ਪਦਮ ਸਾਗਰ ਸੂਰੀ ਚਤੁਰਮਾਸ ਸਮਿਤੀ ਦਿੱਲੀ—1997
4. ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ—2003;
5. ਵੂਲਵਰਹੈਂਪਟਨ ਇੰਟਰਫੇਥ ਗਰੁਪ ਯੂ.ਕੇ. ਵਲੋਂ ਸਨਮਾਨ—2004
6. ਹਿੰਦੂ ਕੌਂਸਲ ਯੂ.ਕੇ.—2006; 7. ਸ਼ਹੀਦ ਬਾਬਾ ਲਹਿਣਾ ਸਿੰਘ ਯਾਦਗਾਰੀ ਸਨਮਾਨ—2008
8. ਰਾਮਗੜ੍ਹੀਆ ਕੌਂਸਲ-ਯੂ.ਕੇ.—2009; 9. ਪੰਜਾਬੀ ਸਾਹਿਤ ਸਭਾ ਦਿੱਲੀ—2010

Sri Satguru Jagjit Singh Ji Elibrary NamdhariElibrary@gmail.com

ਚਾਰੇ ਕੁੰਡਾ ਭਾਲੀਆ

(ਚੋਣਵੇਂ ਨਿਬੰਧ)

ਲੇਖਕ

ਤਾਰਾ ਸਿੰਘ 'ਅਨਜਾਣ'

ਸੰਪਾਦਕ

ਡਾ. ਨਰਿੰਦਰ ਸਿੰਘ

ਆਰਸੀ ਪਬਲਿਸ਼ਰਜ਼

Sri Satguru Jagjit Singh Ji Elibrary NamdhariElibrary@gmail.com

CHARE KUNDA BHALIA
selected essays of Tara Singh Anjan

Editor
Dr. Narinder Singh

ARSEE PUBLISHERS, CHANDNI CHOWK, DELHI-110006
ARSEE PUBLISHERS, 51, Parda Bagh, Daryaganj, N. Delhi-2

All rights reserved. No part of this book may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission from both Author and Publisher.

ISBN-978-81-8299-106-4

© ਲੇਖਕ 2011

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6 ਫ਼ੋਨ ਨੰ: 23280657

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6
ਸੈਟਿੰਗ : (ਤੇਗ਼ ਕੰਪਿਊਟਰ) ਦਿੱਲੀ-੭

ਕ਼ੀਮਤ : 225/- ਰੁਪਏ

Sri Satguru Jagjit Singh Ji Elibrary NamdhariElibrary@gmail.com

ਸਮਰਪਣ

ਇਹਨਾਂ ਨਿਬੰਧਾਂ ਦੀ ਪਹਿਲੀ ਪਾਠਕ
(ਜਸ) ਪਾਲ ਦੀ
ਯਾਦ
ਨੂੰ

—ਲੇਖਕ

Sri Satguru Jagjit SIngh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com

ਤਤਕਰਾ

	ਆਦਿ ਕਥਨ *(ਪ੍ਰੋ. ਕਿਰਪਾਲ ਸਿੰਘ ਕਸੇਲ)*	9
	ਭੂਮਿਕਾ *(ਡਾ. ਨਰਿੰਦਰ ਸਿੰਘ)*	15
1.	ਆਪਣੇ ਰੂ-ਬਰੂ	21
2.	ਸਚਹੁ ਓਰੈ ਸਭ ਕੋ	26
3.	ਏਕ ਰਤੀ ਬਿਨ ਏਕ ਰਤੀ ਕੇ	29
4.	ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ	34
5.	ਗੁਰਮੁਖਿ ਰੰਗ ਚਲੂਲਿਆ	38
6.	ਹਰਿ ਜੇਠਿ ਜੁੜੰਦਾ ਲੋੜੀਐ	42
7.	ਮਨਹੁ ਕਠੋਰੁ ਮਰੈ ਬਾਨਾਰਸ	47
8.	ਮਰਨੇ ਕਾ ਚਾਉ	51
9.	ਮਾਸ ਖਾਨਿ ਗਲ ਵਢਿ ਕੇ	56
10.	ਅਸਾਂ ਕੀ ਖੱਟਿਆ ?	59
11.	ਬੋਲੁ ਕੁਬੋਲ ਸਹਿ ਜਾਣਾ ਸਭ ਦਾ	63
12.	ਜਪਿ ਅੰਮ੍ਰਿਤ ਹਰ ਰਸਨਾ	67
13.	ਚੜਿਆ ਸੋਧਣਿ ਧਰਤਿ ਲੁਕਾਈ	72
14.	ਸੁਦੇਸ਼ੀ, ਅਹਿੰਸਾ ਅਤੇ ਸਹਿਨਸ਼ੀਲਤਾ	75
15.	ਗੁਰਸਿੱਖੀ ਦੇ ਰਾਜਦੂਤ	79
16.	ਲੋਕ ਜੀਵਨ ਤੇ ਬੁੱਚੜਖਾਨੇ	83
17.	ਜਗ ਰਚਨਾ ਸਭ ਝੂਠ ਹੈ	86
18.	ਭਗਤਿ ਭਾਇ ਤਰੀਐ ਸੰਸਾਰ	89
19.	ਤਿਨਾ ਨ ਮਾਰੇ ਘੁੰਮਿ	93
20.	ਰੀਸਾ ਕਰਹਿ ਤਿਨਾੜੀਆ	98
21.	ਅੰਤਰਿ ਤ੍ਰਿਸਨਾ ਅਗਿ	102

Sri Satguru Jagjit SIngh Ji Elibrary NamdhariElibrary@gmail.com

22.	ਕਬੀਰ ਸਮੁੰਦੁ ਨਾ ਛੋਡੀਐ	106
23.	ਹਮਾਰਾ ਧੜਾ	110
24.	ਠੰਢਾ ਦਿਮਾਗ-ਲਮੇਰੀ ਉਮਰ	112
25.	ਕੰਤ ਮਿਲੀਓ ਮੇਰੋ ਸਭੁ ਦੁਖ ਜੋਹਿਓ	115
26.	ਚਤੁਰ ਸਿਆਣਾ ਸੁਘੜੁ ਸੋਇ	119
27.	ਸੀਸ ਨਿਵਾਇਐ ਕਿਆ ਥੀਐ	124
28.	ਪੜ੍ਹਿਆ ਪੰਡਤ ਸੋਈ	128
29.	ਦੇਹਧਾਰੀ ਗੁਰੂ ਦਾ ਸਥਾਨ	131
30.	ਗੁਰੂ ਜੈਸਾ ਨਾਹੀ ਕੋ ਦੇਵ	136
31.	ਅਜੁ ਫਰੀਦੈ ਕੂਜੜਾ ਸੈ ਕੋਹਾਂ	140
32.	ਬਿਰਧਿ ਭਇਆ ਤਨੁ ਛੀਜੈ	144
33.	ਦੋ ਜਮਾਂ ਦੋ ਬਰਾਬਰ ਦੋ	148

Sri Satguru Jagjit Singh Ji Elibrary NamdhariElibrary@gmail.com

ਆਦਿ ਕਥਨ

ਸ੍ਰੀ ਤਾਰਾ ਸਿੰਘ ਅਨਜਾਣ ਪੰਜਾਬੀ ਸਾਹਿਤ ਜਗਤ ਦੇ ਜਾਣੇ-ਪਛਾਣੇ ਤੇ ਬਹੁਮੁਖੀ ਸਾਹਿਤਕ ਗੁਣਾਂ ਨਾਲ ਵਿਭੂਸ਼ਿਤ ਉੱਘੇ ਲੇਖਕਾਂ ਵਿੱਚੋਂ ਹਨ। ਆਪ ਜੀ ਦਾ ਆਪਣੇ ਨਾਮ ਨਾਲ ਜੁੜਿਆ ਪਦ ਅਨਜਾਣ ਵਾਸਤਵ ਵਿੱਚ ਉਹਨਾਂ ਦੀ ਨਿਰਮਾਣਤਾ ਦਾ ਲਖਾਇਕ ਹੈ। ਗੁਰਬਾਣੀ ਦਾ ਕਥਨ ਹੈ:

'ਆਪਸ ਕਉ ਜੋ ਜਾਣੈ ਨੀਚਾ
ਸੋਊ ਗਨੀਐ ਸਭ ਤੇ ਊਚਾ।'

ਮੈਂ ਜਦੋਂ ਵੀ ਅਨਜਾਣ ਜੀ ਬਾਰੇ ਕੁਝ ਸੋਚਦਾ ਹਾਂ ਜਾਂ ਉਹਨਾਂ ਦੀਆਂ ਰਚਨਾਵਾਂ ਨੂੰ ਵਾਚ ਕੇ ਕੁਝ ਸੋਚਣ ਤੇ ਕਥਨ ਦਾ ਯਤਨ ਕਰਦਾ ਹਾਂ ਤਾਂ ਮੇਰੇ ਸਨਮੁੱਖ ਉਹਨਾਂ ਦਾ ਸੁਚਿੱਤਰ ਸਰੂਪ ਅਨਜਾਣ ਵਾਲਾ ਨਹੀ ਸਗੋਂ ਸੁਘੜ ਸੁਜਾਨ ਵਾਲਾ ਉਪਸਥਿਤ ਹੋ ਜਾਂਦਾ ਹੈ। ਇੱਕ ਦਰਜਨ ਤੋਂ ਵਧੇਰੇ ਗਿਣਤੀ ਵਿੱਚ ਪੁਸਤਕਾਂ ਪੰਜਾਬੀ ਮਾਤ-ਭਾਸ਼ਾ ਨੂੰ ਭੇਟ ਕਰਨ ਵਾਲੇ ਇਸ ਲੇਖਕ ਦਾ ਸਾਹਿਤਕ ਕੱਦ ਤੇ ਸਰੂਪ ਬੜਾ ਗੌਰਵਸ਼ੀਲ ਤੇ ਗੌਰਾ ਹੈ। ਅਚਾਰੀਆ ਰਾਮ ਚੰਦਰ ਸ਼ੁਕਲ ਦਾ ਕਥਨ ਹੈ ਕਿ ਵਰਤਮਾਨ ਕਾਲ ਵਿੱਚ ਆਧੁਨਿਕ ਕਾਲ ਦੇ ਸਾਹਿਤ ਦੀ ਕਸਵੱਟੀ ਪਦ ਨਹੀ, ਗਦ ਹੈ। ਅਤੇ ਗਦ ਸਾਹਿਤ ਦੀ ਕਸਵੱਟੀ ਨਿਬੰਧ ਹੈ। ਪੰਜਾਬੀ ਵਿੱਚ ਵੀਹਵੀ ਸਦੀ ਵਿੱਚ ਕਈ ਉੱਘੇ ਵਾਰਤਕ ਲੇਖਕ ਤੇ ਨਿਬੰਧਕਾਰ ਸਥਾਪਤ ਹੋ ਚੁੱਕੇ ਸਨ। ਜਿਨ੍ਹਾਂ ਦੀ ਪ੍ਰਤਿਭਾ ਤੇ ਲੇਖਨੀ ਉੱਚ ਕੋਟੀ ਦੇ ਸਾਹਿਤਕ ਗੁਣਾਂ ਨਾਲ ਭਰਪੂਰ ਸੀ। ਇਹਨਾਂ ਸ਼੍ਰੋਮਣੀ ਗਦ ਲੇਖਕਾਂ ਵਿੱਚ ਚਰਨ ਸਿੰਘ, ਡਾ. ਪੂਰਨ ਸਿੰਘ, ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ ਸ੍ਰ. ਕਪੂਰ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਪ੍ਰਿੰ. ਤੇਜਾ ਸਿੰਘ, ਸ੍ਰ. ਗੁਰਬਖਸ਼ ਸਿੰਘ, ਪ੍ਰਿੰ. ਸ.ਸ. ਅਮੋਲ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਪ੍ਰੋ. ਸਾਹਿਬ ਸਿੰਘ, ਗਿਆਨੀ ਲਾਲ ਸਿੰਘ ਆਦਿ ਸਭ ਆ ਜਾਂਦੇ ਹਨ। ਸ੍ਰ. ਤਾਰਾ ਸਿੰਘ ਅਨਜਾਣ

Sri Satguru Jagjit Singh Ji Elibrary NamdhariElibrary@gmail.com

ਇਹਨਾਂ ਸ਼ੋਮਣੀ ਗਦਕਾਰਾਂ ਤੇ ਨਿਬੰਧ ਲੇਖਕਾਂ ਦੇ ਸਯੋਗ ਉਤਰਾਧਿਕਾਰੀ ਹਨ। ਸਹਿਜੇ ਸਹਿਜੇ ਇਹਨਾਂ ਦਾ ਨਾਮ ਵੀ ਪੰਜਾਬੀ ਦੇ ਉਘੇ ਵਾਰਤਕ ਲੇਖਕਾਂ ਅਤੇ ਨਿਬੰਧਕਾਰਾਂ ਵਿੱਚ ਉੱਚੇ ਨਿਸ਼ਾਨਾਂ ਨੂੰ ਝੂਲਾ ਰਿਹਾ ਹੈ।

ਇਸ ਵਿੱਚ ਕੋਈ ਸੰਦੇਹ ਨਹੀ ਕਿ ਅਨਜਾਣ ਜੀ ਦਾ ਨਾਮ ਪੰਜਾਬੀ ਦੇ ਨਾਮੀ-ਗ੍ਰਾਮੀ ਸਾਹਿਤਕ ਮੰਡਲ ਵਿੱਚ ਨਾਮਧਾਰੀ ਸਤਿਗੁਰੂ ਸਹਿਬਾਨ ਦੀ ਮਿਹਰਾਮਤ ਨਾਲ ਨਿਵਾਜਿਆ ਗਿਆ ਹੈ। ਆਪ ਉਹਨਾਂ ਲੇਖਕਾਂ ਦੀ ਸ਼ੋਮਣੀ ਮਾਲਾ ਦੇ ਵੀ ਚਮਕਦੇ ਮੋਤੀ ਹਨ। ਸੰਨ 1920 ਵਿੱਚ ਨਾਮਧਾਰੀ ਮੱਤ ਨਾਲ ਸੰਬੰਧਿਤ ਸਪਤਾਹਿਕ ਪੱਤਰ 'ਸਤਿਜੁਗ' ਹੋਂਦ ਵਿਚ ਆਇਆ। ਜਿਸ ਦੀ ਪੱਤਰਕਾਰੀ ਦੀ ਤੇ ਸਾਹਿਤਕ ਆਯੂ ਨੌ ਦਹਾਕਿਆਂ ਨੂੰ ਪਾਰ ਕਰ ਚੁੱਕੀ ਹੈ। ਸਤਿਜੁਗ ਦੇ ਸਪਤਾਹਿਕ ਤੇ ਵਿਸ਼ੇਸ਼ ਮਾਸਿਕ ਅੰਕ ਸਮੇਂ-ਸਮੇਂ ਸਿਰ ਵਿਸ਼ੇਸ਼ ਅਵਸਰਾਂ ਉਤੇ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਹ ਆਪਣੇ ਵਿੱਚ ਵਡਮੁੱਲੀ ਇਤਿਹਾਸਿਕ ਜਾਣਕਾਰੀ ਤੇ ਖੋਜ ਦਾ ਅਦੁੱਤੀ ਭੰਡਾਰ ਸਾਂਭੀ ਬੈਠੇ ਹਨ। ਸਤਿਜੁਗ ਦੇ ਸੰਪਾਦਕਾਂ ਵਿੱਚ ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੰਦਰਵਰਤੀ, ਸ੍ਰੀ ਪ੍ਰੀਤਮ ਸਿੰਘ ਕਵੀ ਅਤੇ ਸ੍ਰੀ ਆਤਮਾ ਸਿੰਘ ਸਨਖੱਤਰਾ ਦੀ ਵੱਡੀ ਭੂਮਿਕਾ ਨੂੰ ਕਿਸੇ ਤਰ੍ਹਾਂ ਵੀ ਭੁਲਾਇਆ ਨਹੀਂ ਜਾ ਸਕਦਾ। ਸ੍ਰੀ ਤਾਰਾ ਸਿੰਘ ਅਨਜਾਣ ਲੰਮੇ ਸਮੇਂ ਤੋਂ ਨਾਮਧਾਰੀ ਮਤ ਦੇ ਪਰਵਕਤਾ ਦੇ ਰੂਪ ਵਿਚ ਸਤਿਜੁਗ ਦੇ ਸੰਪਾਦਕ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਦੀ ਦੇਣ ਵੀ ਸਾਹਿਤਕ ਗੁਣਾਂ ਨਾਲ ਭਰਪੂਰ ਤੇ ਉੱਚ ਕੋਟੀ ਦੇ ਸੰਪਾਦਕਾਂ ਤੇ ਲੇਖਕਾਂ ਵਾਲੀ ਹੈ।

ਨਿਬੰਧ ਜਾਂ ਲੇਖ ਵਰਗੀਆਂ ਬੌਧਿਕ ਰਸਿਕ ਤੇ ਸਹਿਜ ਸੁਭਾਵਿਕ ਰਚੀਆ ਗਈਆਂ ਰਚਨਾਵਾਂ ਵਹਿੰਦੀ ਨਦੀ ਦੀ ਤਰ੍ਹਾਂ ਪਰਵਾਹਿਤ ਰਹਿੰਦੀਆਂ ਹਨ। ਅਜਿਹੀ ਰਚਨਾ ਆਪਣੇ ਉੱਚ ਕੋਟੀ ਦੇ ਗੁਣਾਂ ਵਿੱਚ ਹੁੰਦੀ ਹੋਈ ਵੀ ਆਪਣੇ ਗੁਣਾਂ ਦਾ ਵਿਖਾਵਾ ਨਹੀਂ ਕਰਦੀ। ਉਹ ਚੁਪ-ਚਾਪ ਪਹਾੜੀ ਚਸ਼ਮੇ ਦੇ ਨਿਰੰਤਰ ਪਰਵਾਹ ਸਮਾਨ ਸਦਾ ਜਾਰੀ ਰਹਿੰਦੀ ਹੈ। ਕਿਉਂ ਜੋ ਉਸ ਦੇ ਸੀਨੇ ਦੀ ਖਿੱਚ ਉਸ ਨੂੰ ਆਪਣੀ ਮੰਜ਼ਲ ਵੱਲ ਲਗਾਤਾਰ ਤੋਰੀ ਰੱਖਦੀ ਹੈ। ਅਤੇ ਫਿਰ ਜਿਸ ਲੇਖਕ ਉੱਤੇ ਸਤਿਗੁਰੂ ਜੀ ਦੀ ਕ੍ਰਿਪਾ ਹੋਵੇ ਉਹ ਸਦਾ ਨਵੇਂ ਮਿਆਰ ਤੇ ਟੀਚੇ ਸਰ ਕਰਦਾ ਰਹਿੰਦਾ ਹੈ। ਤਾਰਾ ਸਿੰਘ ਅਨਜਾਣ 'ਚਾਰੇ ਕੁੰਡਾ ਭਾਲੀਆ' ਦਾ ਲੇਖਕ ਵੀ, ਇਹਨਾਂ ਉੱਚ ਕੋਟੀ ਦੇ ਸਾਹਿਤਕ ਗੁਣਾਂ ਨਾਲ ਭਰਪੂਰ ਨਿਬੰਧਾਂ ਦਾ ਆਪਣੇ ਸਤਿਗੁਰੂ ਸਹਿਬਾਨ ਦੀ ਮਿਹਰਾਮਤ ਦਾ ਨਿਵਾਜਿਆ ਹੋਇਆ ਲੇਖਕ ਹੈ।

19ਵੀ ਸਦੀ ਦੇ ਅੱਧ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਬਹੁਤ ਸਾਰੀਆ ਰਾਜਨੀਤਿਕ ਸਮਾਜਿਕ ਤੇ ਧਾਰਮਿਕ ਲਹਿਰਾਂ ਉੱਠੀਆਂ ਜਿਹਨਾਂ ਵਿਚੋਂ ਬਹੁਤ ਸਾਰੀਆਂ ਸੁਧਾਰਵਾਦੀ

Sri Satguru Jagjit Singh Ji Elibrary NamdhariElibrary@gmail.com

ਲਹਿਰਾਂ ਸਨ। ਪਰ ਇਹਨਾਂ ਵਿਚੋਂ ਸਭ ਤੋਂ ਵਿਸ਼ੇਸ਼ ਸਮਾਜਿਕ, ਸੁਧਾਰਵਾਦੀ ਲਹਿਰ ਨਾਮਧਾਰੀ ਜਾ ਕੂਕਾ ਲਹਿਰ ਸੀ। ਜਿਸ ਦਾ ਅਰੰਭ ਤੋਂ ਹੀ ਕਿਰਦਾਰ ਸਾਮਰਾਜ ਵਿਰੋਧੀ ਤੇ ਕ੍ਰਾਂਤੀਕਾਰੀ ਵੀ ਸੀ। ਇਹ ਇੱਕ ਤਰ੍ਹਾਂ ਨਾਲ, ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਨਿਵੇਕਲੇ ਪ੍ਰਭਾਵ ਨੂੰ ਉਜਾਗਰ ਕਰਨ ਵਾਲੀ ਸੀ। ਸਭ ਤੋਂ ਮਹੱਤਤਾ ਵਾਲੀ ਗੱਲ ਇਸ ਦਾ 15ਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਕਾਇਮ ਕੀਤੀ ਗਈ ਗੁਰਮਤਿਧਾਰਾ ਨਾਲ ਜੁੜਿਆ ਹੋਣਾ ਸੀ। ਸਿੱਖ ਗੁਰੂ ਸਹਿਬਾਨ ਦੀ ਸਰਪ੍ਰਸਤੀ ਵਿੱਚ ਇਸ ਦਾ ਸਿੱਧਾ ਤੇ ਸਾਰਥਿਕ ਵਿਕਾਸ ਹੋਇਆ, ਜਿਸ ਨੂੰ ਸਿੱਖ ਗੁਰੂ ਸਾਹਿਬਾਨ ਨੇ ਨਿਰੰਤਰ ਆਪਣੀ ਵਡਮੁੱਲੀ ਸੇਧ ਤੇ ਰਹਿਨੁਮਾਈ ਅਤੇ ਬਖ਼ਸ਼ਸ਼ਾਂ ਨਾਲ ਨਿਵਾਜੀ ਰੱਖਿਆ। ਕੂਕਾ ਲਹਿਰ ਉਸੇ ਗੁਰਮਤਿਧਾਰਾ ਦੇ ਅਧੁਨਿਕ ਯੁੱਗ ਵਿੱਚ ਹੋਏ ਵਿਕਾਸ ਦੀ ਦੇਣ ਹੈ। ਨਾਮਧਾਰੀ ਗੁਰੂ ਸਹਿਬਾਨ ਦੀ ਅਗਵਾਈ ਵਿੱਚ ਇਸ ਦਾ ਨਿਵੇਕਲਾ ਚਰਿੱਤਰ ਹੁਣ ਤੱਕ ਵੀ ਕਾਇਮ-ਦਾਇਮ ਹੈ।

ਭਾਵੇਂ ਦੁਰਭਾਗਵਸ ਨਾਮਧਾਰੀ ਮੱਤ ਉਤੇ ਵਿਦੇਸ਼ੀ ਸਰਕਾਰ ਵਲੋਂ ਇੰਨੀਆਂ ਪਾਬੰਦੀਆਂ ਤੇ ਜ਼ਬਰਦਸਤ ਹੱਲੇ ਹੋਏ ਫਿਰ ਵੀ ਨਾਮਧਾਰੀ ਸਾਹਿਤ ਵਿੱਚ ਕਦੀ ਵੀ ਭੁੰਗ ਨਹੀ ਪਿਆ। ਇਸ ਨੇ ਨਿਰੰਤਰ ਸਮਾਜ ਦੀ ਸੇਵਾ ਕੀਤੀ ਹੈ ਅਤੇ ਆਪਣੇ ਉਚੇ ਆਦਰਸ਼ਾਂ ਦੇ ਨਿਸ਼ਾਨ ਨੂੰ ਸਦਾ ਝੁਲਾਈ ਰੱਖਿਆ ਹੈ। ਸਾਡਾ ਇਹ ਪ੍ਰਮੁੱਖ ਲੇਖਕ, ਸ੍ਰੀ ਤਾਰਾ ਸਿੰਘ ਅਨਜਾਣ ਵੀ ਨਾਮਧਾਰੀ ਸਾਹਿਤਕ ਮਾਲਾ ਦਾ ਵਿੱਲਖਣ ਤੇ ਚਮਕ-ਦਮਕ ਦੇਣ ਵਾਲਾ ਬਹੁਮੁੱਲਾ ਮਾਣਕ ਹੈ। ਇਸ ਦਾ ਪੰਜਾਬੀ ਸਾਂਹਿਤ ਵਿੱਚ ਨਿਵੇਕਲਾ ਤੇ ਵਿਸ਼ੇਸ਼ ਸਥਾਨ ਹੈ। ਉਹ ਇੱਕ ਸਫ਼ਲ ਜੀਵਨੀਕਾਰ, ਨਿਬੰਧਕਾਰ ਤੇ ਸ੍ਰੇਸ਼ਟ ਗਦਸ਼ੈਲੀ ਦਾ ਸਿਰਜਕ ਹੈ। ਉਹ ਨਾਮਧਾਰੀ ਸਤਿਗੁਰੂ ਸਹਿਬਾਨ ਦੇ ਜੀਵਨ ਦੇ ਬਿਰਤਾਂਤਾਂ ਨੂੰ ਬੜੀ ਢੁਕਵੀਂ ਤੇ ਠੁਕਦਾਰ ਲੇਖਣੀ ਰਾਹੀ ਪੇਸ਼ ਕਰਨ ਵਿੱਚ ਨਿਪੁੰਨ ਲੇਖਕ ਹੈ। ਇਕ ਸਫਲ ਸੰਪਾਦਕ ਦੇ ਤੌਰ ਤੇ ਵੀ ਉਸ ਦੀ ਦੇਣ ਵੱਡਮੁਲੀ ਹੈ। ਪ੍ਰਮਾਣ ਵਜੋਂ ਇਥੇ ਮੈਂ ਕੇਵਲ ਦੋ ਦਾ ਹਵਾਲਾ ਦੇ ਰਿਹਾ ਹਾ ਜੋ ਉਹਨਾਂ ਦੇ ਸੁਘੜ ਸੰਪਾਦਕ ਹੋਣ ਦੇ ਤੇ ਸਫਲ ਗੱਦ ਰਚਨਾਕਾਰ ਦੇ ਉੱਜਲ ਨਮੂਨੇ ਹਨ ਤੇ ਉਹਨਾਂ ਦੀ ਸਾਹਿਤਕ ਪ੍ਰਤਿਭਾ ਦੀ ਮਹਾਨਤਾ ਦੇ ਲਖਾਇਕ ਹਨ। 1999 ਦੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ ਜਨਸਮੂਹ ਦੀ ਸ੍ਰੀ ਅਨੰਦਪੁਰ ਸਾਹਿਬ ਦੀ ਯਾਤਰਾ ਅਤੇ ਸੰਨ 2000 ਵਿਚ ਨਿਊਯਾਰਕ ਦੇ ਸੰਯੁਕਤ ਰਾਸ਼ਟਰ ਸਿੰਘ ਦੇ ਅਸੈਂਬਲੀ ਹਾਲ ਵਿੱਚ ਹੋਇਆ—ਵਿਸ਼ਵ ਅਮਨ ਧਰਮ ਸਿਖਰ ਸੰਮੇਲਨ ਦੇ ਸਮਾਚਾਰਾਂ ਦਾ ਵਰਨਨ ਇਹਨਾਂ ਵਿਸ਼ੇਸ਼ ਸਮਾਗਮਾਂ ਦੇ ਸਮੁੱਚੇ ਬਿਰਤਾਂਤ ਨੂੰ ਅਨਜਾਣ, ਪਾਠਕਾਂ ਦੇ ਸਨਮੁਖ ਸਤਿਜੁਗ ਦੇ ਪਰਚਿਆਂ ਵਿੱਚ ਇੰਨ-ਬਿੰਨ ਰੂਪ ਵਿੱਚ ਸਾਕਾਰ ਕਰ ਦਿੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਪੁਸਤਕ 'ਸਭਹਨ ਕੇ ਸਿਰਮੌਰ' ਅਤੇ ਸਤਿਗੁਰ ਪ੍ਰਤਾਪ ਸਿੰਘ ਜੀਵਨ ਨਾਲ ਸੰਬੰਧਿਤ 'ਸਾਹਿਬੁ ਗੁਣੀ ਗਹੇਰਾ' ਅਤੇ ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ, ਨਾਮਧਾਰੀ ਮੱਤ ਨਾਲ ਸੰਬੰਧਿਤ ਪੁਸਤਕਾਂ ਹਨ। ਇਸ ਹੱਥਲੀ ਪੁਸਤਕ 'ਚਾਰੇ ਕੁੰਡਾ ਭਾਲੀਆ' ਤੋਂ ਪਹਿਲਾਂ ਲਿਖੀਆਂ ਗਈਆਂ ਹੋਰ ਵਾਰਤਕ ਰਚਨਾਵਾਂ ਸ਼ਹੀਦ ਬਾਬਾ ਲਹਿਣਾ ਸਿੰਘ', 'ਸੇਵਕ ਸੱਚੇ ਸ਼ਾਹ ਕੇ', ਆਪਣੇ ਰੂ-ਬਰੂ, ਅਸਾਂ ਕੀ ਖੱਟਿਆ, ਅੰਧੇਰੈ ਦੀਪਕ ਬਾਲੀਐ, ਚੁਤਰ ਸਿਆਣਾ ਸੁਘੜੁ ਸੋਇ ਆਦਿ ਤੋਂ ਬਿਨਾ ਅਨਜਾਣ ਜੀ ਦੀਆਂ ਸੁਸੰਪਾਦਿਤ ਰਚਨਾਵਾਂ ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ, ਪਰੰਤਾਪ ਸਦਾ ਗੁਰ ਕਾ ਘਟਿ ਘਟਿ, ਰਾਮ ਵਿਯੋਗੀਆਂ ਦੇ ਬਾਰਾਮਾਂਹ ਆਦਿ ਅਨਜਾਣ ਜੀ ਦੀ ਸੰਪਾਦਨ ਕਲਾ ਦੀ ਮੂੰਹੋਂ ਬੋਲਦੀ ਤਸਵੀਰ ਹਨ।

ਦੇਸ ਦੀ ਵੰਡ ਪਿਛੋਂ ਅਨਜਾਣ ਜੀ ਦਾ ਪਰਵਾਹ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਨਵ-ਸਥਾਪਿਤ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਕਰੀਵਾਲਾ ਵਿੱਚ ਆ ਗਿਆ। ਫਿਰ ਕੁਝ ਚਿਰ ਸਿਰਸਾ ਵਿੱਚ ਨਿਵਾਸ ਰੱਖ ਕੇ ਕਈ ਸਾਲਾਂ ਤੋਂ ਆਪ ਦਿੱਲੀ, ਵਿੱਚ ਰਹਿ ਰਹੇ ਹਨ। ਜਿਥੇ ਆਪ ਨੇ ਕਈ ਸਾਲਾਂ ਤੱਕ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਨ ਲਈ ਸੰਘਰਸ਼ ਕੀਤਾ ਤੇ ਅਧਿਆਪਨ ਕਾਰਜ ਨਿਭਾਇਆ ਹੈ। ਪੰਜਾਬੀ ਭਾਸ਼ਾ ਦੀਆਂ ਨਿੱਕੀਆਂ-ਨਿੱਕੀਆਂ ਬਾਰੀਕੀਆਂ ਅਤੇ ਸੂਖਮ-ਵਿਆਕਰਨਿਕ ਯੁਗਤਾਂ ਦਾ ਆਪ ਨੂੰ ਚੋਖਾ ਬੋਧ ਹੈ।

ਹੱਥਲੀ ਪੁਸਤਕ 'ਚਾਰੇ ਕੁੰਡਾ ਭਾਲੀਆ' ਡਾ. ਨਰਿੰਦਰ ਸਿੰਘ ਦਾ ਸੰਪਾਦਿਤ, ਅਨਜਾਣ ਜੀ ਦਾ ਪੰਜਵਾਂ ਨਿਬੰਧ ਸੰਗ੍ਰਹਿ ਹੈ। ਇਸ ਵਿੱਚ 33 ਸਿਰਲੇਖਾਂ ਹੇਠ ਚਹੁੰ ਨਿਬੰਧ ਸੰਗ੍ਰਹਿਆਂ ਦੇ ਚੋਣਵੇਂ ਨਿਬੰਧ ਸੰਕਲਿਤ ਹਨ। ਇਹਨਾਂ ਦੇ ਸਿਰਲੇਖਾਂ ਤੋਂ ਹੀ ਇਸ ਪੁਸਤਕ ਦੇ ਵਿਸ਼ੇ ਵਸਤੂ ਤੇ ਲੇਖਕ ਦੇ ਨਿੱਜੀ ਦ੍ਰਿਸ਼ਟੀਕੋਣ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ। ਇਹਨਾਂ ਵਿਚੋਂ ਕੁਝ ਇੱਕ ਦੇ ਸਿਰਲੇਖ ਹਨ :- ਸਚਹੁ ਓਰੈ ਸਭ ਕੋ, ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ, ਗੁਰਮੁਖਿ ਰੰਗ ਚਲੂਲਿਆ, ਸੀਸ ਨਿਵਾਇਐ ਕਿਆ ਥੀਐ, ਬੋਲ ਕਬੋਲ ਸਹਿ ਜਾਣਾ ਸਭ ਦਾ, ਸੁਦੇਸ਼ੀ, ਅਹਿੰਸਾ ਅਤੇ ਸਹਿਨਸ਼ੀਲਤਾ, ਲੋਕ ਜੀਵਨ ਤੇ ਬੁਚੜਖਾਨੇ, ਚਤੁਰ ਸਿਆਣਾ ਸੁਘੜ ਸੋਇ ਆਦਿ। ਜੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਸਾਰੇ ਨਿਬੰਧ ਗੁਰਮਤਿ ਧਾਰਾ ਦੇ ਵਿਆਪਕ ਘੇਰੇ ਦੇ ਅੰਤਰਗਤ ਰਹਿਤ ਮਰਿਯਾਦਾ ਤੇ ਮਨੁੱਖੀ ਕਦਰਾਂ ਕੀਮਤਾਂ ਨਾਲ ਸੰਬੰਧਿਤ ਹਨ। ਇਹ ਨਿਬੰਧ ਲੇਖਕ ਦੇ ਆਪਣੇ ਨਿੱਜੀ ਅਨੁਭਵ ਤੇ ਪ੍ਰਤੀਕਰਮਾਂ ਨਾਲ ਜੁੜੇ ਹੋਏ ਹਨ। ਵਸ਼ਿਸ਼ਟ ਗਦਕਾਰ ਹੋਣ ਦੇ ਨਾਲ ਅਨਜਾਣ ਜੀ ਦੀ

Sri Satguru Jagjit SIngh Ji Elibrary NamdhariElibrary@gmail.com

ਵਿਅਕਤੀਗਤ ਗੁਣਾਂ ਵਾਲੀ ਨਿਵੇਕਲੀ ਗਦਸ਼ੈਲੀ ਹੈ। ਜਿਸ ਵਿੱਚ ਸਰਲਤਾ, ਸਹਿਜ ਸੁਭਾਵਕਤਾ ਤੇ ਸਪਸ਼ਟਤਾ ਦੇ ਗੁਣ ਮੌਜੂਦ ਹਨ। ਇਹ ਜਨਸਧਾਰਨ ਤੇ ਸਧਾਰਨ ਪਾਠਕਾਂ ਦੇ ਨਾਲ-ਨਾਲ ਬੁਧੀਵਾਨਾਂ ਦੇ ਸੁਹਜ ਸੁਆਦ ਨੂੰ ਵੀ ਤ੍ਰਿਪਤ ਕਰ ਦਿੰਦੀ ਹੈ। ਅਨਜਾਣ ਜੀ ਕੋਲ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਦਾ ਅਪਾਰ ਖ਼ਜ਼ਾਨਾ ਮੌਜੂਦ ਹੈ। ਉਹ ਸਦਾ ਹੀ ਸ਼ਬਦਾਂ ਨੂੰ ਉਹਨਾਂ ਦੇ ਸੁਚੱਜੇ ਤੇ ਸ਼ੁੱਧ ਸਰੂਪ ਨੂੰ ਸਨਮੁਖ ਰੱਖ ਕੇ ਰਚਨਾ ਕਰਦੇ ਹਨ।

ਸਮਕਾਲੀ ਲੇਖਕ ਸਵਰਨ ਸਿੰਘ ਵਿਰਕ ਅਨਜਾਣ ਜੀ ਦੀ ਗਦਸ਼ੈਲੀ ਬਾਰੇ ਇਸ ਤਰ੍ਹਾਂ ਉਲੇਖ ਕਰਦੇ ਹਨ :—"ਤਾਰਾ ਸਿੰਘ ਅਨਜਾਣ ਦੀ ਵਾਰਤਕ ਦੀ ਇੱਕ ਵਿਲੱਖਣ ਨੁਹਾਰ ਹੈ। ਉਸ ਨੇ ਬੋਲੀ ਠੇਠ, ਕੇਂਦਰੀ ਪੰਜਾਬੀ ਵਰਤੀ ਹੈ। "ਜਿਵੇਂ ਬੋਲੋ ਤਿਵੇਂ ਲਿਖੋ", ਸ਼ਬਦ ਚੋਣ ਬੜੀ ਫੱਬਣੀ ਹੈ। ਜਿਥੇ ਜਿਸ ਸ਼ਬਦ ਨਾਲ ਗਲ ਬਣਦੀ ਹੈ। ਪੰਜਾਬੀ ਦੇ ਲੋਕ ਅਖਾਣਾਂ ਦਾ ਭਰਪੂਰ ਇਸਤੇਮਾਲ ਗੱਲ ਨੂੰ ਪਾਠਕ ਦੇ ਸੀਨੇ ਤਕ ਪੁਚਾਉਣ ਲਈ ਕੀਤਾ ਹੈ। ਬੋਲੀ ਵਿਚ ਰੌਚਿਕਤਾ ਦੇ ਨਾਲ-ਨਾਲ ਠਹਿਰਾਉ ਵੀ ਹੈ। ਸਰਲ, ਸਪੱਸ਼ਟ ਤੇ ਸੰਜਮੀ ਵਾਕ ਬਣਤਰ। ਇਸ ਤਰ੍ਹਾਂ ਦੀ ਵਾਰਤਕ ਸ਼ੈਲੀ ਉੱਚੀ ਜੀਵਨ ਜਾਚ ਤੇ ਘਾਲਕਮਾਈ ਵਾਲੇ ਲੇਖਕ ਦੇ ਹਿੱਸੇ ਹੀ ਆਉਂਦੀ ਹੈ। ਉਮਰ ਦਾ ਨਿਚੋੜ ਇੱਕ-ਇੱਕ ਤੁਕ ਵਿੱਚ ਬੋਲਦਾ ਹੈ।"

ਇਸ ਸੰਗ੍ਰਹਿ ਦੇ ਅੰਤਮ ਲੇਖ 'ਦੋ ਜਮਾ ਦੋ ਬਰਾਬਰ ਦੋ' ਵਿੱਚ ਇਕ ਹੋਰ ਉਦਾਹਰਨ ਸਵਰਨ ਸਿੰਘ ਵਿਰਕ ਦੀ ਪੁਸ਼ਟੀ ਵਜੋਂ ਇਥੇ ਦੇਣਾ ਉਚਿਤ ਹੋਵੇਗਾ : "ਵਿਆਹ ਕੇਵਲ ਦੋ ਦਿਲਾਂ ਦਾ ਮੇਲ ਨਹੀ, ਦੋ ਪਰਵਾਰਾਂ ਦਾ ਮੇਲ ਹੈ। ਇਹ ਮੇਲ ਦੋ ਜਮਾ ਦੋ ਚਾਰ ਕਰ ਦੇਂਦਾ ਹੈ। ਦੋਹਾਂ ਪਰਵਾਰਾਂ ਨੂੰ ਇੱਕ ਦੂਜੇ ਦਾ ਮਾਣ ਹੁੰਦਾ ਹੈ। ਉਹ ਸ਼ਾਨ ਨਾਲ ਇੱਕ ਦੂਜੇ ਦਾ ਜ਼ਿਕਰ ਕਰਦੇ ਹਨ। ਵਿਆਹੇ ਬੱਚੇ ਉਸ ਮਾਣ-ਸਨਮਾਨ ਨੂੰ ਵਧਾਉਣ ਦਾ ਕਾਰਨ ਬਣਦੇ ਹਨ। ਜੇ ਖ਼ੁਦਾ-ਨਾ-ਖਾਸਤਾ ਕਿਸੇ ਕਾਰਨ ਦੋ ਵਿਆਹੁਤਾ ਬੱਚਿਆਂ ਦੀ ਅਣਬਣ ਹੋ ਜਾਏ ਤਾਂ ਦੋਹਾਂ ਪਰਵਾਰਾਂ ਦੇ ਸੰਬੰਧ ਵੀ ਵਿਗੜ ਜਾਂਦੇ ਹਨ। ਫਿਰ ਵੀ ਉਹਨਾਂ ਸੰਬੰਧਾਂ ਨੂੰ ਸੁਧਾਰਨ ਦਾ ਯਤਨ ਸਮਾਜ ਵਲੋਂ ਕੀਤਾ ਜਾਂਦਾ ਹੈ। ਕਿਉਂਕਿ ਡੁਲ੍ਹੇ ਬੇਰਾਂ ਦਾ ਕੁਝ ਨਹੀ ਵਿਗੜਦਾ।"

ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਅਨਜਾਣ ਜੀ ਦੀ ਵਾਰਤਕ ਦਾ ਖੇਤਰ ਬੜਾ ਵਿਸ਼ਾਲ ਤੇ ਵਿਆਪਕ ਹੈ। ਉਹਨਾਂ ਦੀ ਵਾਰਤਕ ਦੀ ਸ਼ੁੱਧਤਾਂ, ਸਰਲਤਾ, ਸਪੱਸ਼ਟਤਾ ਤੇ ਹਰ ਇੱਕ ਦੀ ਸਮਝ ਵਿੱਚ ਆਉਣ ਵਾਲੀ ਇਹ ਵਾਰਤਕ ਰਚਨਾ ਸਿਖਿਆਦਾਇਕ ਵੀ ਤੇ ਰੋਚਕ ਵੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਤੇ ਪ੍ਰੇਰਨਾ ਦਾ ਇਕ ਮਿਹਰ ਭਰਿਆ ਹੱਥ ਉਹਨਾਂ ਦੇ ਸਿਰ ਉਪਰ ਸਦਾ ਰਹਿੰਦਾ

Sri Satguru Jagjit Singh Ji Elibrary NamdhariElibrary@gmail.com

ਹੈ। ਮੇਰੀ ਮਨੋਕਾਮਨਾ ਤੇ ਸਗੁਿਰੂ ਜੀ ਦੇ ਰਚਨਾਂ ਵਿੱਚ ਅਰਦਾਸ ਹੈ ਕਿ ਸ੍ਰੀ ਅਨਜਾਣ ਜੀ ਆਪਣੀ ਮਿੱਠੀ ਤੇ ਸਿੱਖਿਆਦਾਇਕ ਮਨੋਰੰਜਨਕ ਵਾਰਤਕ ਰਾਹੀਂ ਅਗੇਰੇ ਕਦਮ ਪੁਟਦੇ ਰਹਿਣ ਅਤੇ ਇਹਨਾਂ ਦੀ ਗਦਰਚਨਾ ਅਧੁਨਿਕ ਕਾਲ ਦੇ ਪਦਾਰਥਵਾਦੀ ਤੇ ਵਿਸ਼ਵਮੰਡੀ ਦੇ ਖਪਤਕਾਰ ਸਮਾਜ ਵਿੱਚ ਸਹਿਜ ਸ਼ਾਂਤੀ ਤੇ ਮਨੁੱਖਤਾ ਦੇ ਨਵੇਂ ਅਧਿਆਤਮਕ ਤੇ ਸੰਸਾਰਕ ਮੰਡਲਾਂ ਨੂੰ ਆਪਣੇ ਗਿਆਨ ਦਾ ਚਾਨਣ ਵੰਡਦੀ ਰਹੇ।

ਮਿੱਤੀ 19-12-2010

(ਪ੍ਰੋ.) ਕਿਰਪਾਲ ਸਿੰਘ ਕਸੇਲ
ਪਟਿਆਲਾ

Sri Satguru Jagjit Singh Ji Elibrary NamdhariElibrary@gmail.com

ਭੂਮਿਕਾ

ਤਾਰਾ ਸਿੰਘ 'ਅਨਜਾਣ' ਹੁਣ ਤਕ ਚਾਰ ਨਿਬੰਧ ਸੰਗ੍ਰਹਿ—ਅਸਾਂ ਕੀ ਖੱਟਿਆ, ਆਪਣੇ ਰੂ-ਬਰੂ, ਅੰਧੇਰੈ ਦੀਪਕ ਬਾਲੀਐ, ਚਤੁਰ ਸਿਆਣਾ ਸੁਘੜੁ ਸੋਇ—ਪੰਜਾਬੀ ਸਾਹਿਤ ਨੂੰ ਭੇਟ ਕਰ ਚੁੱਕਾ ਹੈ। ਹਥਲਾ ਸੰਗ੍ਰਹਿ ਇਹਨਾਂ ਚੋਹਾਂ ਵਿਚੋਂ ਚੁਣੇ ਗਏ ਕੁਝ ਨਿਬੰਧ ਹਨ। ਵੈਸੇ ਤਾਂ ਚਾਰ ਨਿਬੰਧ ਸੰਗ੍ਰਹਿ ਵੀ ਇੱਕ ਵੱਡੀ ਪ੍ਰਾਪਤੀ ਹਨ ਪਰ 'ਅਨਜਾਣ' ਕੁੱਲ ਮਿਲਾ ਕੇ ਦੋ ਦਰਜਨ ਦੇ ਕਰੀਬ ਪੁਸਤਕਾਂ ਪਾਠਕਾਂ ਨੂੰ ਪੇਸ਼ ਕਰ ਚੁੱਕਾ ਹੈ। ਹੁਣ ਜੇ ਕੋਈ ਪੁੱਛੇ ਕਿ ਤਾਰਾ ਸਿੰਘ ਅਨਜਾਣ ਨੂੰ ਪੰਜਾਬੀ ਸਾਹਿਤ ਜਗਤ ਕਿੰਨਾ ਕੁ ਜਾਣਦਾ ਹੈ ਤਾਂ ਮੈਂ ਕਹਾਂਗਾ—ਇਹ ਪ੍ਰਸ਼ਨ ਮਹੱਤਵਪੂਰਨ ਨਹੀਂ। ਇਹ ਇਸ ਲਈ ਮਹੱਤਵਪੂਰਨ ਨਹੀਂ ਕਿਉਂਕਿ ਇੱਥੇ ਪਛਾਣ ਕੰਮ ਤੋਂ ਇਲਾਵਾ ਵੀ ਕਈ ਕਾਰਨਾਂ ਕਰਕੇ ਬਣਦੀ ਹੈ। ਇਹ ਕਾਰਨ ਸ਼ਾਇਦ 'ਅਨਜਾਣ' ਪੈਦਾ ਨਹੀਂ ਕਰ ਸਕਿਆ—ਉਹ ਇਹਨਾਂ ਪੈਂਤੜਿਆਂ ਤੋਂ ਅਨਜਾਣ ਹੋਵੇਗਾ। ਪੰਜਾਬੀ ਵਿਚ ਇਤਨਾ ਕੰਮ ਕਰਨ ਦੇ ਬਾਵਜੂਦ ਉਸ ਦੀ ਬਣਦੀ ਚਰਚਾ ਨਹੀਂ ਹੋਈ—ਇਹ ਗਲ ਮਾਯੂਸ ਕਰਦੀ ਹੈ। ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਦੇ ਪੜ੍ਹਨ ਪੜ੍ਹਾਉਣ ਉਤੇ ਪੈਨੀ ਨਜ਼ਰ ਰਖਣ, ਪੰਜਾਬੀ ਨੂੰ ਯੋਗ ਥਾਂ ਦਿਵਾਉਣ ਲਈ ਦੌੜ ਭੱਜ ਕਰਨ ਵਿਚ ਉਸ ਦਾ ਸਾਨੀ ਕੋਈ ਦੂਸਰਾ ਨਹੀਂ ਦਿਸਦਾ। ਇਸ ਕਰਮਯੋਗੀ ਨਾਲ ਸੰਬੰਧਿਤ ਇਹ ਸਾਰੀਆਂ ਗੱਲਾਂ, ਹੱਥਲੀ ਪੁਸਤਕ ਵਿਚਲੀ ਵਾਰਤਕ ਨੂੰ ਸਮਝਣ ਨਾਲ ਸੰਬੰਧਿਤ ਹਨ। ਤਾਰਾ ਸਿੰਘ ਅਨਜਾਣ ਦਾ ਵਿਅਕਤਿਤਵ ਜਿਹੋ ਜਿਹਾ ਬਾਹਰ ਹੈ ਉਹੋ ਜਿਹਾ ਹੀ ਉਸਦੇ ਨਿਬੰਧਾਂ ਵਿਚ ਹੈ। ਪਹਿਲੀ ਵਾਰ ਮੈਨੂੰ Style is Man ਵਰਗੇ ਕਥਨ ਦੇ ਵਿਹਾਰਕ ਤੇ ਸੰਪੂਰਨ ਅਰਥ ਸਮਝ ਆਏ ਹਨ।

ਪਹਿਲੀ ਨਜ਼ਰੇ ਦੇਖਿਆਂ ਇਸ ਪੁਸਤਕ ਦੇ ਨਿਬੰਧ ਦੋ ਕੋਟੀਆਂ ਵਿਚ ਵੰਡੇ ਜਾ ਸਕਦੇ ਹਨ। ਨੰਬਰ ਇੱਕ ਉਤੇ ਉਹ ਨਿਬੰਧ ਹਨ ਜੋ ਗੁਰਬਾਣੀ ਦੀ ਕਿਸੇ ਪੰਕਤੀ ਨੂੰ ਲੈ ਕੇ ਉਸ ਬਾਰੇ ਵਿਚਾਰ ਪ੍ਰਗਟ ਕਰਦੇ ਹਨ ਤੇ ਦੂਸਰੇ ਉਹ ਜੋ ਸਦਾਚਾਰ

Sri Satguru Jagjit Singh Ji Elibrary NamdhariElibrary@gmail.com

ਜਾਂ ਧਾਰਮਿਕਤਾ ਨਾਲ ਸਿੱਧੇ ਜੁੜੇ ਹਨ। ਪਰ ਮੈਂ ਇਹਨਾਂ ਲੇਖਾਂ ਨੂੰ ਕੋਟੀਆਂ ਵਿਚ ਨਹੀਂ ਵੰਡਣਾ ਚਾਹੁੰਦਾ ਭਾਵ ਕੁਝ ਕੁ ਉਹ ਨਿਬੰਧ ਵੀ ਜੋ ਗੁਰਬਾਣੀ ਦੀ ਕਿਸੇ ਪੰਕਤੀ ਨੂੰ ਕੇਂਦਰ ਵਿਚ ਰਖੇ ਬਗ਼ੈਰ ਲਿਖੇ ਗਏ ਹਨ ਉਹਨਾਂ ਦੀ ਵੀ ਮੇਰੀ ਜਾਚੇ ਕੋਈ ਵੱਖਰੀ ਕੋਟੀ ਨਹੀ ਬਣਦੀ। ਉਹ ਵੀ ਆਪਣੀ ਮੰਜ਼ਿਲ ਦੇ ਆਖ਼ਰੀ ਪੜਾਅ ਤੇ ਬਾਕੀ ਨਿਬੰਧਾਂ ਨਾਲ ਆ ਮਿਲਦੇ ਹਨ। ਸਾਡਾ ਭਾਵ ਉਹਨਾਂ ਬਹੁ-ਗਿਣਤੀ ਨਿਬੰਧਾਂ ਤੋਂ ਹੈ ਜਿਹੜੇ ਗੁਰਬਾਣੀ ਵਿਚਾਰ ਨਾਲ ਸੰਬੰਧਿਤ ਹਨ। ਵਿਸ਼ੇ, ਵਿਚਾਰ, ਸ਼ੈਲੀ ਤੇ ਭਾਸ਼ਾ ਦੇ ਪੱਖੋਂ ਇਹ ਅਜਿਹੇ ਸਰੋਵਰ ਵਾਂਗ ਹਨ ਜਿਸ ਵਿਚੋਂ ਜਿਥੋਂ ਵੀ ਚੂਲੀ ਭਰੋ ਉਹੀ ਜਲ ਪ੍ਰਾਪਤ ਹੁੰਦਾ ਹੈ। ਅਸੀ ਜਾਣ ਜਾਂਦੇ ਹਾਂ ਕਿ ਅਨਜਾਣ ਦੀ ਵਾਰਤਕ ਗੁਰਬਾਣੀ ਵਿਚਾਰ ਪੇਸ਼ ਕਰਦੀ ਹੈ। ਸਵਾਲ ਹੈ ਕਿਵੇਂ ? ਜਵਾਬ ਹੈ ਜੀਵਨ ਨਾਲ ਜੋੜ ਕੇ। ਇਹ ਕੇਂਦਰੀ ਖ਼ੂਬੀ ਹੈ ਇਸ ਵਿਚਾਰ ਵਿਆਖਿਆ ਦੀ। ਗੁਰਬਾਣੀ ਵਿਚਾਰ ਸਿੱਖ ਜਗਤ ਵਿਚ ਮਿਲਦਾ ਹੀ ਹੈ। ਸਾਡੇ ਪਾਸ ਡੂੰਘੀਆਂ ਵਿਚਾਰਾਂ ਕਰਨ ਵਾਲੇ ਵਿਦਵਾਨ ਵੀ ਹਨ। ਪਰ ਬਹੁਤੀ ਵਾਰੀ ਇਹ ਵਿਚਾਰਾਂ ਆਮ ਸਰੋਤੇ ਦੀ ਪਕੜ ਤੋਂ ਪਰ੍ਹਾਂ ਚਲੀਆਂ ਜਾਂਦੀਆਂ ਹਨ ਕਿਉਂਕਿ ਉਹ ਵਿਹਾਰਕਤਾ, ਜੀਵਨ ਦੀ ਕਾਰਗੁਜ਼ਾਰੀ ਤੋਂ ਪਾਸਾ ਵੱਟ ਲੈਂਦੀਆਂ ਹਨ। 'ਅਨਜਾਣ' ਦੇ ਨਿਬੰਧਾਂ ਵਿਚਲੀ ਵਿਚਾਰ ਗੁਰਬਾਣੀ ਨੂੰ ਜੀਵਨ ਤੋਂ ਬਾਹਰ ਦੇ ਕਿਸੇ ਜਗਤ ਨਾਲ ਜੋੜ ਕੇ ਪਠਾਕ ਨੂੰ ਅਣਕਿਆਸੇ ਵਿਸ਼ਵਾਸ ਨਾਲ ਨਹੀ ਜੋੜਦੀ। ਵਿਸ਼ਵਾਸ ਨਾਲ ਤਾਂ ਜੋੜਦੀ ਹੈ ਪਰ ਧਰਤੀ ਦੀ ਪਕੜ ਤੋਂ ਪਰ੍ਹਾਂ ਲੈ ਕੇ ਨਹੀ ਜਾਂਦੀ। ਗੁਰਬਾਣੀ ਨੂੰ ਜੀਵਨ ਵਿਚ ਰਚਿਆ ਹੋਇਆ ਪ੍ਰਗਟ ਕਰਦੀ ਹੈ। ਇਹਨਾਂ ਲਿਖਤਾਂ ਵਿਚਲਾ ਜੀਵਨ ਵੀ ਸਹਿਜ ਹੈ ਤੇ ਗੁਰਬਾਣੀ ਵੀ।

ਮੈਂ ਸਹਿਵਨ ਹੀ ਪੁਸਤਕ ਦਾ ਖਰੜਾ ਖੋਲ੍ਹਿਆ ਹੈ ਤੇ ਕੁਝ ਪੰਕਤੀਆਂ ਨੋਟ ਕਰ ਰਿਹਾ ਹਾਂ :

> "ਮਨੁੱਖ ਦਾ ਸੁਭਾਅ ਹੈ ਜੋ ਕੁਝ ਪ੍ਰਾਪਤ ਹੁੰਦਾ ਹੈ, ਤਾਂ ਉਸਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਏ ਪਰ ਜੇ ਕਿਤੇ ਉਸ ਨੂੰ ਮਾਰ ਪੈਂਦੀ ਹੈ, ਉਸ ਨੂੰ ਨੁਕਸਾਨ ਹੁੰਦਾ ਹੈ ਤਾਂ ਉਹ ਉਸ ਨੂੰ ਆਪਣੇ ਹੱਕ ਵਿਚ ਸਾਬਤ ਕਰਨ ਬਾਰੇ ਦਲੀਲਾਂ ਘੜ ਲੈਂਦਾ ਹੈ। ਬੁੱਧੀ ਨੂੰ ਆਪਣੀ ਹਉਮੈ ਨੂੰ ਪੱਠੇ ਪਾਉਣ ਵਾਸਤੇ ਵਰਤਦਾ ਹੈ ਅਤੇ ਦੁਖੀ ਹੁੰਦਾ ਹੈ। ਸਤਿਗੁਰੂ ਜੀ ਨੇ ਪੱਟੀ ਵਿਚ ਸਾਫ ਲਿਖਿਆ ਹੈ :
>
> ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
> ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

ਸਰਲ ਸਪਸ਼ਟ ਬਾਣੀ ਨੂੰ ਸਰਲ ਸਪਸ਼ਟ ਰੂਪ ਵਿਚ ਵਿਚਾਰਨਾ ਆਮ ਪਾਠਕ

Sri Satguru Jagjit Singh Ji Elibrary NamdhariElibrary@gmail.com

ਦੀ ਭਾਸ਼ਾ, ਵਿਚਾਰ ਸ਼ਕਤੀ ਤਕ ਪਹੁੰਚਣਾ ਇਹਨਾਂ ਨਿਬੰਧਾਂ ਦਾ ਕੇਂਦਰੀ ਗੁਣ ਹੈ।

'ਅਨਜਾਣ ਦੀ ਵਾਰਤਕ ਦੇ ਵਾਕ ਵੀ ਸਹਿਜ ਹਨ ਤੇ ਸ਼ਬਦਾਵਲੀ ਵੀ। ਉਹ ਸ਼ਬਦਾਂ ਨੂੰ ਉਚੇਚ ਨਾਲ ਨਹੀਂ ਚੁਣਦਾ ਤੇ ਇਵੇਂ ਹੀ ਉਹ ਵਾਕ ਰਚਣ ਵੇਲੇ ਬਹੁਤਾ ਜ਼ੋਰ ਨਹੀ ਲਾਉਂਦਾ। ਇਹ ਸਹਿਜ, ਬੋਲਚਾਲ ਦੀ ਸਥਿਤੀ ਵਰਗੀ ਹੁੰਦੀ ਹੈ। ਅਜਿਹਾ ਤਾਂ ਹੀ ਹੋ ਸਕਦਾ ਹੈ ਜੇ ਤੁਹਾਡੇ ਵਿਚਾਰ ਤੁਹਾਡੇ ਅੰਦਰ ਰਚੇ-ਮਿਚੇ ਹੋਣ। ਹਮਾਰਾ ਧੜਾ ਲੇਖ ਦੇ ਪ੍ਰਾਰੰਭ ਵਿਚ ਉਹ ਕਹਿੰਦਾ ਹੈ:

"ਪੰਜਾਬੀ ਦਾ ਅਖਾਣ ਹੈ, ਧਰਮ ਨਾਲੋਂ ਬੜਾ ਪਿਆਰਾ ਹੁੰਦਾ ਹੈ। ਮਨੁੱਖ ਜਦੋਂ ਧੜੇਬੰਦੀ ਵਿਚ ਪੈ ਜਾਂਦਾ ਹੈ ਤਾਂ ਸੱਚ-ਝੂਠ, ਚੰਗਾ-ਮੰਦਾ, ਬੁਰਾ-ਭਲਾ ਕੁਝ ਨਹੀਂ ਸੋਚਦਾ। ਬਸ! ਜਿਹੜੀ ਉਸਦੇ ਧੜੇ ਦੀ ਗਲ ਹੋਵੇ ਓਸੇ ਨੂੰ ਠੀਕ ਮੰਨ ਕੇ ਅਮਲ ਕਰਦਾ ਹੈ।"

ਇਹ ਲੇਖ ਫਿਰ ਜੀਵਨ ਵਿਚੋਂ ਮਹਾਭਾਰਤ ਵਿਚੋਂ ਰਮਾਇਣ ਵਿਚੋਂ ਉਦਾਹਰਨਾਂ ਦੇ ਕੇ ਧੜੇਬੰਦੀ ਦੇ ਨਾਂਹ ਮੁਖੀ ਪਹਿਲੂ ਉਜਾਗਰ ਕਰਦਾ ਹੈ। ਇਸ ਪਿਛੋਂ ਤੁਰੰਤ ਇਹ ਗੁਰਬਾਣੀ ਵਲ ਪਰਤਦਾ ਹੈ ਤੇ ਧੜੇ ਦੇ ਮੁਖ ਪਾਸਾਰ ਨੂੰ ਪੇਸ਼ ਕਰਦਾ ਹੈ:

ਹਮਾਰਾ ਧੜਾ ਹਰਿ ਰਹਿਆ ਸਮਾਈ।
ਹਮ ਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ।

ਅਸੀ ਉਪਰ ਇਸ ਵਾਰਤਕ ਨੂੰ ਸਹਿਜ ਕਿਹਾ ਸੀ। ਇਸ ਤੋਂ ਭਾਵ ਇਹ ਕਿਤੇ ਨਹੀਂ ਕਿ ਇਹ ਵਾਰਤਕ ਕਿਸੇ ਵਿਸ਼ੇ ਬਾਰੇ ਹਲਕਾ ਫੁਲਕਾ ਜਿਹਾ ਬੋਲਦੀ ਮਾਤਰ ਹੈ। ਤਾਰਾ ਸਿੰਘ ਅਨਜਾਣ ਦੀ ਵਾਰਤਕ ਸਹਿਜ ਜ਼ਰੂਰ ਹੈ ਪਰ ਸੁਨਿਯੋਜਿਤ ਹੈ। ਹਰ ਨਿਬੰਧ ਬਾਕਾਇਦਾ ਆਦਿ-ਮੱਧ ਤੇ ਅੰਤ ਦੀ ਯੋਜਨਾ ਬਣਾ ਕੇ ਚਲਦਾ ਹੈ। ਹਰ ਨਿਬੰਧ ਪਾਸ ਨਿਸ਼ਾਨਾ ਹੈ ਤੇ ਉਸ ਨਿਸ਼ਾਨੇ ਵਲ ਚਲਣ ਦੀ ਦਿਸ਼ਾ ਹੈ। ਉਪਰ ਵਾਲਾ ਉਦਾਹਰਨ ਦੀ ਦੇਖੀਏ ਤਾਂ ਗੱਲ ਆਮ ਜ਼ਿੰਦਗੀ ਦੇ ਵਰਤਾਉ ਤੋਂ ਸ਼ੁਰੂ ਹੋ ਕੇ ਪਾਠਕ ਨੂੰ ਧੜੇਬੰਦੀ ਦੇ ਗੰਭੀਰ ਨਤੀਜਿਆਂ ਨਾਲ ਜੋੜਦੀ ਹੋਈ ਗੁਰਬਾਣੀ ਦੇ ਅਧਿਆਤਮਕ ਜਗਤ ਤਕ ਲੈ ਆਉਂਦੀ ਹੈ। ਜਿਥੇ ਧੜੇ ਦੇ ਅਰਥ ਉਲਟ ਜਾਂਦੇ ਹਨ ਤੇ ਉਸ ਵਿਚੋਂ ਮੈਂ ਮੇਰੀ ਵਾਲਾ ਡੰਗ ਗ਼ਾਇਬ ਹੋ ਜਾਂਦਾ ਹੈ।

ਅਸੀ ਇਹਨਾਂ ਉਦਾਹਰਨਾਂ ਨਾਲ ਜੋ ਕਹਿਣਾ ਚਾਹੁੰਦੇ ਹਾਂ ਉਹ ਇਹੀ ਹੈ ਕਿ ਤਾਰਾ ਸਿੰਘ ਅਨਜਾਣ ਦੀ ਵਿਧੀ ਸਰਲ ਹੈ, ਵਾਕ ਸਰਲ ਹਨ, ਵਿਚਾਰ ਸਰਲ ਹਨ ਪਰ ਟੀਚਾ ਉਚੇਰਾ ਹੈ। ਉਹ ਜਿਹੜੀ ਟੀਸੀ ਤੇ ਚੜ੍ਹਨ ਬਾਰੇ ਮਿੱਥ ਕੇ ਤੁਰਦਾ ਹੈ ਉਸਦਾ ਸਰਲਤਮ ਰਾਹ ਲਭ ਲੈਂਦਾ ਹੈ।

ਕੁਝ ਗੱਲਾਂ ਪਾਠਕ ਪ੍ਰਤੀ ਚੇਤਨਾ ਬਾਰੇ। ਅਨਜਾਣ ਆਪਣੇ ਪਾਠਕ ਨੂੰ ਤਰਕ

Sri Satguru Jagjit Singh Ji Elibrary NamdhariElibrary@gmail.com

ਦੀ ਵਿਧੀ ਰਾਹੀ ਨਾਲ ਤੋਰਦਾ ਹੈ ਤੇ ਛੇਤੀ ਹੀ ਸ਼ਰਧਾ ਤੇ ਵਿਸ਼ਵਾਸ ਦੀ ਡੋਰ ਨਾਲ ਬੰਨ੍ਹ ਲੈਂਦਾ ਹੈ। ਉਸ ਦੇ ਨਿਬੰਧਾਂ ਦਾ ਆਦਿ ਅਕਸਰ ਤਰਕ ਨਾਲ ਹੁੰਦਾ ਹੈ ਤੇ ਉਸ ਪਿਛੋਂ ਪਾਠਕ ਨੂੰ ਸਹਿਮਤ ਕਰਨ ਦੀ ਉਸਦੀ ਆਪਣੀ ਵਿਧੀ ਹੈ। ਇਹ ਵਿਧੀ ਅਤਾਰਕਿਕ ਨਹੀ ਸਗੋਂ ਤਰਕ ਤੋਂ ਵੀ ਵੱਧ ਬਲਵਾਨ ਹੇ। ਇਸ ਵਿਧੀ ਦੇ ਪਿੱਛੇ ਉਸ ਦਾ ਅਥਾਹ ਗਿਆਨ ਕੰਮ ਕਰਦਾ ਹੈ। ਅਨਜਾਣ ਪਾਸ ਗੁਰਬਾਣੀ ਦਾ ਤਾਂ ਅਥਾਹ ਬੋਧ ਹੈ ਹੀ ਗੁਰਬਾਣੀ ਤੋਂ ਇਲਾਵਾ ਵੀ ਸਿੱਖ ਰਹਿਤਲ ਨਾਲ ਸੰਬੰਧਿਤ ਬਹੁਤ ਸਾਰੇ ਗ੍ਰੰਥ ਉਸ ਨੂੰ ਸਹਿਜ ਹਨ। ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਭਗਤ ਰਤਨਾਵਲੀ, ਗਿਆਨੀ ਗਿਆਨ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਉਸ ਦੇ 'ਅੰਗ-ਸੰਗ ਪ੍ਰਤੀਤ ਹੁੰਦੇ ਹਨ। ਇਹੋ ਗ੍ਰੰਥ ਨਹੀ ਉਸ ਦੇ ਕਥਨ ਬਾਈਬਲ, ਉਪਨਿਸ਼ਦਾਂ ਦੇ ਭੰਡਾਰੇ ਨਾਲ ਉਹ ਪੰਜਾਬੀ ਜਨ-ਜੀਵਨ ਦੇ ਸਾਧਾਰਨ ਮੁਹਾਵਰੇ ਵਿਚ ਗੱਲ ਕਹਿੰਦਾ ਹੈ ਇਸੇ ਲਈ ਅਸੀ ਉਸ ਦੇ ਲੇਖਾਂ ਨੂੰ ਜੀਵਨ ਨਾਲ ਜੁੜੇ ਹੋਏ ਕਹਿੰਦੇ ਹਾਂ। 'ਅਜੁ ਫਰੀਦੈ ਕੂਜੜਾ ਸੈ ਕੋਹਾਂ' ਵਿਚ ਉਸਦਾ ਮੁਹਾਵਰਾ ਦੇਖੋ :

> 'ਪਰ ਅੱਜ ਜਦੋਂ ਮੰਜੀ ਉਤੇ ਪਾਸਾ ਪਰਤਣ ਲੱਗਿਆਂ ਹਾਏ ਨਿਕਲੇ, ਅੱਜ ਜਦੋਂ ਬੈਠਿਆਂ ਉਠਣ ਲੱਗਿਆਂ ਜ਼ਮੀਨ 'ਤੇ ਹੱਥ ਰੱਖਿਆਂ ਵੀ ਕਸੀਸ ਵੱਟਣੀ ਪੈ ਜਾਏ, ਅੱਜ ਜਦੋਂ ਗੋਡੇ ਸਿੱਧੇ ਤੇ ਕਾਹਲਾ ਨਾ ਤੁਰ ਸਕਣ, ਅੱਜ ਜਦੋਂ ਨਾ ਲੂਣ ਹਜ਼ਮ ਹੋਵੇ, ਨਾ ਮਿੱਠਾ, ਨਾ ਥਿੰਦਾ ਤਾਂ ਆਪਣੇ ਆਪ 'ਤੇ ਵੀ ਇਤਬਾਰ ਨਹੀਂ ਹੁੰਦਾ ਕਿ ਇਹ ਮੈਂ ਹੀ ਹਾਂ?"

ਮੈਂ ਇਹਨਾਂ ਪ੍ਰਗਟਾਵਿਆਂ ਨੂੰ ਪੰਜਾਬੀ ਜੀਵਨ ਨਾਲ ਜੁੜੇ ਤਾਂ ਦੇਖਦਾ ਹੀ ਹਾਂ, ਮੈਂ ਇਸ ਸ਼ੈਲੀ ਵਿਚ ਬੇਲਾਗ ਬੇਬਾਕ ਪ੍ਰੋ. ਪੂਰਨ ਸਿੰਘ ਦੀ ਵਾਰਤਕ ਦਾ ਝਾਉਲਾ ਵੀ ਦੇਖਦਾ ਹਾਂ। ਇਥੇ ਤੁਲਨਾ ਜਾਂ ਮੁਕਾਬਲਾ ਕਰਨਾ ਮਹੱਤਵਪੂਰਨ ਨਹੀ ਹੈ—ਮਹੱਤਵਪੂਰਨ ਹੈ ਉਹ ਮਾਨਸਿਕ ਸਤਹ ਪਹਿਚਾਨਣਾ ਜਿਥੇ ਪੁੱਜ ਕੇ ਇਹ ਵਾਰਤਕ ਰਚੀ ਜਾ ਰਹੀ ਹੈ। ਅਧਿਆਤਮਕ ਪੱਖ ਨੂੰ ਜੀਵਨ ਨਾਲ ਜੋੜ ਕੇ ਰੋਚਕਤਾ ਸਹਿਤ ਪੇਸ਼ ਕਰਨ ਦਾ ਹੋਰ ਪ੍ਰਪੱਕ ਉਦਾਹਰਨ ਕੀ ਹੋਵੇ?

'ਅਨਜਾਣ' ਦੀ ਵਾਰਤਕ ਮੁੱਖ ਰੂਪ ਵਿਚ ਗੁਰਬਾਣੀ ਵਿਚਾਰ ਨਾਲ ਜੁੜੀ ਹੋਈ ਹੈ। ਅਨੇਕ ਗੁਰਬਾਣੀ ਦੇ ਪਵਿੱਤਰ ਕਥਨ ਉਸ ਦੇ ਨਿਬੰਧਾਂ ਵਿਚ ਵਿਚਾਰੇ ਗਏ ਹਨ। ਹਰੇਕ ਕਥਨ, ਤਰਕ, ਦਲੀਲ ਤੇ ਹੋਰ ਕਥਨਾਂ ਨਾਲ ਪ੍ਰਪੱਕ ਕਰਕੇ ਵਿਚਾਰਿਆ ਗਿਆ ਹੈ। ਅਜਿਹਾ ਕੇਵਲ ਨਿਬੰਧ ਲਿਖਣ ਮਾਤਰ ਨਹੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਕੋਈ ਆਪਣੀ ਲਿੱਖਤ ਵਿਚ ਭਰਪੂਰ ਵਿਸ਼ਵਾਸ ਵੀ ਰਖਦਾ

Sri Satguru Jagjit Singh Ji Elibrary NamdhariElibrary@gmail.com

ਹੋਵੇ। ਦੋ-ਚਾਰ-ਦਸ ਨਿਬੰਧ ਉਸਾਰੇ ਜਾ ਸਕਦੇ ਹਨ। ਸੈਂਕੜੇ ਨਿਬੰਧ ਕੇਵਲ ਰਵਾਨੀ ਨਾਲ ਹੀ ਉਗਮ ਸਕਦੇ ਹਨ। ਤਾਰਾ ਸਿੰਘ ਅਨਜਾਣ ਦੀ ਵਾਰਤਕ ਉਸਰਿਆ ਹੋਇਆ ਸਵੀਮਿੰਗ ਪੂਲ ਨਹੀ ਉਗਮਿਆ ਹੋਇਆ ਚਸ਼ਮਾ ਹੈ। ਇਹ ਪ੍ਰਵਾਹ ਵਿਅਕਤਿਤਵ ਵਿਚ ਸਮਾਏ ਹੋਣ ਤੋਂ ਬਿਨਾ ਵਗ ਨਹੀ ਸਕਦਾ। ਅਸੀ ਭੂਮਿਕਾ ਦੇ ਪ੍ਰਾਰੰਭ ਵਿਚ ਇਸੇ ਲਈ ਇਸ ਵਾਰਤਕ ਨੂੰ ਵਿਅਕਤਿਤਵ ਦਾ ਹਿੱਸਾ ਕਿਹਾ ਸੀ।

'ਅਨਜਾਣ' ਦੀ ਵਾਰਤਕ ਪੂਰਨ ਵਿਸ਼ਵਾਸ ਦੀ ਵਾਰਤਕ ਹੈ। ਉਹ ਥਿੜਕ ਜਾਣ ਵਾਲਾ ਕੱਚਾ ਪਿੱਲਾ ਅਨੁਯਾਈ ਨਹੀਂ। ਜਿਵੇਂ ਉਸ ਨੂੰ ਗੁਰਬਾਣੀ ਦੇ ਧਰਮ ਸੱਤ ਹੋਣ ਵਿਚ ਵਿਸ਼ਵਾਸ ਹੈ। ਉਵੇਂ ਹੀ ਉਸ ਨੂੰ ਸ਼ਾਕਾਹਾਰੀ ਭੋਜਨ ਅਤੇ ਦੇਹਧਾਰੀ ਗੁਰੂ ਦੀ ਲੋੜ ਵਿਚ ਪੂਰਨ ਵਿਸ਼ਵਾਸ ਹੈ। ਇਹਨਾਂ ਵਿਸ਼ਿਆਂ ਨਾਲ ਸੰਬੰਧਿਤ ਨਿਬੰਧਾਂ ਵਿਚ ਵੀ ਉਹ ਤਰਕ, ਦਲੀਲ, ਉਦਾਹਰਨਾਂ, ਕਥਨਾਂ ਨਾਲ ਲੈਸ ਹੋ ਕੇ ਪ੍ਰਵੇਸ਼ ਕਰਦਾ ਹੈ। ਉਹ ਕਦਮ ਕਦਮ ਅਗੇ ਵੱਧਦਾ ਹੈ ਤੇ ਆਪਣੀ ਟੀਸੀ 'ਤੇ ਪੁੱਜਣ ਦਾ ਜਤਨ ਕਰਦਾ ਹੈ।

ਵਿਸ਼ਵਾਸ ਦੀ ਵਾਰਤਕ ਦੀ ਇੱਕ ਖੂਬੀ ਇਹ ਹੁੰਦੀ ਹੈ ਕਿ ਉਸ ਵਿਚ ਲਿਖੇ ਲੇਖਾਂ ਦੇ ਅੰਤ ਤੋਂ ਬਾਅਦ ਹੋਰ ਸੱਤ ਸਮਾਪਤ ਹੋ ਜਾਂਦੇ ਹਨ। ਵੱਖਰੀ ਦਿਸ਼ਾ ਵਿਚ ਗਤੀ ਦੀ ਗੁੰਜਾਇਸ਼ ਨਹੀ ਹੁੰਦੀ। ਇਹ ਨਿਬੰਧ ਆਪਣੇ ਅੰਤ ਉਤੇ ਵਿਚਾਰਕ ਤੌਰ ਤੇ ਬੰਦ ਹੋ ਜਾਂਦੇ ਹਨ। ਮੇਰਾ ਭਾਵ Close ended essays। ਇਹਨਾਂ ਦਾ ਵਿਸ਼ਾ ਹੀ ਅਜਿਹਾ ਹੁੰਦਾ ਹੈ ਕਿ ਇਹ open ended ਨਹੀਂ ਹੋ ਸਕਦੇ। ਇਹ ਅਨੇਕ ਦਿਸ਼ਾਵੀ ਨਹੀਂ ਹੋ ਸਕਦੇ। ਇਹ ਇਕਾਗਰ ਚਿੱਤ ਚਿੰਤਨ ਹੈ। ਗੁਰਬਾਣੀ, ਜਿਸ ਦਾ ਜ਼ਿਕਰ, ਜਿਸ ਦਾ ਆਧਾਰ ਇਹ ਲੇਖ ਲੈਂਦੇ ਹਨ ਉਹ ਵੀ ਇਕਾਗਰ ਚਿੱਤ ਹੈ। ਇਕਾਗਰਚਿੱਤਤਾ ਦਾ ਅਧਿਆਤਮ ਵਿਚ ਬੜਾ ਉੱਚਾ ਸਥਾਨ ਹੈ—ਇਕ ਮਨ ਹੋਇ ਇਕ ਚਿਤ। ਸਾਡਾ ਭਾਵ ਇਹਨਾਂ ਦੋਹਾਂ ਨੂੰ ਸਮ ਕਰਕੇ ਦੇਖਣਾ ਨਹੀਂ। ਗੁਰਬਾਣੀ ਸਿਰਜਣਾ ਦੀ ਇਕਾਗਰਤਾ ਹੈ ਜਿਸ ਦਾ ਆਧਾਰ ਬ੍ਰਹਮ ਹੈ। ਇਸ ਦੀ ਇਕਾਗਰਤਾ ਤਰਕ ਨਾਲ ਸਥਾਪਿਤ ਨਹੀ ਕੀਤੀ ਗਈ। ਇਹਨਾਂ ਨਿਬੰਧਾਂ ਵਿਚ ਚਿੰਤਕ ਦੀ ਇਕਾਗਰਤਾ ਹੈ। ਜਿਸਦਾ ਆਧਾਰ ਵਿਸ਼ਵਾਸ਼ ਤੇ ਸ਼ਰਧਾ ਹੈ। ਸ਼ਰਧਾ ਵਿਅਕਤੀਗਤ ਹੋ ਸਕਦੀ ਹੈ ਤੇ ਇਸ ਉਤੇਂ ਕਿੰਤੂ ਪ੍ਰੰਤੂ ਹੋ ਸਕਦੇ ਹਨ ਪਰ ਇਹ ਪੂਰਨ ਵਿਸ਼ਵਾਸ ਨਾਲ ਉਗਮੀ ਹੋਈ ਸ਼ਰਧਾ ਦਾ ਉਚਾਰ ਹੈ।

'ਅਨਜਾਣ' ਦੇ ਨਿਬੰਧ ਸਮੁੱਚੇ ਸਭਿਆਚਾਰਕ ਪ੍ਰਸੰਗ ਵਿਚੋਂ ਉਗਮੇ ਹਨ। ਉਹ ਜਿਨ੍ਹਾਂ ਤੁਕਾਂ ਦਾ ਜ਼ਿਕਰ ਨਹੀ ਵੀ ਕਰਦਾ। ਉਹ ਤੁਕਾਂ ਵੀ ਉਸਦੀ ਲਿੱਖਤ ਵਿਚੋਂ ਗੂੰਜ ਪੈਦਾ ਕਰਦੀਆਂ ਹਨ। ਇਹ ਉਸਦੀ ਸ਼ਬਦ ਚੋਣ ਤੇ ਵਾਕ ਬਣਤਰ ਵਿਚੋਂ ਪੈਦਾ ਹੋਈ ਖ਼ੂਬੀ ਹੈ। ਸਭ ਤੋਂ ਵੱਡੀ ਗੱਲ ਉਹ ਆਪਣੇ ਨਿਬੰਧਾਂ ਵਿਚ ਭਰਪੂਰ

Sri Satguru Jagjit Singh Ji Elibrary NamdhariElibrary@gmail.com

ਜਾਣਕਾਰੀ ਵੀ ਦਿੰਦਾ ਹੈ। ਪੰਜਾਬੀ ਸਾਹਿਤ ਵਾਰਤਕ ਦੀ ਘਾਟ ਮਹਿਸੂਸ ਕਰ ਰਿਹਾ ਹੈ। ਇਸ ਬਿੰਦੂ ਤੇ ਸਾਨੂੰ ਅਨਜਾਣ ਵਰਗੇ ਵਾਰਤਕਾਰ ਦਾ ਸੁਆਗਤ ਕਰਨਾ ਚਾਹੀਦਾ ਹੈ ਤੇ ਸਾਡੀਆਂ ਸੰਸਥਾਵਾਂ ਨੂੰ ਵਿਰਾਟ ਪ੍ਰਪੰਚ ਵਿਚ ਸੋਚਣਾ ਚਾਹੀਦਾ ਹੈ। ਸੰਕੀਰਣਤਾ ਨੇ ਸਾਨੂੰ ਕਿਤਨੀ ਢਾਅ ਲਾਈ ਹੈ ਅਸੀ ਕੋਈ ਅਨਜਾਣ ਤਾਂ ਨਹੀ!

ਨਵਾਂ ਸਾਲ-2011

ਡਾ. ਨਰਿੰਦਰ ਸਿੰਘ
ਐਸੋਸੀਏਟ ਪ੍ਰੋਫੈਸਰ
ਦੇਸ ਬੰਧੂ ਕਾਲਜ (ਈਵਨਿੰਗ)
ਕਾਲਕਾ ਜੀ, ਨਵੀ ਦਿੱਲੀ-19
ਮੋਬਾਇਲ : 9213503227

Sri Satguru Jagjit SIngh Ji Elibrary NamdhariElibrary@gmail.com

ਆਪਣੇ ਰੂ-ਬਰੂ

ਆਪਣੇ ਰੂ-ਬਰੂ ਹੋਣਾ ਬੜਾ ਸੌਖਾ ਲਗਦਾ ਹੈ। ਆਪਣੇ ਰੂ-ਬਰੂ ਹੋਣ ਲਈ ਕੋਈ ਇਤਿਹਾਸ ਯਾਦ ਰੱਖਣ ਦੀ ਲੋੜ ਨਹੀਂ, ਨਾ ਹੀ ਕੋਈ ਗਿਆਨ ਦੀ ਗੱਲ ਪੜ੍ਹ ਕੇ ਉਸ ਦਾ ਚੇਤਾ ਕਰਨ ਦੀ ਲੋੜ ਹੈ। ਬੀਤਿਆ ਜ਼ਿੰਦਗੀ ਦਾ ਆਪਣਾ ਸਮਾਂ ਆਪ ਹੀ ਤਾਂ ਜੀਵਿਆ ਹੈ, ਕਿਸੇ ਨੂੰ ਆਪਣੇ ਬਾਰੇ ਕੁਝ ਭੁਲਿਆ ਹੋਇਆ ਥੋੜ੍ਹਾ ਹੁੰਦਾ ਹੈ। ਸੋ ਆਪਣੇ ਰੂ-ਬਰੂ ਹੋਣ ਲਈ ਆਪਣੇ ਆਪ ਦੀ ਟੇਪ ਨੂੰ ਰੀਵਾਇੰਡ ਕਰਕੇ ਦੁਬਾਰਾ ਵੇਖਣਾ, ਸੁਣਨਾ ਤੇ ਆਪਣੇ ਆਪ ਨਾਲ ਸਾਂਝਾ ਕਰਨਾ ਹੁੰਦਾ ਹੈ। ਪਰ ਕੀ ਆਪਣੇ ਰੂ-ਬਰੂ ਹੋਣਾ ਏਨਾ ਸੌਖਾ ਹੈ?

ਆਪਣੇ ਰੂ-ਬਰੂ ਹੋਣਾ ਬੜਾ ਔਖਾ ਹੈ ਕਿਉਂਕਿ ਜ਼ਿੰਦਗੀ ਦੇ ਕੁਝ ਕੌੜੇ ਸੱਚ ਹੁੰਦੇ ਹਨ ਜਿਨ੍ਹਾਂ ਦੇ ਰੂ-ਬਰੂ ਹੁੰਦਿਆਂ ਡਰ ਲਗਦਾ ਹੈ। ਇੰਜ ਲਗਦਾ ਹੈ ਕਿ ਉਹਨਾਂ ਬਾਰੇ ਚੇਤੇ ਕਰਕੇ ਕੋਈ ਆਪ ਹੀ ਬਾਬੇ ਆਦਮ ਤੇ ਹਵਾ ਦੇ ਮੁਢਲੇ ਬਾਣੇ ਵਿੱਚ ਆ ਗਿਆ ਹੋਵੇ। ਜ਼ਿੰਦਗੀ ਵਿੱਚ ਬਹੁਤ ਕੁਝ ਕੌੜਾ ਕਸੈਲਾ ਵਾਪਰਿਆ ਹੁੰਦਾ ਹੈ। ਜਿਸ ਨੂੰ ਯਾਦ ਕਰਕੇ ਕੋਈ ਆਪਣੇ ਮੂੰਹ ਦਾ ਸੁਆਦ ਖ਼ਰਾਬ ਨਹੀਂ ਕਰਨਾ ਚਾਹੁੰਦਾ। ਇਹ ਵਖਰੀ ਗੱਲ ਹੈ ਕਿ ਮਹਾਤਮਾ ਗਾਂਧੀ ਵਰਗਾ ਮਹਾਨ ਵਿਅਕਤੀ ਸਵੈ-ਜੀਵਨੀ ਲਿਖਣ ਸਮੇਂ ਕੌੜੇ ਸੱਚ ਨੂੰ ਪੇਸ਼ ਕਰਨ ਲੱਗਾ ਆਪਣਾ ਵੀ ਲਿਹਾਜ ਨਹੀਂ ਕਰਦਾ।

ਬੰਦਾ ਜੇ ਆਪਣੇ ਰੂ-ਬਰੂ ਹੋਣ ਲਗਿਆਂ ਆਪਣੇ ਆਪ ਨੂੰ ਵਿੱਥ ਤੇ ਰਖ ਲਵੇ ਤਾਂ ਉਹ ਆਪਣਾ ਸਹੀ ਮੁਲਾਂਕਣ ਕਰ ਸਕਦਾ ਹੈ। ਉਹ ਆਪਣੇ ਹੀ ਜੀਵਨ-ਇਤਿਹਾਸ ਤੋਂ ਸਿੱਖ ਕੇ ਆਪਣੇ ਆਪ ਨੂੰ ਚੰਗੇਰਾ ਬਣਾ ਸਕਦਾ ਹੈ। ਉਹ ਚੰਗਾ ਵੀ ਦੂਜੇ ਨੂੰ ਚੰਗਾ ਲੱਗਣ ਲਈ ਨਹੀਂ ਬਣਾਏਗਾ ਸਗੋਂ ਆਪਣੇ ਆਪ ਸਾਮ੍ਹਣੇ ਜਵਾਬ ਦੇਹ ਹੋਣ ਲਈ ਹੀ ਇਹ ਕਦਮ ਚੁੱਕੇਗਾ।

ਬੰਦਾ ਜੇ ਵਿੱਥ ਤੇ ਖਲੋ ਕੇ ਸੋਚੇ ਕਿ ਮੈਂ ਅੱਜ ਕੀ ਚੰਗਾ ਕੰਮ ਕੀਤਾ ਹੈ ਤਾਂ ਪਹਿਲਾਂ ਤਾਂ ਸ਼ਾਇਦ ਉਹ ਚੰਗੇ ਕੰਮ ਦਾ ਨਿਖੇੜਾ ਕਰਨ ਦੀ ਥਾਂ ਆਪਣੇ ਹਰ ਕੰਮ ਨੂੰ ਚੰਗਾ ਸਮਝਣ ਲੱਗਾ ਜਾਵੇਗਾ। ਉਹ ਉਹਨਾਂ ਕੰਮਾਂ ਦੇ ਹੱਕ ਵਿੱਚ ਦਲੀਲਾਂ ਵੀ ਘੜ ਲਵੇਗਾ। ਪਰ ਇਸ ਨਾਲ ਜੇ ਲੋੜੀਂਦੀ, ਵਿਹਾਰਕ ਤਬਦੀਲੀ ਨਹੀਂ ਆਈ ਤਾਂ ਇਸ ਦਾ ਕੀ ਲਾਭ! ਦਲੀਲ ਘੜਨ ਦਾ ਮਤਲਬ ਤਾਂ ਕਈ ਵਾਰ ਚੰਗੇ ਨੂੰ ਪੇਸ਼ ਕਰਨਾ ਨਹੀਂ ਸਗੋਂ ਚੰਗੇ ਨੂੰ ਆਪਣੇ ਤਰੀਕੇ ਨਾਲ ਪ੍ਰਭਾਸ਼ਿਤ ਕਰਨਾ ਹੋਵੇਗਾ।

ਠੀਕ ਜਾਂ ਗ਼ਲਤ ਚੰਗੇ ਜਾਂ ਮਾੜੇ ਨੂੰ ਸਿੱਧ ਕਰਨ ਬਾਰੇ ਦਲੀਲਾਂ ਦੇ ਅੰਬਾਰ ਲਾ ਕੇ, ਹਰ ਰੋਜ਼ ਵਕੀਲਾਂ ਦੀ ਬਹਿਸ ਵਿੱਚ ਵੇਖਿਆ ਸੁਣਿਆ ਜਾਂਦਾ ਹੈ। ਬੜਾ

Sri Satguru Jagjit Singh Ji Elibrary NamdhariElibrary@gmail.com

ਸਪਸ਼ਟ ਹੈ ਕਿ ਕਚਹਿਰੀਆਂ ਦੀ ਲੋੜ ਨਹੀ ਹੈ ਜੇ ਕਿਸੇ ਨਾਲ ਅਨਿਆਂ ਨਾ ਹੁੰਦਾ ਹੋਵੇ। ਕੋਈ ਨਿਆਂ ਲੈਣ ਲਈ ਪਰ੍ਹੇ-ਪੰਚਾਇਤ ਜਾਂ ਕੋਰਟ-ਕਚਹਿਰੀ ਵਿਚ ਜਾਂਦਾ ਹੈ। ਪਰ ਅਨਿਆਂ ਕਰਨ ਵਾਲਾ ਭਾਵੇਂ ਉਹ ਕਾਤਲ ਹੀ ਹੋਵੇ, ਆਪਣਾ ਤਗੜਾ ਵਕੀਲ, ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਵਾਸਤੇ, ਖੜ੍ਹਾ ਕਰੇਗਾ। ਮੁਸ਼ਕਲ ਸੱਚੇ ਲਈ ਬਣ ਜਾਏਗੀ। ਉਹ ਆਪਣਾ ਸਮਾਂ, ਪੈਸਾ, ਸ਼ਕਤੀ ਖਰਚ ਤੇ, ਚੰਗਾ ਵਕੀਲ ਕਰਕੇ, ਚੰਗੇ ਗੁਆਹ ਭੁਗਤਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਸੱਚਾ ਹੈ। ਉਸ ਨੂੰ ਨਿਆਂ ਮਿਲੇ। ਝੂਠਾ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਦੀ ਪੂਰੀ ਵਾਹ ਲਾ ਦੇਂਦਾ ਹੈ ਤੇ ਕਾਮਯਾਬੀ ਲਈ ਆਸਵੰਦ ਰਹਿੰਦਾ ਹੈ।

ਝੂਠਾ ਆਪਣੇ ਰੂ-ਬਰੂ ਹੋਇਆ ਤਾਂ ਜਾਣ ਜਾਏਗਾ ਕਿ ਉਹ ਸੱਚਾ ਨਹੀ, ਪਰ ਉਹ ਆਪਣੇ ਗਿਰੀਵਾਨ ਵਿਚ ਝਾਤੀ ਨਹੀਂ ਪਾਉਣਾ ਚਾਹੁੰਦਾ। ਉਹ ਆਪਦੇ ਬਲ ਤੇ ਬੁਧੀ ਨੂੰ ਆਪਣੇ ਭਲੇ ਦੀ ਥਾਂ ਦੂਜੇ ਦੇ ਬੁਰੇ ਲਈ ਵਰਤਣ ਵਿਚ ਸ਼ਾਨ ਸਮਝਦਾ ਹੈ ਜਾਂ ਆਪਣੇ ਆਪ ਨੂੰ ਵੱਡਾ ਸਮਝਣ ਵਿੱਚ ਮਾਣ ਸਮਝਦਾ ਹੈ।

ਮਨੁੱਖ ਨੂੰ ਆਪਣੇ ਰੂ-ਬਰੂ ਹੋਣ ਤੋਂ ਰੋਕਣ ਵਾਲੀਆਂ ਸਵਾਰਥੀ, ਢਾਹੂ ਤੇ ਨਕਾਰਾਤਮਕ ਸ਼ਕਤੀਆਂ ਹਨ। ਸੁਚੇਤ ਜਾਂ ਅਚੇਤੇ ਉਹ ਉਹਨਾਂ ਸ਼ਕਤੀਆਂ ਕਰਕੇ ਅਪਾਣੇ ਆਪ ਨੂੰ ਵੱਡਾ ਸਮਝਦਾ ਹੈ। ਉਸ ਅੰਦਰ ਹਉਮੈਂ ਆ ਜਾਂਦੀ ਹੈ। ਇਹੀ ਦੀਰਘ ਰੋਗ ਹੈ। ਭਾਵੇਂ ਇਸ ਅੰਦਰ ਦਾਰੂ ਵੀ ਹੈ ਪਰ ਉਹ ਤਾਂ ਹੀ ਪ੍ਰਾਪਤ ਹੋਵੇਗਾ ਜੇ ਆਪਣੇ ਤੋਂ ਵਿੱਥ ਤੇ ਖਲੋ ਕੇ ਕੁਝ ਸੋਚਿਆ ਜਾਏਗਾ। ਪਰ ਜੇ ਹਰ ਥਾਂ ਆਪਣੇ ਆਪ ਨੂੰ ਹੀ ਸਹੀ ਸਮਝਿਆ ਜਾਏ ਤਾਂ ਸੰਤੁਲਿਤ ਸਿੱਟਾ ਨਹੀ ਨਿਕਲੇਗਾ। ਇੱਕ ਐਸੇ ਵਿਅਕਤੀ ਦਾ ਧਿਆਨ ਆਉਂਦਾ ਹੈ ਜਿਸ ਨੂੰ ਉਸ ਦੇ ਕਿਰਤੀ ਪਿਤਾ ਨੇ, ਹੱਥ ਤੰਗ ਹੋਣ ਦੇ ਬਾਵਜੂਦ ਪੜ੍ਹਾ ਲਿਖਾ ਕੇ ਚੰਗੀ ਸਰਕਾਰੀ ਨੌਕਰੀ ਜੋਗਾ ਕੀਤਾ। ਉਸ ਦਾ ਵਿਆਹ ਕੀਤਾ ਤੇ ਘਰ-ਬਾਰ ਬਣਾਇਆ। ਪਰ ਉਸ ਨੂੰ ਆਪਣੇ ਮਾਤਾ ਪਿਤਾ ਦੇ ਹੀ ਨੁਕਸ ਦਿੱਸਣ ਲੱਗ ਪਏ। ਉਹ ਬੋਲ ਕੇ ਜਾਂ ਲਿਖ ਕੇ ਬੇਲੋੜਾ ਉਹਨਾਂ ਪ੍ਰਤੀ ਅਪਮਾਨਜਨਕ ਸ਼ਬਦ ਵਰਤਦਾ। ਸਮਾਜ ਵਿੱਚ ਉਹਨਾਂ ਦੀ ਬੇਇਜ਼ਤੀ ਕਰਨ ਤੱਕ ਜਾਂਦਾ। ਸਮੇਂ ਨਾਲ ਉਸ ਦੇ ਆਪਣੇ ਬੱਚੇ ਹੋ ਗਏ। ਉਹਨਾਂ ਨੂੰ ਸਕੂਲ ਪੜ੍ਹਦਿਆਂ ਨੂੰ ਹੀ ਉਸ ਨੇ ਦੁਖੀ ਕਰਨਾ ਸ਼ੁਰੂ ਕਰ ਦਿੱਤਾ। ਇੱਕ ਦਿਨ ਤਾਂ ਉਸ ਨੇ ਉਹਨਾਂ ਨੂੰ ਰੋਟੀ ਪਾਣੀ ਦਾ ਖ਼ਰਚ ਦੇਣਾ ਵੀ ਬੰਦ ਕਰ ਦਿੱਤਾ। ਬੱਚੇ ਆਪ ਪੜ੍ਹੇ, ਆਪੇ ਘਰ ਚਲਾਇਆ, ਨੌਕਰੀਆਂ ਤੇ ਲੱਗੇ ਅਤੇ ਆਪੇ ਆਪਣੇ ਵਿਆਹਾਂ ਲਈ ਲੋੜੀਂਦੇ ਪ੍ਰਬੰਧ ਕੀਤੀ।

ਉਸ ਵਿਅਕਤੀ ਨੇ ਘਰ ਤਾਂ ਪਹਿਲਾਂ ਹੀ ਛੱਡ ਦਿੱਤਾ ਸੀ। ਹਾਂ ਕਦੀ ਕਦੀ ਇਹ ਵੇਖਣ ਲਈ ਆਉਂਦਾ ਕਿ ਉਹ ਕਿੰਨੇ ਕੁ ਦੁਖੀ ਹਨ। ਮਾਤਾ ਪਿਤਾ ਵੱਲ ਵੀ ਉਹ ਇਹੀ ਵੇਖਣ ਲਈ ਜਾਂਦਾ ਕਿ ਉਹ ਵੀ ਕਿੰਨੇ ਕੁ ਦੁਖੀ ਹਨ, ਜੇ ਉਹ ਘਟ ਦੁਖੀ ਹੁੰਦੇ ਤਾਂ ਬੋਲ-ਬੁਲਾਰਾ ਕਰਕੇ ਦੁਖ ਦੇ ਅੰਨ੍ਹੇ ਖੂਹ ਵਿਚ ਧੱਕਾ ਦੇ ਆਉਂਦਾ।

ਇਕ ਦਿਨ ਉਹ ਆਪਣੇ ਮੁੰਡੇ ਕੋਲ ਖਲੋ ਗਿਆ ਤੇ ਉਲਾਂਭੇ ਦੇਣ ਲਗਾ।

Sri Satguru Jagjit Singh Ji Elibrary NamdhariElibrary@gmail.com

ਮੁੰਡੇ ਨੇ ਉਸ ਨੂੰ ਕਿਹਾ, "ਡੈਡੀ! ਜੇ ਅਸੀ ਤੁਹਾਡੇ ਬੱਚੇ ਠੀਕ ਨਹੀ ਲਗਦੇ ਤਾਂ ਤੁਸੀਂ ਚੰਗੇ ਪੁੱਤਰ ਬਣ ਕੇ ਵਿਖਾਓ। ਜੇ ਤੁਹਾਡੇ ਮਾਤਾ ਪਿਤਾ ਗ਼ਲਤ ਹਨ ਤਾਂ ਚੰਗੇ ਪਿਤਾ ਬਣ ਕੇ ਵਿਖਾਓ।"

ਉਸ ਨੇ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਥਾਂ ਉਤੇ ਅਗੋਂ ਮੁੰਡੇ ਨੂੰ ਕਿਹਾ, "ਤੂੰ ਚੰਗਾ ਪੁੱਤਰ ਬਣ ਕੇ ਵਿਖਾ ਖਾਂ।" ਤੇ ਇਹੀ ਸਭ ਰਿਸ਼ਤੇਦਾਰੀਆਂ, ਦੋਸਤੀਆਂ, ਅਫ਼ਸਰ-ਮਤਾਹਿਤ ਦੇ ਸੰਬੰਧਾਂ ਵਿੱਚ ਵੀ ਹੁੰਦਾ ਹੈ। ਕੋਈ ਆਪਣੇ ਰੂ-ਬਰੂ ਹੋਣ ਦੀ ਥਾਂ ਦੂਸਰੇ ਨੂੰ ਹੀ ਆਖਦਾ ਹੈ ਕਿ ਉਹ ਸੁਧਰੇ ਪਰ ਉਹ ਆਪ ਸਹੀ ਹੋਣ ਦੇ ਹੰਕਾਰ ਦੇ ਕਿੰਗਰੇ ਤੋਂ ਹੇਠਾਂ ਹੀ ਨਹੀ ਉਤਰਦਾ।

ਬਾਣੀ ਸਾਡੇ ਕੋਲ ਸਿੱਖਿਆ ਦੇਣ ਦਾ ਇੱਕ ਪ੍ਰਮਾਣੀਕ ਖ਼ਜ਼ਾਨਾ ਹੈ। ਹੋਰ ਗ੍ਰੰਥਾਂ ਵਿਚ ਵੀ ਜ਼ਿੰਦਗੀ ਦੇ ਤਜ਼ਰਬਿਆਂ ਤੇ ਅਟਲ ਸਚਾਈਆਂ ਦੇ ਅਧਾਰ ਤੇ ਨੀਤੀ ਦੀਆਂ ਗੱਲਾਂ ਲਿਖੀਆਂ ਹਨ ਪਰ ਬਾਣੀ ਤਾਂ ਨਿਰਵਿਵਾਦ ਹੈ। ਮਨੁੱਖ ਅੰਦਰ ਭਰੇ ਹੰਕਾਰ ਬਾਰੇ ਤੀਜੇ ਪਾਤਸ਼ਾਹ ਨੇ ਲਿਖਿਆ ਹੈ:

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ —ਮਹਲਾ 3

ਹੰਕਾਰ ਅਸੀ ਆਪਣੇ ਕਿਸੇ ਵਿਸ਼ੇਸ਼ ਗੁਣ ਜਾਂ ਪ੍ਰਾਪਤੀ ਕਰਕੇ ਕਰਦੇ ਹਾਂ। ਮਨੁੱਖ ਨੂੰ ਧਨ, ਭੂਮੀ ਤੇ ਰਾਜ ਦਾ ਹੰਕਾਰ ਹੋ ਸਕਦਾ ਹੈ। ਉਹ ਆਪਣੇ ਹੁਸਨ, ਜਵਾਨੀ ਦਾ ਮਾਣ ਕਰ ਸਕਦਾ ਹੈ। ਉਸ ਨੂੰ ਉੱਚੀ ਕੁਲ, ਵੱਡਾ ਕਰਮਕਾਂਡੀ, ਸੁੱਚ ਸੋਧ ਦੇ ਧਾਰਨੀ ਹੋਣ ਕਾਰਨ ਅਹਿਮ ਹੋ ਸਕਦਾ ਹੈ। ਉਸ ਨੂੰ ਆਪਣੀ ਤਾਕਤ ਦਾ ਹੰਕਾਰ ਹੋ ਸਕਦਾ ਹੈ। ਕੋਈ ਭਜਨ ਬੰਦਗੀ ਵਿਚ, ਦਾਨੀ ਹੋਣ ਵਿਚ ਵੀ ਆਪਣੇ ਤੁਲ ਕਿਸੇ ਨੂੰ ਨਹੀ ਸਮਝਦਾ ਹੋ ਸਕਦਾ ਹੈ। ਉਹ ਆਪਣੇ ਆਪ ਨੂੰ ਬੁਧੀਮਾਨ, ਵਿਦਵਾਨ, ਚਤੁਰ, ਸਿਆਣਾ ਵੀ ਮੰਨੀ ਫਿਰਦਾ ਹੋਵੇਗਾ। ਪਰ ਸਤਿਗੁਰੂ ਜੀ ਦਾ ਬਾਣੀ ਵਿੱਚ ਲਿਖਣਾ ਹੈ:

—ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥
—ਮਹਲਾ-5

ਜੇ ਕਿਸੇ ਕੋਲ ਕੋਈ ਪ੍ਰਾਪਤੀ ਹੈ ਵੀ ਤਾਂ ਕਿੰਨਾ ਚਿਰ ਰਹਿਣੀ ਹੈ। ਕੋਈ ਆਪਣੇ ਰੂ-ਬਰੂ ਹੋ ਕੇ ਵੇਖੇ ਕਿ ਸੰਸਾਰ ਉਤੇ ਮੇਰੇ ਤੋਂ ਵੱਡੇ ਸਿਆਣੇ, ਬਲਵਾਨ, ਧਨਵਾਨ, ਭੂਈ ਨਈ ਦੇ ਸਾਈ ਵੀ ਹੋਏ ਹਨ। ਸਭ ਕਿਧਰ ਗਏ? ਉਹਨਾਂ ਨੂੰ ਹੰਕਾਰ ਨੇ ਹੀ ਖਾ ਲਿਆ ਏਥੋਂ ਤਕ ਕਿ ਤਿਆਗੀਆਂ, ਤਪੀਸਰਾਂ ਨੂੰ ਵੀ:

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ।

Sri Satguru Jagjit Singh Ji Elibrary NamdhariElibrary@gmail.com

ਮਾਨ ਮੁਨੀ ਮੁਨਿਵਰ ਗਲੇ,
ਮਾਨ ਸਭੈ ਕਉ ਖਾਇ।

ਜ਼ਿੰਦਗੀ ਨਾਮਹ ਅਨੁਸਾਰ ਰੱਬ ਨੇ ਮਨੁੱਖ ਨੂੰ ਖਾਕ ਦੀ ਮੁਠੀ ਤੋਂ ਮੁਸ਼ਕਤ ਨਾਲ ਪੈਦਾ ਕੀਤਾ ਹੈ ਸੋ ਮਨੁੱਖ ਆਪਣੇ ਹੰਕਾਰ ਕਰਨ ਦੀ ਮਲੀਨ ਵਾਦੀ ਨੂੰ ਛਡੇ।

ਖੁਦ ਪਰਸਤੀ ਖ਼ਤਰ ਹੈ ਨਾਪਾਕੇ ਤੋਂ।
ਆਂਕਿਹ ਜਾ ਕਰਦਹ ਬਾ-ਮੁਸ਼ਕਤੇ ਖਾਕ ਤੋਂ।

ਤੇ ਹੰਕਾਰ ਕਰਨ ਵਾਲੇ ਤੋਂ ਪ੍ਰਭੂ ਵੀ ਦੂਰ ਰਹਿੰਦਾ ਹੈ:

ਜੇ ਜੇ ਬਾਦ ਕਰਤ ਹੰਕਾਰਾ।
ਤਿੰਨ ਤੇ ਭਿੰਨ ਰਹਿਤ ਕਰਤਾਰਾ। —ਸ੍ਰੀ ਦਸਮ ਗ੍ਰੰਥ

ਆਪਣੇ ਰੂ-ਬਰੂ ਹੋ ਕੇ ਇਹ ਵੀ ਧਿਆਨ ਰਖਣ ਦੀ ਲੋੜ ਹੈ ਕਿ ਜੇ ਆਪਣੇ ਤੋਂ ਕਿਸੇ ਦਾ ਭਲਾ ਹੋ ਗਿਆ, ਕਿਸੇ ਦੀ ਨੌਕਰੀ ਲਗਵਾਈ ਗਈ, ਕਿਸੇ ਨੂੰ ਤਰੱਕੀ ਦੁਆਈ ਗਈ, ਕਿਸੇ ਦੀ ਪੜ੍ਹਨ ਲਿਖਣ ਵਿਚ ਮਦਦ ਕੀਤੀ ਗਈ, ਕਿਸੇ ਦੀ ਆਰਥਕ ਮਦਦ ਕੀਤੀ ਗਈ, ਕਿਸੇ ਨੂੰ ਬੁਰੇ ਬੰਦੇ ਦੀ ਮਾਰ ਤੋਂ ਸੰਕਟ ਸਮੇਂ ਛੁਡਾਇਆ ਗਿਆ ਤੇ ਮਨ ਵਿਚ ਆ ਗਿਆ ਕਿ ਮੈਂ ਬੜਾ ਚੰਗਾ ਕੰਮ ਕੀਤਾ ਹੈ ਤਾਂ ਹੰਕਾਰ ਆ ਹੀ ਗਿਆ। ਜੇ ਤੀਰਥ ਯਾਤਰਾ ਕਰਨ, ਵਰਤ ਰੱਖਣ, ਪੁੰਨਦਾਨ ਕਰਨ, ਭਜਨ ਬੰਦਗੀ ਕਰਨ ਜਾਂ ਹਲੀਮੀ ਰਖਣ ਸੰਬੰਧੀ ਆਪਣੇ ਰੂ-ਬਰੂ ਹੁੰਦਿਆਂ ਮੈਂ ਮੇਰੀ ਆ ਗਈ ਤਾਂ ਮਨੁੱਖ ਦੇ ਨੰਬਰ ਵਧੇ ਨਹੀਂ ਘਟੇ ਹੀ। ਸੋ ਮਨੁੱਖ ਨੂੰ ਖੁਦੀ ਮਿਟਾਉਣ ਲਈ ਹੀ ਸੁਚੇਤ ਕੀਤਾ ਗਿਆ ਹੈ। ਕਿ ਇਸ ਨੂੰ ਮਾਰੇ:

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ
—ਮਹਲਾ 3

ਈਰਖਾ ਵੀ ਮਨੁੱਖ ਨੂੰ ਆਪਣੇ ਅੰਦਰ ਝਾਤੀ ਪਾਉਣੋਂ ਰੋਕਦੀ ਹੈ। ਕਿਉਂਕਿ ਮਨੁੱਖ ਸਮਝਦਾ ਹੈ ਕਿ ਦੂਜਾ ਉਸਦੇ ਹਿੱਸੇ ਦੀ ਮਾਣ-ਵਡਿਆਈ, ਰਾਜ-ਭਾਗ, ਧਨ ਦੌਲਤ ਲੈ ਰਿਹਾ ਹੈ। ਉਹ ਦੂਜੇ ਦੀ ਸੋਭਾ ਤੇ ਤਰਕੀ ਨੂੰ ਸਹਾਰਦਾ ਹੀ ਨਹੀਂ। ਉਹ ਆਪਣੀ ਨਾਲਾਇਕ ਔਲਾਦ ਤੇ ਪਛਤਾਵਾ ਨਹੀਂ ਕਰੇਗਾ ਸਗੋਂ ਦੂਜੇ ਦੀ ਸਲੱਗ ਔਲਾਦ ਤੇ ਈਰਖਾ ਕਰੇਗਾ ਤੇ ਦੁਖ ਤੇ ਪਾਪਾਂ ਦਾ ਭਾਗੀ ਬਣੇਗਾ। ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ:

ਪਰ ਸੁਖਿ ਪਿਖਿ ਤਪਤਉ ਉਰ ਮਾਹੀ।
ਪਾਪਾ ਬਿਅਰਥ ਹੋਤਿ ਸਿਰ ਤਾਹੀ।
ਇਕ ਤੋਂ ਰਿਦਾ ਤਪਹਿ ਦੁਖ ਪਾਵੈ।

Sri Satguru Jagjit Singh Ji Elibrary NamdhariElibrary@gmail.com

ਪਿਖਹੁ ਭਲੇ ਕੁਛ ਹਾਥ ਨਾ ਆਵੈ
ਪੁਨ ਪਰਮੇਸੁਰ ਕੋਪ ਕਰੰਤਾ।
ਮੋਹਿ ਦਿਯੋ ਪਿਖਿ ਏਹ ਜਰੰਤਾ।

ਇਹ ਜਲਨ ਉਦੋਂ ਹੀ ਹੁੰਦੀ ਹੈ ਜਦੋਂ ਆਪਣੇ ਰੂ-ਬਰੂ ਨਹੀ ਹੋਈਦਾ। ਇਹ ਨਹੀ ਸੋਚੀਦਾ ਕਿ ਮੈਂ ਕਿਹੜਾ ਐਸਾ ਕੰਮ ਕੀਤਾ ਹੈ ਜਿਸ ਕਰਕੇ ਮੈਨੂੰ ਲੋਕ ਲੰਮੇ ਸਮੇਂ ਤਕ ਯਾਦ ਰਖਣ। ਆਪਣੀ ਲਕੀਰ ਲੰਮੀ ਖਿਚਣ ਦੀ ਥਾਂ ਦੂਜੇ ਦੀ ਲਕੀਰ ਨੂੰ ਮਿਟਾਉਣ ਨਾਲ ਤਾਂ ਆਪਣੇ ਆਪ ਨੂੰ ਵੀ ਸੱਚਾ ਸੁਖ ਨਹੀ ਦੇ ਸਕਦੇ। ਅਸਲੀ ਸੁਖ ਅਨੰਦ ਤਾਂ ਹੀ ਪ੍ਰਾਪਤ ਹੋਵੇਗਾ ਜੇ ਇਸ ਦੀ ਥਾਂ ਆਪਣੇ ਗੁਣ ਦੋਸ਼ਾਂ ਦਾ ਲੇਖਾ ਜੋਖਾ ਕਰ ਲਈਏ। ਇਹ ਵੇਖਣ ਲਗ ਜਾਈਏ, ਬਹੁਤ ਸਾਰੇ ਲੋਕ ਮੈਥੋਂ ਵਧ ਸੁਹਣੇ, ਸਿਆਣੇ, ਬਲਵਾਨ ਤੇ ਵਿਦਵਾਨ ਹਨ, ਉਹਨਾਂ ਨਾਲੋਂ ਮੇਰਾ ਆਦਰ-ਮਾਣ, ਮੇਰੇ ਕਮਾਈ ਦੇ ਸਾਧਨ ਤੇ ਮੇਰੀ ਪਹੁੰਚ ਤੇ ਕਦਰ ਵੱਧ ਹੈ। ਭਾਵ ਜਿੰਨੇ ਜੋਗਾ ਮੈਂ ਹਾਂ ਮੈਨੂੰ ਉਸ ਤੋਂ ਕਿਤੇ ਵਧ ਮਿਲਿਆ ਹੈ।

ਇੰਜ ਸਹੀਤਰ੍ਹਾਂ ਆਪਣੇ ਰੂ-ਬਰੂ ਹੋਣ ਨਾਲ ਕਿੰਨਾਂ ਸਕੂਨ ਮਿਲੇਗਾ, ਕਿੰਨੀ ਭਟਕਣਾ ਮਿਟੇਗੀ, ਕਿੰਨਾ ਸਹਿਜ, ਸਰਲ ਜੀਵਿਆ ਜਾ ਸਕੇਗਾ ਤੇ ਕਿੰਨਾ ਆਪਣੇ ਆਪ ਅਗੇ ਸੱਚੇ ਹੋਇਆ ਜਾ ਸਕੇਗਾ, ਇਹ ਆਪਣੇ ਰੂ-ਬਰੂ ਹੋ ਕੇ ਅਨੁਭਵ ਕੀਤਾ ਜਾ ਸਕਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸਚਹੁ ਓਰੈ ਸਭ ਕੋ

ਸਧਾਰਨ ਤੌਰ ਤੇ ਸੋਚਿਆਂ ਸੱਚ ਦਾ ਅਰਥ ਸਰਲ ਤੇ ਸਪਸ਼ਟ ਹੈ। ਉਸ ਤੋਂ ਵੀ ਸੌਖਾ ਹੈ ਕਿਸੇ ਦਾ ਕਹਿਣਾ, ਮੈਂ ਹੀ ਸੱਚ ਕਹਿ ਰਿਹਾ ਹਾਂ। ਪਰ ਇਸ ਦਾ ਨਿਤਾਰਾ ਕਿਵੇਂ ਹੋਵੇ ? ਸੱਚ ਤੇ ਝੂਠ ਨੂੰ ਕਚਹਿਰੀਆਂ ਵਿੱਚ ਤਾਂ ਆਮ ਆਦਮੀ ਲਈ ਸੁਣ ਕੇ ਨਿਖੇੜਨਾ ਬੜਾ ਔਖਾ ਹੋ ਜਾਂਦਾ ਹੈ। ਕਿਉਂਕਿ ਹਰ ਮੁਕਦਮੇ ਵਿੱਚ ਦੋਵਾਂ ਧਿਰਾਂ ਦੇ ਵਕੀਲ ਬਹਿਸ ਕਰਦੇ ਹੋਏ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਅਕਾਸ਼ ਪਤਾਲ ਮਿਲਾ ਦੇਂਦੇ ਹਨ। ਜਦੋਂ ਕਿ ਇਹ ਵੀ ਸੱਚ ਹੈ ਕਿ ਦੋਵੇਂ ਧਿਰਾਂ ਸੱਚੀਆਂ ਹੋ ਹੀ ਨਹੀਂ ਸਕਦੀਆਂ। ਤੇ ਗਵਾਹੀਆਂ, ਉਹਨਾਂ ਬਾਰੇ ਕਿਸੇ ਨੂੰ ਕੋਈ ਭੁਲੇਖਾ ਹੀ ਨਹੀਂ ਹੁੰਦਾ ਕਿ ਵਕੀਲਾਂ ਦੀ ਭਾਸ਼ਾ ਬੋਲਦੀਆਂ ਹਨ।

ਸੱਚ ਦੇ ਢੂੰਢਾਊਆਂ ਲਈ ਸੱਚੇ ਵਕੀਲ ਹੋਰ ਹੁੰਦੇ ਹਨ, ਵਤੀਰਾ ਹੋਰ ਹੁੰਦਾ ਹੈ ਤੇ ਉਹਨਾਂ ਦਾ ਆਪਣਾ ਸਮਝਣ ਦਾ ਮਿਆਰ ਵੀ। ਉਹ ਹਰ ਵਸਤੂ ਨੂੰ ਵੇਖਦੇ ਹਨ। ਆਪਣੀਆਂ ਗਿਆਨ ਇੰਦਰੀਆਂ ਰਾਹੀਂ ਜਾਂ ਕਰਮ ਇੰਦਰੀਆਂ ਰਾਹੀਂ; ਉਹਨਾਂ ਦਾ ਇਹਸਾਸ ਕਰਦੇ ਹਨ ਅਤੇ ਸਮਝਦੇ ਹਨ ਕਿ ਉਹ ਸੱਚ ਹੋ ਕੇ ਸੱਚ ਨਹੀਂ ਹੁੰਦਾ। ਜੀਵਾਂ ਦੀ ਉਤਪਤੀ, ਉਹਨਾਂ ਦਾ ਖਾਣਾ-ਪੀਣਾ, ਬਨਸਪਤੀ ਦਾ ਵਧਣਾ-ਫੁਲਣਾ ਵੀ ਪਰਮਸੱਤ ਨਹੀਂ। ਵਿਕਅਤੀ ਦਾ ਨਿੱਤ-ਕਰਮ, ਰਿਸਤੇ-ਨਾਤੇ, ਸੱਜਣ-ਮਿੱਤਰ ਵੀ ਏਸੇ ਸ਼੍ਰੇਣੀ ਵਿਚ ਹਨ। ਰੋਜ ਵਾਪਰਨ ਵਾਲੀਆਂ ਘਟਨਾਵਾਂ ਭਾਵੇਂ ਅੱਖੀ ਵੇਖੀਆਂ ਹੋਣ, ਕੰਨੀ ਸੁਣੀਆਂ ਹੋਣ, ਰੇਡੀਓ ਤੇ ਸੁਣੀਆਂ ਹੋਣ, ਟੈਲੀਵੀਜਨ ਤੇ ਵੇਖੀਆਂ ਹੋਣ ਜਾਂ ਅਖ਼ਬਾਰਾਂ ਵਿੱਚ ਪੜ੍ਹ ਲਈਆਂ ਹੋਣ ਅਤੇ ਲੱਗੇ ਕਿ ਬਿਲਕੁਲ ਸੱਚ ਹੈ, ਨੰਗਾ ਸੱਚ; ਉਹ ਵੀ ਸੱਚ ਦਾ ਭੁਲੇਖਾ ਪਾਉਂਦੀਆਂ ਹਨ। ਹਾਂ, ਉਹਨਾਂ ਵਿੱਚ ਕੁਝ ਕੁ ਵਕਤੀ ਸੱਚ ਹੋਵੇਗਾ।

ਇਹ ਵਿਅਕਤੀ ਦੀ ਸਮਝ ਦਾ ਫੇਰ ਵੀ ਹੋ ਸਕਦਾ ਹੈ ਕਿਉਂਕਿ ਕੁਝ ਐਸੇ ਵੀ ਵਿਅਕਤੀ ਹਨ ਜੋ ਵੇਖ ਕੇ ਵੀ ਨਹੀਂ ਵੇਖ ਰਹੇ ਹੁੰਦੇ। ਸੁਣ ਰਹੇ ਲਗਦੇ ਹਨ ਪਰ ਸੁਣ ਨਹੀਂ ਰਹੇ ਹੁੰਦੇ। ਉਹਨਾਂ ਦੇ ਜਾਣਦੇ ਹੋਏ ਵੀ ਜਾਣਨ ਤੇ ਸੰਦੇਹ ਕੀਤਾ ਜਾ ਸਕਦਾ ਹੈ। ਇਹ ਉਹਨਾਂ ਦੀ ਮਨੋਦਸ਼ਾ ਕਾਰਨ ਹੁੰਦਾ ਹੈ। ਐਸੇ ਵਿਅਕਤੀ ਸੱਚ ਤੋਂ ਭਟਕੇ ਰਹਿੰਦੇ ਹਨ।

ਸੱਚ ਤਾਂ ਪਰਮਸੱਚ ਹੀ ਹੁੰਦਾ ਹੈ। ਉਹ ਸਦਾ ਸੱਚ ਰਹਿੰਦਾ ਹੈ ਉਸ ਨੂੰ ਸਮਾਂ ਪ੍ਰਭਾਵਿਤ ਨਹੀਂ ਕਰਦਾ। ਹਾਲਾਤ ਉਸਦਾ ਰੂਪ ਨਹੀਂ ਬਦਲਦੇ। ਉਹ ਸਦਾ ਇੱਕੋ ਜਿਹਾ ਰਹਿੰਦਾ ਹੈ, ਤਿੰਨਾਂ ਕਾਲਾਂ ਵਿਚ ਇੱਕੋ ਜਿਹਾ। ਹਰ ਵਕਤ ਇੱਕੋ ਜਿਹਾ।

Sri Satguru Jagjit Singh Ji Elibrary NamdhariElibrary@gmail.com

ਉਪਨਿਸ਼ਦਾਂ ਵਿੱਚ ਆਏ ਵਿਚਾਰਾਂ ਅਨੁਸਾਰ ਸ਼ੰਕਰ ਭਗਵਾਨ ਨੇ ਗਹਿਨ ਚਿੰਤਨ ਕਰਕੇ ਅਤੇ ਮਨਨ ਕਰਕੇ ਦਸਿਆ ਹੈ ਕਿ ਕੇਵਲ ਬ੍ਰਹਮ ਹੀ ਸੱਚ ਹੈ। ਹੋਰ ਸਭ ਝੂਠ ਹੈ।

ਜਿਸ ਦਾ ਵੀ ਨਿਰਮਾਣ ਹੋਇਆ ਹੈ ਉਸ ਨੇ ਸਦੀਵ ਕਾਲ ਤੱਕ ਨਹੀ ਰਹਿਣਾ; ਉਸਦਾ ਖ਼ਾਤਮਾ ਹੋਣਾ ਹੀ ਹੋਣਾ ਹੈ। ਏਸੇ ਕਰਕੇ ਉਤਪਤੀ ਜਾਂ ਜੰਮਣਾ ਝੂਠ ਹੈ ਪਰ ਮਰਨਾ ਸੱਚ ਹੈ। ਪਰਮਸੱਚ ਦੀ ਸੋਝੀ ਵਾਲੇ ਵਿਅਕਤੀ ਦੀ ਦ੍ਰਿਸ਼ਟੀ ਹੋਰ ਹੋ ਜਾਂਦੀ ਹੈ। ਉਸ ਨੂੰ ਸੰਸਾਰ ਵਿਸ਼ੈਲਾ ਨਹੀਂ ਨਜ਼ਰ ਆਉਂਦਾ, ਹਰੀ ਦਾ ਰੂਪ ਨਜ਼ਰ ਆਉਂਦਾ ਹੈ, ਪਾਰਬ੍ਰਹਮ ਪਰਮੇਸ਼ਰ ਦਾ ਰੂਪ।

ਉਸ ਨੂੰ ਮਰਨ ਦਾ ਭੈ ਨਹੀ ਸਤਾਉਂਦਾ। ਉਹ ਆਪਣੇ ਨਾਲ ਧੱਕਾ ਕਰਨ ਵਾਲੇ ਨੂੰ ਵੀ ਮਾਫ਼ ਕਰ ਦੇਂਦਾ ਹੈ। ਉਹ ਸੱਚ ਦਾ ਰਾਹ ਨਹੀਂ ਛੱਡਦਾ। ਸੁਕਰਾਤ ਦਾ ਅੰਤ ਹੈਲਮਿਕ (ਜ਼ਹਿਰ) ਪੀਣ ਨਾਲ ਹੋਇਆ। ਪਰ ਉਸਦੀ ਅੰਤਮ ਅਰਦਾਸ ਸੀ, 'ਹੇ ਰੱਬਾ! ਉਹਨਾਂ ਨੂੰ ਮਾਫ਼ ਕਰੀ ਜੋ ਇਹ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਹਨ।'

ਉਸ ਨੇ ਜੀਵਨ ਭਰ ਚੇਤਨਾ ਤੋਂ ਕੰਮ ਲੈਣ ਨੂੰ ਅਮਲ ਵਿਚ ਲਿਆਂਦਾ ਤੇ ਏਸੇ ਦੀ ਸਿੱਖਿਆ ਦਿੱਤੀ। ਉਹ ਵਿਵੇਕ ਤੋਂ ਕੰਮ ਲੈਂਦਾ ਯੂਨਾਨ ਦੇ ਲੋਕਾਂ ਨੂੰ ਅੰਤਹਕਰਨ ਦੀ ਗੱਲ ਮੰਨਣ ਲਈ ਕਹਿੰਦਾ। ਖ਼ਾਸ ਕਰਕੇ ਨੌਜਵਾਨਾਂ ਨੂੰ ਉਸ ਦੀ ਗੱਲ ਚੰਗੀ ਲਗਦੀ। ਪਰ ਏਸੇ ਕਰਕੇ ਉਸ ਤੇ ਦੋਸ਼ ਲਗਾ ਕਿ ਉਹ ਨੌਜਵਾਨਾਂ ਨੂੰ ਕੁਰਾਹੇ ਪਾ ਰਿਹਾ ਹੈ।

ਕੋਈ ਲੋਭ ਲਾਲਚ ਉਸ ਨੂੰ ਆਪਣੇ ਸੱਚ ਤੋਂ ਦੂਰ ਨਾ ਲੈ ਜਾ ਸੱਕਿਆ। ਉਹ ਨਿਆਂਕਾਰੀ ਹੁੰਦਿਆਂ ਹੋਇਆਂ ਕਿਸੇ ਦਬਾਅ ਹੇਠ ਆ ਕੇ ਵੀ ਅਨਿਆਂ ਨਹੀਂ ਸੀ ਕਰਦਾ। ਦੋ ਹਜ਼ਾਰ ਵਰ੍ਹੇ ਪਹਿਲਾਂ ਯੂਨਾਨ ਤੇ ਸਪਾਰਟਾ ਦੇਸਾਂ ਵਿੱਚ ਲੜਾਈਆਂ ਬਹੁਤ ਹੁੰਦੀਆਂ ਸਨ। ਇੱਕ ਵਾਰ ਯੂਨਾਨ ਦਾ ਸਮੁੰਦਰੀ ਬੇੜਾ ਸਪਾਰਟਾ ਤੇ ਹਮਲਾ ਕਰਨ ਲਈ ਠਿਲ੍ਹ ਪਿਆ। ਸਮੁੰਦਰ ਵਿਚ ਬੜਾ ਭਾਰੀ ਤੂਫਾਨ ਆਇਆ। ਬੇੜਾ ਜੇ ਅਗੇ ਵਧਦਾ ਹੈ ਤਾਂ ਤਬਾਹ ਹੁੰਦਾ ਹੈ ਸੋ ਉਹ ਬੇੜਾ ਵਕਤ ਵੇਖਕੇ ਬਿਨਾ ਹਮਲਾ ਕੀਤੇ ਪਿਛੇ ਮੁੜ ਆਇਆ। ਦੇਸ ਦੇ ਹਾਕਮਾਂ ਨੇ ਉਸ ਬੇੜੇ ਤੇ ਜਾਣ ਬੁਝ ਕੇ ਸਪਾਰਟਾ ਤੇ ਹਮਲਾ ਨਾ ਕਰਨ ਦਾ ਦੇਸ ਧਰੋਹ ਦਾ ਦੋਸ਼ ਲਾ ਕੇ ਮੁਕਦਮਾ ਚਲਾ ਦਿੱਤਾ। ਕਚਹਿਰੀ ਦੇ ਜੱਜਾਂ ਵਿਚ ਸੁਕਰਾਤ ਵੀ ਸੀ। ਉਸ ਨੇ ਰਾਜਸੀ ਦਬਾਅ ਦੀ ਪਰਵਾਹ ਨਾ ਕਰਿਆਂ, ਤੂਫਾਨ ਕਾਰਨ ਬਿਨਾਂ ਹਮਲਾ ਕਰੇ ਮੁੜਨ ਵਾਲੇ ਬੇੜੇ ਨੂੰ ਬੇਕਸੂਰ ਮੰਨਿਆਂ। ਸ਼ਾਸਕ ਤਾਂ ਉਸਦੇ ਅਦਾਰਸ਼ਾਂ ਕਰਕੇ ਔਖੇ ਸਨ। ਉਹਨਾਂ ਨੂੰ ਬਹਾਨਾ ਮਿਲ ਗਿਆ। ਸੋ ਉਹਨਾਂ ਨੇ ਸੁਕਰਾਤ ਨੂੰ ਹੀ ਸਪਾਰਟਾ ਪੱਖੀ ਕਹਿ ਕੇ ਜੇਲ੍ਹ ਅੰਦਰ ਡੱਕ ਦਿੱਤਾ। ਸਪਾਰਟਾ ਦੇ ਰਾਜੇ ਨੂੰ ਪਤਾ ਲੱਗਾ ਕਿ ਉਸ ਕਾਰਨ ਸੁਕਰਾਤ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ ਹੈ। ਇਸ ਦਾ ਅਗਲਾ ਪੜਾ ਮੌਤ ਸੀ। ਉਹ ਕਿਸੇ ਤਰੀਕੇ ਜੇਲ੍ਹ ਅਧਿਕਾਰੀ ਕ੍ਰੀਟ ਨੂੰ ਮਿਲਿਆ ਕਿ ਉਸ ਨੂੰ ਸੁਕਰਾਤ

Sri Satguru Jagjit Singh Ji Elibrary NamdhariElibrary@gmail.com

ਨੂੰ ਮਿਲਾ ਦਿੱਤਾ ਜਾਵੇ। ਕ੍ਰੀਟ, ਸੁਕਰਾਤ ਦਾ ਸ਼ਰਧਾਲੂ ਸੀ ਉਸ ਨੇ ਦੋਹਾਂ ਨੂੰ ਮਿਲਾ ਦਿੱਤਾ। ਸਪਾਰਟਾ ਦੇ ਰਾਜੇ ਨੇ ਸੁਕਰਾਤ ਨੂੰ ਜੇਲ੍ਹ ਵਿਚੋਂ ਭੱਜ ਕੇ ਉਸ ਦੇ ਰਾਜ ਵਿਚ ਜਾ ਕੇ, ਸੁਖ ਨਾਲ ਰਹਿਣਾ ਦਾ ਸੱਦਾ ਦਿੱਤਾ। ਪਰ ਸੁਕਰਾਤ ਨੇ ਸਿਰ ਫੇਰ ਦਿੱਤਾ। ਆਪਣੇ ਲਈ ਜੀਣਾ ਝੂਠ ਛੱਡ ਕੇ, ਮਰਨਾ ਸੱਚ ਕਬੂਲ ਕਰਕੇ, ਪਰਮ ਸੱਚ ਵਿੱਚ ਲੀਨ ਹੋ ਗਿਆ।

ਗੁਰਬਾਣੀ ਵਿਚ ਥਾਂ ਥਾਂ ਵਿਅਕਤੀ ਨੂੰ ਸੱਚ ਬਾਰੇ ਸਮਝਾਇਆ ਗਿਆ ਹੈ:

ਨਾਨਕ ਸਾਚੇ ਕਉ ਸਚੁ ਜਾਣੁ— ਮ: 1

ਕਿਉਂਕਿ :

ਸਚੁ ਕਰਤਾ, ਸਚੁ ਕਰਣਹਾਰ ਸਚੁ ਸਾਹਿਬੁ ਸਚੁ ਟੇਕ।
ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ। ਮ:5

ਸਚ ਕਹਿਣ ਸੁਣਨ ਦੀ ਸੀਮਾ ਵਿਚ ਨਹੀਂ ਆਉਂਦਾ। ਨਾ ਹੀ ਇਹ ਪੜ੍ਹਨ ਲਿਖਣ ਨਾਲ ਸਮਝ ਆ ਸਕਦਾ ਹੈ। ਇਹ ਨਿੱਤ ਨਵਾਂ ਰਹਿੰਦਾ ਹੈ। ਅਟੱਲ ਸਚਾਈ, ਸੱਚ ਬਾਰੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਮੁੱਢ ਵਿਚ ਹੀ ਆਇਆ ਹੈ ਕਿ ਉਹ ਸਦੀਵ ਕਾਲ ਤੋਂ ਸਦੀਵ ਕਾਲ ਤਕ ਹੈ:

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਉਸ ਸੱਚ ਨੂੰ ਜਪਣ ਲਈ ਹੀ ਸੱਚੇਪਾਤਸ਼ਾਹ ਉਪਦੇਸ ਦੇਂਦੇ ਹਨ ਕਿ ਉਸ ਨੂੰ ਜਪਣ ਦੀ ਜੁਗਤ ਗੁਰੂ ਤੋਂ ਪ੍ਰਾਪਤ ਹੁੰਦੀ ਹੈ ਸੋ ਗੁਰਪ੍ਰਸਾਦਿ, ਗੁਰੂ ਦੀ ਕਿਰਪਾ ਨਾਲ ਹੀ ਜਪਿਆ ਜਾ ਸਕਦਾ ਹੈ। ਸਤਿਗੁਰੂ ਨੂੰ ਮਿਲ ਕੇ ਹੀ ਵਿਅਕਤੀ ਦੇ ਅੰਦਰੋਂ ਹਉਮੈ, ਅਹੰਕਾਰ ਦਾ ਨਾਸ ਹੁੰਦਾ ਹੈ। ਉਸ ਅੰਦਰ ਸੱਚ ਦਾ ਵਾਸਾ ਹੁੰਦਾ ਹੈ। ਏਸੇ ਕਰਕੇ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

—ਨਾਨਕ ਸਤਿਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ।
—ਸਤਿਗੁਰੂ ਸੇਵਹਿ ਤਾ ਉਬਰਹਿ ਸਚੁ ਰਖਹਿ ਉਰਧਾਰਿ।
—ਗੁਰੂ ਕਿਰਪਾ ਤੇ ਸਚਿ ਸਮਾਇ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ ਹੈ। ਸੱਚ ਦੇ ਢੂੰਡਾਊਆਂ ਨੂੰ ਸ੍ਰੀ ਭੈਣੀ ਸਾਹਿਬ ਸੱਦਿਆ ਹੈ। ਜਿਹੜੇ ਪੁੱਜ ਗਏ ਹਨ। ਉਹਨਾਂ ਨੂੰ ਜਪ-ਪ੍ਰਯੋਗ ਵਿੱਚ ਲੱਗ ਕੇ ਅੱਸੂ ਦਾ, ਮਹੀਨਾ ਭਰ ਪਰਮਸੱਚ ਨਾਲ ਜੁੜਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਉਹ ਇਸ ਸੋਝੀ ਨੂੰ ਪੱਕਾ ਕਰ ਰਹੇ ਹਨ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

Sri Satguru Jagjit Singh Ji Elibrary NamdhariElibrary@gmail.com

ਏਕ ਰਤੀ ਬਿਨ ਏਕ ਰਤੀ ਕੇ

ਸਤਿਗੁਰੂ ਗੋਬਿੰਦ ਸਿੰਘ ਜੀ ਸ਼ਸਤਰ ਦੇ ਧਨੀ ਸਨ, ਬਲੀ ਜੋਧੇ। ਉਹ ਜੋਧਿਆਂ ਦੇ ਕਦਰਦਾਨ ਸਨ। ਪਰ ਜੰਗਾਂ ਜੁਧਾਂ ਵਿਚ ਆਪਣੀਆਂ ਜਿੱਤਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਥਾਂ, "ਭਈ ਜੀਤ ਮੇਰੀ, ਕ੍ਰਿਪਾ ਕਾਲ ਕੇਰੀ" ਲਿਖਦੇ ਹਨ।

ਸਤਿਗੁਰੂ ਸਚੇਪਾਤਸ਼ਾਹ ਸ਼ਾਸਤਰ ਦੇ ਵੀ ਧਨੀ ਸਨ। ਉਹਨਾਂ ਆਪਣਾ ਪੌਰਾਣਿਕ ਵਿਰਸਾ ਪੜ੍ਹਿਆ, ਸਮਝਿਆ ਤੇ ਆਪਣੀ ਬਾਣੀ ਰਾਹੀਂ ਪ੍ਰਗਟ ਕੀਤਾ ਹੈ। ਉਹਨਾਂ ਦੀ ਬਾਣੀ ਵਿਚ ਭਾਰਤੀ ਹਿੰਦੂ ਪਰੰਪਰਾ ਹੀ ਨਹੀਂ ਇਸਲਾਮੀ ਪਰੰਪਰਾ ਦੇ ਬਹੁਤ ਹਵਾਲੇ ਮਿਲਦੇ ਹਨ। ਬਾਣੀ ਪੜ੍ਹਕੇ ਪਰਮਪਿਤਾ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ।

ਸਤਿਗੁਰੂ ਜੀ ਆਪ ਮਹਾਨ ਤਪਸਵੀ ਸਨ। ਉਹਨਾਂ ਨੇ ਅਕਾਲ ਪੁਰਖ ਦੀ ਅਰਾਧਨਾ ਕੀਤੀ। ਉਹਨਾਂ ਦੀ ਬਾਣੀ ਵਿਚ ਸ੍ਰਿਸ਼ਟੀ ਦੇ ਨਾਇਕ ਅਕਾਲ ਪੁਰਖ ਦੀ ਥਾਂ ਪਰ ਥਾਂ ਉਸਤਤ ਕੀਤੀ ਹੈ।

ਆਪ ਇਕਾਗਰ ਚਿੱਤ ਹੋ ਕੇ ਪਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦੇਂਦੇ ਹਨ। ਇਸੇ ਨਾਲ ਜਨਮ ਮਰਨ ਦਾ ਚੱਕਰ ਮੁੱਕਣਾ ਹੈ। ਦੁਖਾਂ ਕਲੇਸ਼ਾਂ ਦਾ ਨਾਸ ਪ੍ਰਭੂ ਹੀ ਕਰ ਸਕਦਾ ਹੈ। ਮਨ ਬਿਰਤੀ ਇਕਾਗਰ ਕਰਕੇ ਕਿੰਨਾ ਕੁ ਚਿਰ ਉਸ ਦਾ ਧਿਆਨ ਧਰਨ ਦੀ ਲੋੜ ਹੈ? ਦਸਮ ਪਿਤਾ ਦੀ ਬਾਣੀ ਅਨੁਸਾਰ:

ਸਭ ਕੋ ਕਾਲ ਸਭਨ ਕੋ ਕਰਤਾ॥
ਰੋਗ ਸੋਗ ਦੋਖਨ ਕੇ ਹਰਤਾ॥
ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲਿ ਫਾਸਿ ਕੇ ਬੀਚ ਨ ਆਇਓ॥

ਸਤਿਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਉਸ ਅਕਾਲ ਦੇ ਰੰਗ ਵਿਚ ਰੱਤਿਆਂ ਨੂੰ ਹੀ ਉੱਤਮ ਮਨ ਤਨ ਵਾਲੇ ਮੰਨਦੇ ਹਨ। ਉਸਦੇ ਨਾਮ ਤੋਂ ਬਿਨਾਂ ਹੋਰ ਖਿਆਲ ਮਹੱਤਵਹੀਨ ਹਨ:

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰ ਖਿਆਲੁ॥

ਦਸਮ ਪਿਤਾ ਸੰਸਾਰ ਦੇ ਭਗਤਾਂ, ਸਾਧਕਾਂ ਬਾਰੇ ਲਿਖਦੇ ਹਨ ਕਿ ਜੈਨ ਅਚਾਰੀਆ

Sri Satguru Jagjit Singh Ji Elibrary NamdhariElibrary@gmail.com

ਮੂੰਹ ਤੇ ਪੱਟੀ ਬੰਨ੍ਹ ਕੇ ਨੰਗੇ ਪੈਰੀ ਚਲਦੇ ਹਨ, ਜਾਂ ਕਿਧਰੇ ਬੈਠ ਕੇ ਚਤੁਰ ਮਾਸ ਤਪ-ਸਾਧਨਾ ਕਰਦੇ ਹਨ। ਸਿੱਧਾਂ ਦੀਆਂ ਮੰਡਲੀਆਂ ਹਨ ਜਿਹੜੀਆ ਸੰਸਾਰਕ ਦੁੱਖਾਂ ਕਲੇਸ਼ਾਂ ਤੋਂ ਡਰ ਕੇ ਗ੍ਰਿਸਤ ਮਾਰਗ ਤਿਆਗ ਕੇ ਸਾਧਨਾ ਕਰਨ ਲਗ ਗਈਆਂ ਹਨ। ਇਕ ਪਾਸੇ ਇਹ ਸਾਧਕ ਹਨ। ਸੰਤਾਂ ਦੇ ਸਮੂਹ ਹਨ। ਦੂਜੇ ਪਾਸੇ ਸੂਰਮੇ ਹਨ। ਉਹ ਸੂਰਮੇ ਜਿਨ੍ਹਾਂ ਨੇ ਦੇਵਤਿਆਂ ਨੂੰ ਵੀ ਜਿਤ ਲਿਆ :

ਜੀਤ ਲਏ ਤਿਨਿ ਦੇਵਤੇ ਤਿਹੁ ਲੋਕੀ ਰਾਜ ਕਮਾਇਆ ॥

ਉਜ ਉਹਨਾਂ ਦੇਵਤਿਆਂ ਨੇ ਸਮੁੰਦਰ ਰਿੜਕ ਕੇ, ਉਸ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚੋਂ, ਅੰਮ੍ਰਿਤ ਛਕਿਆ ਹੋਇਆ ਸੀ। ਸਤਿਗੁਰੂ ਜੀ ਨੇ ਉਹਨਾਂ ਦੇਵਤਿਆਂ ਦੀ ਪੂਜਾ ਹੁੰਦੀ ਵੇਖੀ। ਉਹਨਾਂ ਨੇ ਸੂਰਮਿਆਂ ਦੀ ਵਡਿਆਈ ਹੁੰਦੀ ਵੇਖੀ। ਉਹਨਾਂ ਨੂੰ ਨਜ਼ਰ ਆਇਆ ਕਿ ਸਾਰੇ ਆਪਣੇ ਆਪਣੇ ਮੱਤ ਲਈ ਬੈਠ ਹਨ। ਉਹਨਾਂ ਵਿੱਚੋਂ ਪ੍ਰਭੂ ਪ੍ਰਮੇਸ਼ਵਰ ਦਾ ਮੱਤ ਕੋਈ ਵੀ ਨਹੀਂ।

ਅੱਜ ਦੀ ਗੱਲ ਨਹੀ ਸਗੋਂ ਸ੍ਰਿਸ਼ਟੀ ਦੀ ਰਚਨਾ ਪਿਛੋਂ ਜਦੋਂ ਦੈਤਾਂ ਨੇ ਪਰਮ ਪੁਰਖ ਦੀ ਪੂਜਾ ਨਾ ਕੀਤੀ ਤਾਂ ਦੇਵਤੇ ਥਾਪੇ ਗਏ, ਉਸ ਸਮੇਂ ਦੀ ਵੀ ਗੱਲ ਹੈ :

ਤੇ ਭੀ ਬਲ ਪੂਜਾ ਉਰਝਾਏ।
ਆਪਨ ਹੀ ਪਰਮੇਸੁਰ ਕਹਾਏ ।
....
ਜਿਨਿ ਜਿਨਿ ਤਨਿਕਿ ਸਿੱਧ ਕੋ ਪਾਯੋ।
ਤਿਨਿ ਤਿਨਿ ਅਪਨਾ ਰਾਹੁ ਚਲਾਯੋ।
ਪਰਮੇਸੁਰ ਨਾ ਕਿਨਹੂੰ ਪਹਿਚਾਨਾ।
ਮਮ ਉਚਾਰਿ ਤੇ ਭਇਓ ਦਿਵਾਨਾ।
ਪਰਮ ਤਤ ਕਿਨਹੂੰ ਨ ਪਛਾਨਾ।
ਆਪ ਆਪ ਭੀਤਰਿ ਉਰਝਾਨਾ।

—ਸ੍ਰੀ ਦਸਮ ਗ੍ਰੰਥ

ਅਕਾਲ ਪੁਰਖ ਨੇ ਆਪ ਦਰਸ਼ਨ ਦੇ ਕੇ, ਹੇਮ ਕੁੰਟ ਉਤੇ ਤਪ ਕਰਨ ਬੈਠੇ, ਗੁਰ ਗੋਬਿੰਦ ਸਿੰਘ ਨੂੰ ਇਹ ਪਿਛਲੇ ਜਨਮ ਵਿੱਚ ਦੱਸਿਆ ਸੀ। ਏਸੇ ਕਰਕੇ ਦਸਮੇਸ਼ ਪਿਤਾ ਸੰਸਾਰਕ ਸ਼ਕਤੀਆਂ ਅਤੇ ਪ੍ਰਾਪਤੀਆਂ ਨੂੰ ਵੇਖ ਕੇ, ਮਿਸਾਲਾਂ ਦੇ ਕੇ ਮਨੁੱਖ ਮਾਤਰ ਨੂੰ ਸਮਝਾਉਂਦੇ ਹਨ ਕਿ ਅਕਾਲ ਪੁਰਖ ਦੀ ਕਿਰਪਾ ਬਿਨ ਸਭ ਬੇਅਰਥ ਹੈ।

ਉਹ ਤ੍ਵਪ੍ਰਸਾਦ ਸ੍ਵੈਯੇ ਬਾਣੀ ਵਿਚ ਉਚਾਰਨ ਕਰਦੇ ਹਨ ਕਿ ਦੁਨੀਆ ਵਿਚ ਬੜੇ ਬੜੇ ਬਲਵਾਨ ਭੂ-ਪਤੀ ਹੋਏ ਹਨ। ਜਿਨ੍ਹਾਂ ਕੋਲ ਬੜੇ ਮਸਤ ਹਾਥੀ ਸਨ। ਉਹਨਾਂ ਹਾਥੀਆਂ ਦਾ ਸ਼ਿੰਗਾਰ ਕਰਨ ਲਈ ਉਹਨਾਂ ਨੇ ਸੋਨੇ ਦੇ ਗਹਿਣਿਆਂ ਦੀ

Sri Satguru Jagjit Singh Ji Elibrary NamdhariElibrary@gmail.com

ਵਰਤੋਂ ਕੀਤੀ ਹੋਈ ਸੀ। ਉਹ ਉਚੇ ਵੱਡੇ ਹਾਥੀ, ਸੋਹਣੇ ਝੁੱਲ ਪਾ ਕੇ ਸਜਾਏ ਹੋਏ ਸਨ। ਹਾਥੀਆਂ ਬਿਨਾਂ ਉਹਨਾਂ ਕੋਲ ਕਰੋੜਾਂ ਘੋੜੇ ਸਨ। ਉਹ ਘੋੜੇ ਹਿਰਨਾਂ ਵਰਗੀ ਫੁਰਤੀ ਨਾਲ ਛਾਲਾਂ ਲਾਉਂਦੇ ਹਨ। ਉਹਨਾਂ ਦੀ ਚਾਲ ਹਵਾ ਨੂੰ ਮਾਤ ਪਾਉਂਦੀ ਸੀ। ਉਹਨਾਂ ਮਹਾਰਾਜਿਆਂ ਦੀ ਈਨ ਮੰਨ ਕੇ ਵੱਡੇ ਵੱਡੇ ਬਾਹੂ ਬਲ ਵਾਲੇ ਰਾਜੇ ਉਹਨਾਂ ਅਗੇ ਸਿਰ ਝੁਕਾਉਂਦੇ ਸਨ। ਪਰ ਏਨੀ ਤਾਕਤ ਦੇ ਮਾਲਕ ਹੁੰਦੇ ਹੋਏ ਵੀ ਉਹਨਾਂ ਕੀ ਖੱਟਿਆ? ਕੀ ਨਾਲ ਲੈ ਕੇ ਗਏ?

ਉਹਨਾਂ ਰਾਜਿਆਂ ਦੀ ਆਪਣੇ ਸਮੇਂ ਐਸੀ ਜੇਤੂ ਸਥਿਤੀ ਸੀ ਕਿ ਆਪਣੀਆਂ ਫੌਜਾਂ ਹਾਥੀਆਂ, ਘੋੜਿਆਂ, ਰੱਥਾਂ ਦੇ ਜੋਰ ਨਾਲ, ਉਹ ਦੇਸਾਂ ਪ੍ਰਦੇਸਾਂ ਨੂੰ ਜਿੱਤ ਕੇ ਨਗਾਰੇ ਵਜਾਉਂਦੇ ਰਹੇ। ਉਹਨਾਂ ਦੇ ਹਾਥੀ ਚਿੰਘਾੜਦੇ ਰਹੇ, ਘੋੜੇ ਹਿਣਕਦੇ ਰਹੇ। ਏਹੋ ਜਹਿ ਭੁਈ-ਨਈ ਦੇ ਸਾਈਂ ਰਾਜੇ ਬਹੁਤ ਹੋਏ ਹਨ। ਬਹੁਤ ਹੋ ਰਹੇ ਹਨ ਅਤੇ ਭਵਿੱਖ ਵਿਚ ਬਹੁਤ ਹੋਣਗੇ। ਪਰ ਉਹਨਾਂ ਨੇ ਜੇ ਮਾਇਆ ਦੇ ਸੁਆਮੀ ਅਕਾਲ ਪੁਰਖ ਦਾ ਸਿਮਰਨ ਨਹੀਂ ਕੀਤਾ ਤਾਂ ਬੇਅਰਥ ਹੈ। ਅਖ਼ੀਰ ਨੂੰ ਉਹ ਸਭ ਜਮਲੋਕ ਵਿਚ ਚਲੇ ਗਏ।

ਏਸੇ ਤਰ੍ਹਾਂ ਤੀਰਥ ਯਾਤਰੀਆਂ ਤੇ ਵਿਦਵਾਨਾਂ ਦੀ ਗੱਲ ਹੈ। ਉਹਨਾਂ ਨੇ ਬਹੁਤ ਸਾਰੇ ਤੀਰਥਾਂ ਤੇ ਜਾ ਕੇ ਇਸ਼ਨਾਨ ਕੀਤਾ। ਜੀਵਾਂ ਉੱਤੇ ਦਇਆ ਕੀਤੀ। ਮਨ ਤੇ ਇੰਦਰੀਆਂ ਨੂੰ ਕਾਬੂ ਕਰਨ ਲਈ ਖ਼ਾਸ ਯਤਨ ਕੀਤਾ, ਪੁੰਨ ਦਾਨ ਕੀਤਾ। ਉਹਨਾਂ ਉਚੇਚੇ ਤੌਰ ਤੇ ਜਪ, ਤਪ, ਸੰਤੋਖ, ਦਾਨ, ਇਸ਼ਨਾਨ ਆਦਿ ਦਾ ਨੇਮ ਨਿਭਾਇਆ। ਉਹਨਾਂ ਨੇ ਵੇਦਾਂ, ਪੁਰਾਣਾਂ, ਕੁਰਾਨ ਆਦਿ ਦਾ ਅਧਿਐਨ ਕਰਕੇ ਇਹ ਜਾਣ ਲਿਆ ਕਿ ਇਹ ਲੋਕ ਕੀ ਹੈ? ਪ੍ਰਲੋਕ ਕੀ ਹੈ?

ਉਹਨਾਂ ਵਿਚੋਂ ਕਈ ਸਾਧਨਾ ਕਰਨ ਵਾਲਿਆਂ ਨੇ ਪਉਣ ਅਹਾਰੀ ਹੋ ਕੇ ਜਤ ਸਤ ਵਿਚ ਰਹਿਣ ਦਾ ਸਫਲ ਯਤਨ ਕੀਤਾ। ਉਹਨਾਂ ਨੇ ਸ੍ਰੇਸ਼ਟ ਵਿਚਾਰਾਂ ਨੂੰ ਅਪਣਾਇਆ। ਪਰ ਕੀ ਇਹ ਸਾਰਾ ਕੁਝ ਕਾਫੀ ਸੀ? ਨਹੀਂ! ਇਹ ਸਾਰਾ ਕੁਝ ਰਤੀ ਮਾਤਰ ਵੀ ਨਹੀਂ। ਰਾਜ ਭਾਗ ਭੋਗਣਾ, ਤਪ ਸਾਧਨਾ ਕਰਨਾ, ਤੀਰਥ ਯਾਤਰਾ ਕਰਨਾ ਅਤੇ ਪੁੰਨ ਦਾਨ ਕਰਨਾ, ਉਸ ਅਕਾਲ ਪੁਰਖ ਦਾ ਧਿਆਨ ਧਰਨ ਦਾ ਮੁਕਾਬਲਾ ਨਹੀਂ ਕਰ ਸਕਦਾ।

ਬ੍ਰਹਿਮੰਡ ਦੀਆਂ ਸਾਰੀਆਂ ਰਚਨਾਵਾਂ ਉਸ ਕਰਤਾਰ ਦੀ ਰਚਨਾ ਹਨ। ਉਹ ਉਸੇ ਵਿੱਚ ਸਮਾ ਜਾਣੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਮਨੁੱਖ ਮਾਤਰ ਨੂੰ ਸਮਝਾਉਣ ਲਈ ਸਧਾਰਨ ਆਲੇ ਦੁਆਲੇ ਵਿਚੋਂ ਮਿਸਾਲਾਂ ਦੇਂਦੇ ਹਨ ਕਿ ਅੱਗ ਬਲਦੀ ਹੈ, ਉਸ ਵਿਚੋਂ ਚੰਗਿਆੜੇ ਨਿਕਲਦੇ ਹਨ, ਉਤਾਂਹ ਉਠਦੇ ਹਨ ਪਰ ਉਹ ਕਿਤੇ ਹੋਰ ਨਹੀਂ ਜਾਂਦੇ ਵਾਪਸ ਆ ਕੇ ਅੱਗ ਵਿਚ ਹੀ ਡਿਗ ਜਾਂਦੇ ਹਨ। ਤੇਜ ਹਵਾ ਚਲਦੀ ਹੈ, ਹਨੇਰੀ ਆਉਂਦੀ ਹੈ ਤਾਂ ਮਿੱਟੀ ਦੇ ਬੇਅੰਤ ਕਣ ਧਰਤੀ ਤੋਂ ਉਪਰ ਉਠ ਕੇ ਅਕਾਸ਼ ਵਿੱਚ ਫੈਲ ਜਾਂਦੇ ਹਨ ਪਰ ਜਾਂਦੇ ਕਿਥੇ ਹਨ? ਵਾਪਸ ਆ ਕੇ ਧਰਤੀ ਉਤੇ ਡਿੱਗਦੇ ਹਨ, ਮਿੱਟੀ ਵਿਚ ਰਲਦੇ ਹਨ। ਦਰਿਆ ਦਾ ਪਾਣੀ ਹੈ, ਉਸ ਵਿਚ ਲਹਿਰਾਂ ਉੱਠਦੀਆਂ

Sri Satguru Jagjit Singh Ji Elibrary NamdhariElibrary@gmail.com

ਹਨ। ਸਮੁੰਦਰ ਵਿਚ ਹੋਰ ਵਧ ਜਵਾਰ-ਭਾਟਾ ਆਉਂਦਾ ਹੈ। ਪਰ ਉਹ ਉੱਠੀਆਂ ਲਹਿਰਾਂ ਵਾਪਸ ਆ ਕੇ ਪਾਣੀ ਵਿਚ ਹੀ ਸਮਾ ਜਾਂਦੀਆਂ ਹਨ। ਇਸੇ ਤਰ੍ਹਾਂ ਜਗ ਰੂਪ ਸ੍ਰਿਸ਼ਟੀ ਦਾ ਜੀਵਨ ਸੂਖਮ ਜੀਵ ਤੋਂ ਬਣਦਾ ਹੈ। ਪਰ ਜਾਂਦਾ ਕਿਥੇ ਹੈ? ਬਾਰੇ ਸਤਿਗੁਰੂ ਜੀ ਦਾ ਕਥਿਤ ਹੈ:

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ।
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈਂ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ।
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ
ਪਾਨਿ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ।

—ਅਕਾਲ ਉਸਤਤਿ

ਜਦੋਂ ਸਮਾਉਣਾ ਹੀ ਉਸ ਵਿਚ ਹੈ ਤਾਂ ਫਿਰ ਪਹਿਲਾਂ ਹੀ ਉਸ ਦੇ ਰੰਗ ਵਿਚ ਰਤੇ ਕਿਉਂ ਨਾ ਰਹੀਏ ਤੇ ਉਸ ਨੂੰ ਪਾਉਣ ਦੀ ਕੋਸ਼ਿਸ਼ ਕਿਉਂ ਨਾ ਕਰੀਏ।

ਉਸ ਨੂੰ ਪਾਉਣ ਵਾਸਤੇ ਨੇਤਰ ਮੁੰਦ ਕੇ ਬਗਲੇ ਵਾਂਗ ਧਿਆਨ ਲਗਾਉਣ ਦੀ ਲੋੜ ਨਹੀਂ, ਸੱਤਾਂ ਸਾਗਰਾਂ ਦੇ ਇਸ਼ਨਾਨ ਲਈ ਜਾਣ ਦੀ ਲੋੜ ਨਹੀਂ, ਭੋਗ ਵਿਲਾਸ ਤੇ ਐਸ਼ ਅਰਾਮ ਭਰੀ ਜ਼ਿੰਦਗੀ ਬਿਤਾਉਣ ਦੀ ਲੋੜ ਨਹੀਂ। ਨਾ ਹੀ ਪੱਥਰਾਂ ਦੀ ਪੂਜਾ ਕਰਨ ਦੀ ਲੋੜ ਹੈ, ਨਾ ਹੀ ਕਿਸੇ ਇੱਕ ਦਿਸ਼ਾ ਦੱਖਣ ਜਾਂ ਪਛਮ ਵਿਚ ਪਰਮਾਤਮਾ ਦੀ ਹੋਂਦ ਸਵੀਕਾਰਨ ਦੀ ਲੋੜ ਹੈ, ਨਾ ਮੜੀਆਂ-ਮਸਾਨਾਂ, ਬੁੱਤ-ਖਾਨਿਆਂ ਨੂੰ ਪੂਜਣ ਦੀ ਲੋੜ ਹੈ, ਸਗੋਂ ਜ਼ਰੂਰਤ ਹੈ ਕਿ ਇਹਨਾਂ ਝੂਠੇ ਵਿਖਾਵੇ ਦੇ ਤੌਰ ਤਰੀਕੇ ਛੱਡ ਕੇ ਉਸ ਦੇ ਭੇਦ ਨੂੰ ਸਮਝੀਏ। ਉਸ ਨੂੰ ਪਾਈਏ। ਇਸਦਾ ਇੱਕ ਹੀ ਤਰੀਕਾ ਹੈ:

ਸਾਚੁ ਕਹੌ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ।

—ਸ੍ਰੀ ਦਸਮ ਗ੍ਰੰਥ

ਜਿਨ੍ਹਾਂ ਦੀ ਉਸ ਨਾਲ ਪ੍ਰੀਤ ਲਗ ਜਾਵੇ। ਉਹਨਾਂ ਦੀਆਂ ਮਿਸਾਲਾਂ ਵਿਚੋਂ ਭਗਤ ਨਾਮ ਦੇਵ ਸਨ ਜਿਹੜੇ ਲਿਖਦੇ ਹਨ:

ਨਾਮੇ ਪ੍ਰੀਤਿ ਨਾਰਾਇਣ ਲਾਗੀ ॥ ਸਹਜ ਸੁਭਾਇ ਭਇਓ ਬੈਰਾਗੀ ॥

Sri Satguru Jagjit Singh Ji Elibrary NamdhariElibrary@gmail.com

ਕਹਿੰਦੇ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਭਗਤ ਨਾਮਦੇਵ ਦੀ ਵਧੀਆ ਛੰਨ ਬਣ ਗਈ। ਆਂਢਣਾਂ ਗੁਆਂਢਣਾ ਨਾਮ ਦੇਵ ਨੂੰ ਛੰਨ ਬਣਾਉਣ ਵਾਲੇ ਬੇਢੀ-ਮਿਸਤਰੀ ਤੇ ਉਸਦੀ ਮਿਹਨਤ ਮਜ਼ਦੂਰੀ ਬਾਬਤ ਪੁੱਛਣ ਲੱਗੀਆਂ ਤਾਂ ਨਾਮਦੇਵ ਦਾ ਜੁਆਬ ਸੀ :

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥
ਲੋਕ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥

ਜਦੋਂ ਅਕਾਲ ਪੁਰਖ ਨਾਲ ਪ੍ਰੀਤ ਕਰਨ ਲਈ, ਲੋਕ ਕੁਟੰਬ ਵਿਚ ਖਚਤ ਹੋਣ ਵਲੋਂ, ਪਿੱਠ ਹੋ ਜਾਏਗੀ ਤਾਂ ਆਪੇ ਦੁਨੀਆਂ ਦੀਆਂ ਹੋਰ ਸ਼ਕਤੀਆਂ ਪ੍ਰਾਪਤ ਕਰਨ ਦੀ ਲੋੜ ਨਹੀਂ ਰਹੇਗੀ। ਮਨੁੱਖ ਇਸ ਗੱਲ ਤੇ ਵੀ ਅਮਲ ਕਰਨ ਲੱਗੇਗਾ ਕਿ ਅਕਾਲ ਪੁਰਖ ਦੇ ਰੰਗ ਵਿਚ ਰੱਤੇ ਰਹੀਏ ਤਾਂਕਿ ਉਸਦੇ ਦਰਬਾਰ ਵਿਚ ਸੁਰਖਰੂ ਹੋਕੇ ਪਹੁੰਚੀਏ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ

ਬਾਣੀ ਦੇ ਅਰਥ ਤਾਂ ਬਹੁਤ ਸਾਰੇ ਹਨ ਪਰ ਆਮ ਸਮਝੇ ਜਾਂਦੇ ਅਰਥ ਹਨ ਪਦ-ਰਚਨਾ ਜਾਂ ਬੋਲ। ਸਤਿਗੁਰੂ ਦੀ ਬਾਣੀ ਉਹ ਹੀ ਹੈ ਜੋ ਸਤਿਗੁਰੂ ਜੀ ਉਚਾਰਦੇ ਹਨ। ਉਹ ਬਾਣੀ ਪਦ ਵਿਚ ਵੀ ਹੋ ਸਕਦੀ ਹੈ, ਗਦ ਵਿੱਚ ਵੀ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸਮੁੱਚੀ ਰਚਨਾ ਬਾਣੀ ਹੈ। ਸਤਿਗੁਰੂ ਜੀ ਦੀ ਰਚੀ ਬਾਣੀ, ਗੁਰਬਾਣੀ, ਭਗਤਾਂ ਦੀ ਭਗਤਬਾਣੀ, ਭੱਟਾਂ ਦੀ ਭੱਟਬਾਣੀ। ਗੁਰੂ ਦੀ ਬਾਣੀ ਸੰਬੰਧੀ ਸਤਿਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਲਿਖਿਆ ਹੈ:

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੇ ਸਦ ਕੁਰਬਾਨੀ ॥

ਦੋ ਗੁਰੂ ਸਾਹਿਬਾਨ ਐਸੇ ਸਨ ਜਿਹੜੇ ਗੁਰੂ ਦੀ ਸਰਨ ਆਉਣ ਤੋਂ ਪਹਿਲਾਂ ਦੇਵੀ ਦੇ ਉਪਾਸ਼ਕ ਜਾਂ ਗੰਗਾ ਆਦਿ ਤੀਰਥਾਂ ਦੀ ਯਾਤਰਾ ਨਾਲ ਅਧਿਆਤਮਕ ਭੁੱਖ ਦੀ ਤ੍ਰਿਪਤੀ ਕਰਨਾ ਚਾਹੁੰਦੇ ਸਨ। ਜਦ ਉਹਨਾਂ ਨੂੰ ਸਤਿਗੁਰੂ ਦੀ ਲਖਤਾ ਹੋਈ, ਉਹਨਾਂ ਨੇ ਸਤਿਗੁਰੂ ਦੀ ਬਾਣੀ ਦਾ ਰਸ ਮਾਣਿਆ ਤਾਂ ਉਸ ਸਤਿਗੁਰੂ ਦੇ ਦਰ ਤੇ ਹੀ ਟਿਕ ਗਏ। ਉਹਨਾਂ ਨੇ ਸਤਿਗੁਰੂ ਦੀ ਸੇਵਾ ਕਰਕੇ, ਭਜਨ ਬੰਦਗੀ ਕਰਕੇ, ਹੁਕਮ ਮੰਨਣ ਦੀ ਸਿਖਰ ਨੂੰ ਛੋਹ ਕੇ, ਸਿੱਖ ਤੋਂ ਗੁਰੂ ਦੀ ਪਦਵੀ ਪ੍ਰਾਪਤ ਕੀਤੀ। ਉਹਨਾਂ ਵਿਚੋਂ ਸਤਿਗੁਰੂ ਅਮਰਦਾਸ ਜੀ ਇੱਕ ਸਨ। ਇਸ ਲਈ ਉਹਨਾਂ ਦੇ ਜੀਵਨ ਦੀਆਂ ਘਟਨਾਵਾਂ ਅਤੇ ਉਹਨਾਂ ਦੀ ਬਾਣੀ ਦੇ ਅਧਾਰ ਉੱਤੇ ਗੁਰੂ ਅਤੇ ਬਾਣੀ ਬਾਰੇ ਕੁਝ ਵਿਚਾਰ ਲਿਖੇ ਜਾ ਰਹੇ ਹਨ।

1596 ਬਿ. (1539 ਈ.) ਵਿਚ ਗੁਰੂ ਅਮਰਦਾਸ ਜੀ, ਖਡੂਰ ਸਾਹਿਬ ਵਿਚ ਤਲਾਅ ਕੰਢੇ ਗਿਆਨ ਗੋਸਟ ਕਰਦੇ ਸਤਿਗੁਰੂ ਨਾਨਕ ਦੇਵ ਅਤੇ ਸਤਿਗੁਰੂ ਅੰਗਦ ਦੇਵ ਜੀ ਕੋਲ ਜਾ ਖੜੇ ਹੋਏ। ਇਹਨਾਂ ਸਤਿਗੁਰੂ ਸਾਹਿਬਾਨ ਨੂੰ ਪ੍ਰੇਮ ਸਹਿਤ ਤ੍ਰਿਚੌਲੀ ਭੇਟ ਕੀਤੀ ਪਰ ਉਹਨਾਂ ਅੰਦਰ ਨਾ ਸ਼ਰਧਾ ਭਾਵ ਜਾਗਿਆ ਨਾ ਸਿੱਖ ਸਜਣ ਲਈ ਇੱਛਾ ਪੈਦਾ ਹੋਈ।

ਸਤਿਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਆਪ ਦੇ ਵੱਡੇ ਭਾਈ ਦੀ ਨੂੰਹ ਬਣੀ। ਉਸ ਦੀ ਬਾਣੀ ਪੜ੍ਹਨ ਤੇ ਭਜਨ ਬੰਦਗੀ ਕਰਨ ਦੀ ਬਿਰਤੀ ਨੇ ਵੀ ਆਪ ਨੂੰ ਅਕਰਸ਼ਿਤ ਨਾ ਕੀਤਾ। ਆਪ ਜਦੋਂ ਵੀਹਵੀਂ ਵਾਰ ਗੰਗਾ ਇਸ਼ਨਾਨ ਕਰਕੇ ਮੁੜੇ। ਪੰਡਤ ਦੁਰਗਾ ਦੱਤ ਨੇ ਆਪ ਦੇ ਚਰਨ ਵਿੱਚ ਪਦਮ ਵੇਖ ਕੇ ਕਿਹਾ

Sri Satguru Jagjit Singh Ji Elibrary NamdhariElibrary@gmail.com

ਆਪ ਪਾਤਸ਼ਾਹ ਸਦਾਓਗੇ। ਆਪ ਤੇ ਚੌਰ ਝੁਲੇਗਾ। ਰਾਜਾ ਪਰਜਾ ਆਪ ਨੂੰ ਦਰਸ਼ਨ ਭੇਟ ਲੈ ਕੇ ਮਿਲਿਆ ਕਰੇਗੀ। ਉਸ ਪੰਡਤ ਨੂੰ ਆਪ ਮਠਿਆਈ ਦੇਣ ਲੱਗੇ ਤਾਂ ਉਸ ਨੇ ਸਹਿਜ ਸੁਭਾਵ ਪੁਛਿਆ ਆਪ ਦਾ ਗੁਰੂ ਕੌਣ ਹੈ ? ਇਹਨਾਂ ਆਖਿਆ ਗੁਰੂ ਤਾਂ ਅਜੇ ਕੋਈ ਨਹੀ ਲੱਭਾ, ਟੋਲ ਰਹੇ ਹਾਂ। ਪੰਡਤ ਨੇ ਆਖਿਆ :

"ਨਿਗੁਰੇ ਦੇ ਹਥੋਂ ਮੈਂ ਕਦੇ ਕੁਝ ਨਹੀ ਲੀਤਾ, ਕਿਉਂਕਿ ਨਿਗੁਰੇ ਦਾ ਦਰਸ਼ਨ ਕਰਨਾ ਭੀ ਸ਼ਾਸਤਰ ਵਿਚ ਦੋਸ਼ ਲਿਖਿਆ ਹੈ। ਸੋ ਜਦੋਂ ਗੁਰੂ ਧਾਰੋਗੇ ਤਦ ਕੁਝ ਲਵਾਂਗਾ।"

—ਤਵਾਰੀਖ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ।

ਗੁਰੂ ਧਾਰਨ ਕਰਨ ਬਾਰੇ, ਉਸ ਦਾ ਉਪਦੇਸ ਗ੍ਰਹਿਣ ਕਰਨ ਬਾਰੇ ਤੇ ਨਿਗੁਰਾ ਨਾ ਰਹਿਣ ਬਾਰੇ ਆਪ ਨੇ ਗੁਰੂ ਬਣਨ ਪਿਛੋਂ ਆਪਣੀ ਬਾਣੀ ਵਿੱਚ ਲਿਖਿਆ ਹੈ :

ਝਝੈ ਕਦੇ ਨ ਝੂਰਹਿ ਮੁੜੇ ਸਤਿਗੁਰ ਕਾ ਉਪਦੇਸ ਸੁਣਿ ਤੂ ਵਿਖਾ ॥
ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥

ਪੰਡਤ ਜੀ ਦੇ ਸ਼ਬਦਾਂ ਨੇ ਆਪ ਨੂੰ ਵਿੰਨ੍ਹਿਆਂ। ਫਿਰ ਬੀਬੀ ਅਮਰੋ ਕੋਲੋਂ ਸਤਿਗੁਰੂ ਜੀ ਦੀ ਬਾਣੀ ਸੁਣ ਕੇ ਆਪ ਦਾ ਮਨ-ਮਨੂਰ ਗੁਰੂ-ਪਾਰਸ ਨੂੰ ਪਰਸਨ ਲਈ ਬਿਹਬਲ ਹੋਣ ਲਗਾ। ਇਸ ਦੇ ਸਿੱਟੇ ਵਜੋਂ ਬਿਰਧ ਅਵਸਥਾ ਵਿਚ ਕੁੜਮਾਚਾਰੀ ਦੀ ਲੋਕ ਲਾਜ ਛੱਡ ਕੇ ਮੋਢੇ ਤੇ ਗਾਗਰ ਚੁੱਕ ਲਈ ਅਤੇ ਬਿਆਸ ਨਦੀ ਦੇ ਪਾਣੀ ਨਾਲ ਸਤਿਗੁਰੂ ਦਾ ਇਸ਼ਨਾਨ ਕਰਵਾ ਕਰਵਾ ਕੇ ਆਪਣਾ ਮਨ ਵੀ ਨਿਰਮਲ ਕਰ ਲਿਆ।

ਸਮਾਜ ਦੇ ਮਿਹਣਿਆਂ ਦੀ ਕੱਚੀ ਬਾਣੀ ਉਹਨਾਂ ਉਤੇ ਭੋਰਾ ਅਸਰ ਨਹੀ ਸੀ ਕਰਦੀ, ਨਾ ਕਿਸੇ ਪ੍ਰਤੀ ਗਿਲਾ ਸ਼ਿਕਵਾ ਹੁੰਦਾ, ਨਾ ਗੁੱਸਾ ਆਉਂਦਾ ਨਾ ਨਫ਼ਰਤ ਪੈਦਾ ਹੁੰਦੀ। ਉਹਨਾਂ ਤਾਂ ਜੁਲਾਹੀ ਦੇ ਅਮਰੂ ਨਿਥਾਵਾਂ ਕਹਿਣ ਨੂੰ ਵੀ ਅਣਸੁਣਿਆ ਕਰ ਛੱਡਿਆ।

ਉਹਨਾਂ ਅੰਦਰ ਸੱਚਾ ਵਸਿਆ ਸੀ ਇਸ ਕਰਕੇ ਕਿਸੇ ਦੇ ਅਪਸ਼ਬਦ ਜਾਂ ਕੱਚੀ ਬਾਣੀ ਨੂੰ ਗੌਲਣ ਦੀ ਲੋੜ ਨਹੀ ਸੀ। ਅੰਦਰ ਉਹ ਸੱਚਾ, ਸਤਿਗੁਰੂ ਦੀ ਅੰਮ੍ਰਿਤ ਮਈ ਬਾਣੀ ਸੁਣ ਕੇ, ਅੰਮ੍ਰਿਤ ਨੂੰ ਪਾ ਲਿਆ ਸੀ ਜਿਹੜਾ ਦੇਵਤਿਆਂ ਮਨੁੱਖਾਂ ਜਾਂ ਮੁਨੀਆਂ ਨੂੰ ਭਾਲਿਆਂ ਵੀ ਨਹੀ ਮਿਲਦਾ। ਉਹਨਾਂ ਨੇ ਉਸ ਬਾਰੇ ਬਾਅਦ ਵਿਚ ਬਾਣੀ ਵਿਚ ਲਿਖਿਆ :

ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥

ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥

ਆਪ ਜੀ ਦੀ ਘਾਲ ਥਾਇ ਪਈ ਅਤੇ ਗੁਰ ਤੇ ਗੁਰ ਹੋਆ। ਗੁਰੂ ਅਮਰਦਾਸ ਜੀ ਨੂੰ 1 ਮਾਘ 1609 ਬਿ. (1553 ਈ.) ਨੂੰ ਗੁਰ ਅੰਗਦ ਦੇਵ ਜੀ ਨੇ, ਪੰਜ ਪੈਸੇ ਅਤੇ ਨਾਰੀਯਲ ਅਗੇ ਰੱਖ ਕੇ ਮਥਾ ਟੇਕ ਕੇ ਗੱਦੀ ਦਿੱਤੀ। ਉਸ ਸਮੇਂ ਆਪ

Sri Satguru Jagjit Singh Ji Elibrary NamdhariElibrary@gmail.com

ਦੀ ਸੰਸਾਰਕ ਉਮਰ 73 ਕੁ ਵਰ੍ਹਿਆਂ ਦੀ ਸੀ।

ਗੁਰੂ ਅੰਗਦ ਦੇਵ ਜੀ ਦਾ ਸਿੱਖ ਸਜਣ ਤੋਂ ਪਹਿਲਾਂ ਤਾਂ ਆਪ ਨੇ ਤੀਰਥ ਯਾਤਰਾ ਕੀਤੀ, ਗ੍ਰੰਥਾਂ ਦੀ ਬਾਣੀ ਪੜ੍ਹੀ, ਸੁਣੀ ਤੇ ਦੇਵੀ ਦੇਵਤਿਆਂ ਦੇ ਬੁੱਤਾਂ ਦੀ ਪੂਜਾ ਕੀਤੀ ਸੀ, ਜਿਹੜੀ ਗੁਰੂ ਦੇ ਪਾਸਕੂ ਵੀ ਨਹੀਂ ਸੀ। ਉਹ ਆਪ ਲਿਖਦੇ ਹਨ ਕਿ ਸਤਿਗੁਰੂ ਨੂੰ ਮਿਲਣ ਤੋਂ ਪਹਿਲਾਂ ਉਹ ਅੱਖਾਂ ਹੁੰਦਿਆਂ ਵੀ ਅੰਨ੍ਹੇ ਸਨ :

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥

ਆਪ ਨੇ ਗੁਰਗੱਦੀ ਤੇ ਬਰਾਜਮਾਨ ਹੋਣ ਪਿਛੋਂ ਬਾਣੀ ਰਚੀ। ਉਸ ਬਾਣੀ ਵਿਚ ਰੂਹਾਨੀ ਉਚਤਾ, ਸੁਖ ਅਨੰਦ ਪ੍ਰਾਪਤ ਕਰਨ ਅਤੇ ਚੰਗੇਰਾ ਸਮਾਜ ਬਣਾਉਣ ਦੀ ਸਿਖਿਆ ਦਿੱਤੀ। ਇਸ ਕਾਰਜ ਲਈ ਉਹਨਾਂ ਨੇ ਸਤਿਗੁਰੂ ਦੀ ਸਰਨ ਪੈਣਾ ਜ਼ਰੂਰੀ ਕਿਹਾ। ਸਤਿਗੁਰੂ ਦੀ ਸਰਨ ਆ ਕੇ ਜੋ ਸੁਖ ਅਨੰਦ ਉਹਨਾਂ ਨੂੰ ਪ੍ਰਾਪਤ ਹੋਇਆ ਸੀ ਉਸ ਬਾਰੇ ਉਹਨਾਂ ਆਪਣੀ ਪਦ ਰਚਨਾ-ਬਾਣੀ ਵਿਚ ਥਾਂ ਥਾਂ ਲਿਖਿਆ। ਸਤਿਗੁਰੂ ਕੈਸਾ, ਕਿੰਨਾ ਤੇ ਕਿਵੇਂ ਅਨੰਦ ਦੇਂਦਾ ਹੈ, ਬਾਰੇ ਉਹਨਾਂ ਦੀ ਬਾਣੀ ਵਿਚ ਇੱਕ ਥਾਂ ਆਇਆ ਹੈ :

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਅਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ੍ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਆਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥

ਸਤਿਗੁਰੂ ਦੇ ਆਪਣੇ ਗੁਰਸਿੱਖ ਨੂੰ ਕੁਝ ਦੇਣ ਦੀ ਸਮਰਥਾ ਬਾਰੇ ਆਪ ਨੂੰ ਪੂਰਾ ਭਰੋਸਾ ਹੈ, ਤਦ ਹੀ ਆਪ ਨੇ ਲਿਖਿਆ ਹੈ :

ਸਤਿਗੁਰ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥

ਇਹਨਾਂ ਸਭਨਾਂ ਵਸਤਾਂ ਵਿਚ ਅਸਾਰ ਸੰਸਾਰ ਦੇ ਪਦਾਰਥਕ ਸੁਖ ਤਾਂ ਆ ਹੀ ਜਾਂਦੇ ਹਨ, ਸਵਰਗ ਦੇ ਸੁਖ ਤੇ ਉਸ ਤੋਂ ਵਧ ਮੁਕਤੀ ਵੀ ਆ ਜਾਂਦੀ ਹੈ। ਸਤਿਗੁਰੂ ਸੰਸਾਰ ਵਿਚ ਵਿਚਰਦਾ ਹੈ। ਉਸ ਦੇ ਸਿੱਖ ਉਹਨਾਂ ਦੇ ਦਰਸ਼ਨ ਕਰਦੇ ਹਨ। ਜਿਹੜੇ ਉਸ ਦੇ ਸਿੱਖ ਨਹੀ ਸੰਸਾਰ ਵਿਚ ਉਹ ਆਪ ਨੂੰ ਆਮ ਮਨੁੱਖ ਵਾਂਗ ਵੇਖਦੇ ਹਨ, ਹੋਰ ਜੀਵ ਵੀ ਵੇਖਦੇ ਹਨ। ਪਰ ਵੇਖਣ ਨਾਲ ਪ੍ਰਾਪਤੀ ਨਹੀ ਹੋ ਸਕਦੀ। ਪ੍ਰਾਪਤ ਕਰਨ ਲਈ ਸਤਿਗੁਰੂ ਦਾ ਬਚਨ ਮੰਨਣਾ ਤੇ ਉਸਦੇ ਸ਼ਬਦ ਨੂੰ ਕਮਾਉਣਾ ਜ਼ਰੂਰੀ ਹੈ। ਗੁਰੂ ਅਮਰਦਾਸ ਜੀ ਲਿਖਦੇ ਹਨ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨਾ ਹੋਵਈ ਜਿਚਰ ਸਬਦ ਨ ਕਰੇ ਵੀਚਾਰੁ ॥

ਜਿਸ ਸਤਿਗੁਰ ਦੇ ਸ਼ਬਦ ਨੂੰ ਮਨੁੱਖ ਨੇ ਵਿਚਾਰਨਾ ਹੈ, ਉਹ ਸਦ ਸਚਾ ਸਾਹਿਬ ਹੈ,

Sri Satguru Jagjit Singh Ji Elibrary NamdhariElibrary@gmail.com

ਸਹਜੇ ਦਾ ਪ੍ਰਭਾਵ ਨਿਰਵੈਰ ਹੈ, ਅੰਮ੍ਰਿਤ ਬਾਣੀ ਬੋਲਦਾ ਹੈ। ਪਰ ਇਸ ਦੀ ਸੋਝੀ ਹਰ ਕਿਸੇ ਨੂੰ ਥੋੜਾ ਹੋ ਸਕਦੀ ਹੈ, ਕਿਸੇ ਵਿਰਲੇ ਗੁਰਮੁਖ ਪਿਆਰੇ ਨੂੰ ਹੋ ਸਕਦੀ ਹੈ :

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖਿ ਵਿਰਲੇ ਕਿਨੈ ਚਖਿ ਡੀਠੀ ॥

ਇਹ ਮਿੱਠੀ ਬਾਣੀ ਗੁਰੂ ਦੀ ਹੈ। ਬਾਣੀ ਆਪ ਗੁਰੂ ਨਹੀ ਹੈ। ਗੁਰੂ ਕੋਈ ਹੋਰ ਹੈ ਜਿਹੜਾ ਬਾਣੀ ਬੋਲਦਾ ਹੈ ਪਰ ਹਰ ਬਾਣੀ ਬੋਲਣ ਵਾਲਾ ਵੀ ਗੁਰੂ ਨਹੀਂ। ਗੁਰੂ ਕਿਹੜਾ ਹੈ, ਇਸ ਦੀ ਪਛਾਣ ਗੁਰਸਿੱਖਾਂ, ਗੁਰਬਾਣੀ ਤੇ ਸਿੱਖ ਪਰੰਪਰਾ ਵਿੱਚ ਹੈ।

ਇਕ ਗੱਲ ਹੋਰ ਸੱਚ ਹੈ ਕਿ ਮਨੁੱਖ ਜੇ ਗੁਰੂ ਦੀ ਪਛਾਣ ਨਹੀ ਕਰ ਸਕਿਆ ਅਤੇ ਗੁਰੂ ਧਾਰਨ ਨਹੀ ਕਰ ਸਕਿਆ ਤਾਂ ਇਸ ਦਾ ਮਤਲਬ ਇਹ ਨਹੀ ਕਿ ਉਸ ਨੂੰ ਉਹ ਸਭ ਕੁਝ ਪ੍ਰਾਪਤ ਹੋ ਜਾਏਗਾ ਜੋ ਗੁਰੂ ਨੂੰ ਮਿਲਿਆਂ ਪ੍ਰਾਪਤ ਹੁੰਦਾ ਹੈ।

ਗੁਰੂ ਅਮਰਦਾਸ ਜੀ ਆਪਣੇ ਤਜਰਬੇ, ਵਿਵੇਕ, ਸੂਝ ਤੇ ਅਧਿਆਤਮਕ ਉਚਤਾ ਦੇ ਸਿਰ ਤੇ ਗੁਰੂ ਨਾ ਧਾਰਨ ਵਾਲਿਆਂ ਬਾਬਤ ਲਿਖਦੇ ਹਨ :

ਸਤਿਗੁਰ ਸਿਉ ਚਿਤੁ ਨ ਲਾਇਓ ਨਾਮ ਨ ਵਸਿਓ ਮਨਿ ਆਇ ॥
ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥

ਸਤਿਗੁਰੂ ਤੋਂ ਮੂੰਹ ਫੇਰਨ ਵਾਲਿਆਂ ਦਾ ਲੋਕ-ਪ੍ਰਲੋਕ ਕਿਸ ਤਰ੍ਹਾਂ ਦਾ ਹੈ, ਤੀਜੇ ਪਾਤਸ਼ਾਹ ਦੀ ਬਾਣੀ ਪੜ੍ਹਿਆਂ ਭੁਲੇਖਾ ਨਹੀ ਰਹਿ ਜਾਂਦਾ :

—ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ ॥
—ਸਤਿਗੁਰੂ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥

ਸਤਿਗੁਰੂ ਤੋਂ ਬੇਮੁਖ ਹੋ ਕੇ ਭਜਨ ਬੰਦਗੀ ਕਰਨ ਦਾ ਵੀ ਕੋਈ ਲਾਭ ਨਹੀ ਕਿਉਂਕਿ ਇਸ ਨਾਲ ਜਨਮ ਮਰਨ ਦੇ ਚਕਰ ਵਿਚ ਪਏ ਰਹੀਦਾ ਹੈ ਅਤੇ ਮੁਕਤੀ ਪ੍ਰਾਪਤ ਨਹੀ ਹੁੰਦੀ। ਪੁੰਨ ਦਾਨ ਕਾਰਨ, ਇਸਨਾਨ ਪਾਨ ਕਰਨ ਦੇ ਬਾਵਜੂਦ ਖ਼ੁਆਰੀ ਹੁੰਦੀ ਹੈ

ਸਤਗੁਰੂ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥
ਇਸਨਾਨੁ ਦਾਨ ਜੇਤਾ ਕਰਹਿ ਦੂਜੇ ਭਾਇ ਖੁਆਰੁ ॥

ਗੁਰੂ ਅਮਰਦਾਸ ਜੀ ਦੇ ਗੁਰਪੁਰਖ ਉਤੇ ਜੋ ਅਸੀ ਸਤਿਗੁਰੂ ਜੀ ਦੀ ਬਾਣੀ ਅਨੁਸਾਰ ਸਤਿਗੁਰ ਪੁਰਖ ਨੂੰ ਮੰਨਣ ਲਗ ਜਾਈਏ, ਉਸ ਦੀ ਬਾਣੀ ਜਾਂ ਉਪਦੇਸ ਸੁਣੀਏ, ਉਸ ਉਤੇ ਅਮਲ ਕਰੀਏ, ਅਤੇ ਆਪਣੀ ਬੁਧੀ ਦੀ ਉਪਜ, ਤਰਕ ਵਿਤਰਕ ਕੀ ਕਚੀ ਬਾਣੀ ਨੂੰ ਤਿਲਾਂਜਲੀ ਦੇ ਦਈਏ ਤਾਂ ਅਸੀ ਆਪ ਸੁਖੀ ਸੁਹੇਲੇ ਹੋਵਾਂਗੇ ਅਤੇ ਦੂਜੇ ਨੂੰ ਗੁਮਰਾਹ ਕਰਨ ਦੇ ਭਾਗੀ ਨ ਹੋਵਾਂਗੇ।

Sri Satguru Jagjit SIngh Ji Elibrary NamdhariElibrary@gmail.com

ਗੁਰਮੁਖਿ ਰੰਗ ਚਲੂਲਿਆ

ਗੁਰਮੁਖ ਐਸਾ ਵਿਅਕਤੀ ਹੁੰਦਾ ਹੈ ਜਿਸ ਦਾ ਮੁੱਖ ਗੁਰੂ ਵਲ ਹੁੰਦਾ ਹੈ। ਉਹ ਗੁਰੂ ਦੇ ਮੁੱਖ ਤੋਂ ਨਿਕਲੀ ਬਾਣੀ ਨੂੰ ਸੁਣਦਾ, ਮੰਨਦਾ, ਗ੍ਰਹਿਣ ਕਰਦਾ ਅਤੇ ਆਪਣੀ ਜ਼ਿੰਦਗੀ ਨੂੰ ਉਸ ਅਨੁਸਾਰ ਢਾਲਦਾ ਹੈ। ਉਹ ਸਹਿਜ ਵਿਚ ਵਿਚਰਦਾ ਹੈ, ਦਿਨ ਰਾਤ ਸਤਿਗੁਰੂ ਦੀ ਉਸਤਤ ਕਰਦਾ ਹੈ ਕਿਉਂਕਿ ਉਹ ਆਪਣੇ ਖਸਮ ਨੂੰ ਪਛਾਣਦਾ ਹੈ। ਉਹ ਆਪਾ ਗਵਾਉਂਦਾ ਹੈ, ਆਪਣੇ ਅੰਦਰੋਂ ਤ੍ਰਿਸਨਾ-ਭੁਖ ਮਿਟਾਉਂਦਾ ਹੈ; ਉਹ ਤੱਤ ਨੂੰ ਰਿੜਕਦਾ ਹੈ, ਉਹ ਬਿਬੇਕ ਬੁਧ ਹੁੰਦਾ ਹੈ।

ਗੁਰਮੁਖ ਸਵੈਕਾਬੂ ਰਖਦਾ ਹੈ। ਉਹ ਹੁਕਮ, ਰਜ਼ਾ ਨੂੰ ਮੰਨਣ ਵਿਚ ਸੁਖ ਅਨੁਭਵ ਕਰਦਾ ਹੈ। ਗੁਰੂ ਅਮਰਦਾਸ ਜੀ ਲਿਖਦੇ ਹਨ:

ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਿਜੇ ਹਰਿ ਰਸੁ ਪੀਜੈ ॥

ਭਾਣਾ ਮੰਨਣ ਦਾ ਕਾਰਜ ਵੀ ਉਚੇਚ ਨਾਲ ਜਾਂ ਵਿਖਾਵੇ ਲਈ ਨਹੀ ਹੁੰਦਾ ਸਗੋਂ ਸਹਿਜ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਇਕ ਸਿੱਖ ਜਿਸ ਦਾ ਨਾਂ ਗੁਰਮੁਖ ਸੀ ਨੇ ਅਰਜ਼ ਕੀਤੀ ਕਿ ਉਸ ਨੂੰ ਅਮਲੀ ਰੂਪ ਵਿਚ ਗੁਰਮੁਖ ਦੇ ਦਰਸ਼ਨ ਕਰਾਏ ਜਾਣ। ਸਤਿਗੁਰੂ ਜੀ ਨੇ ਉਸ ਨੂੰ ਗੁਜਰਾਤ (ਪੱਛਮੀ ਪੰਜਾਬ) ਜਾ ਕੇ ਭਾਈ ਭਿਖਾਰੀ ਨੂੰ ਮਿਲਣ ਲਈ ਕਿਹਾ।

ਭਾਈ ਗੁਰਮੁਖ ਨੇ ਭਾਈ ਭਿਖਾਰੀ ਕੋਲ ਜਾ ਕੇ ਵੇਖਿਆ ਕਿ ਉਹ ਤੱਪੜ ਗੰਢ ਰਿਹਾ ਹੈ ਅਤੇ ਲੱਕੜ ਬਾਲਣ ਇਕੱਠਾ ਕਰ ਰਿਹਾ ਹੈ। ਭਾਈ ਭਿਖਾਰੀ ਨੇ ਉਸ ਨੂੰ ਗੁਰੂ ਦਾ ਸਿੱਖ ਜਾਣ ਕੇ ਆਦਰ-ਮਾਣ ਦਿੱਤਾ, ਜਲ-ਪਰਸ਼ਾਦਾ ਛਕਾਇਆ ਅਤੇ ਬਿਸਰਾਮ ਦਾ ਸੁਖ ਦਿੱਤਾ। ਰਾਤੀ ਪਿੰਡ ਵਿਚ ਡਾਕੂ ਆ ਪਏ। ਪਿੰਡ ਦੀ ਵਾਹਰ ਉਹਨਾਂ ਦਾ ਮੁਕਾਬਲਾ ਕਰਨ ਗਈ ਜਿਸ ਵਿਚ ਭਾਈ ਭਿਖਾਰੀ ਦਾ ਪੁੱਤਰ ਵੀ ਸੀ। ਡਾਕੂਆਂ ਨਾਲ ਮੁਕਾਬਲੇ ਵਿਚ ਉਸ ਦਾ ਪੁੱਤਰ ਮਾਰਿਆ ਗਿਆ। ਭਾਈ ਭਿਖਾਰੀ ਨੇ ਗੰਢੇ ਹੋਏ ਤੱਪੜ ਉਤੇ ਪ੍ਰਚਾਵਣੀ ਕਰਨ ਆਇਆਂ ਨੂੰ ਬਿਠਾਇਆ, ਇਕੱਠੇ ਕੀਤੇ ਲੱਕੜ ਕਾਠ ਨਾਲ, ਉਸ ਦਾ ਸਸਕਾਰ ਕੀਤਾ ਪਰ ਡੋਲਿਆ ਨਾ।

ਭਾਈ ਗੁਰਮੁਖ ਦੇ ਪੁੱਛਣ ਉਤੇ ਕਿ ਉਸ ਨੇ ਆਪਣੇ ਪੁੱਤਰ ਨੂੰ ਵਾਹਰ ਨਾਲ ਜਾਣੋ ਕਿਉਂ ਨਹੀ ਰੋਕਿਆ ਜਾਂ ਪੁੱਤਰ ਦੀ ਲੰਮੀ ਉਮਰ ਦੀ ਅਰਦਾਸ ਕਿਉਂ ਨਹੀ ਕੀਤੀ। ਭਾਈ ਭਾਈ ਭਿਖਾਰੀ ਨੇ ਕਿਹਾ,

Sri Satguru Jagjit Singh Ji Elibrary NamdhariElibrary@gmail.com

"ਕਰਤਾਰ ਦੇ ਭਾਣੇ ਵਿਚ ਕੁਤਰਤ ਕਰਨੀ ਪਾਪ ਹੈ ਅਤੇ ਸਤਿਗੁਰਾਂ ਤੋਂ ਆਤਮ ਵਿਚਾਰ ਦਾਤ ਮੰਗਣੀ ਲੋੜੀਏ ਨਾ ਕਿ ਮਿਥਿਆ ਪਦਾਰਥਾਂ ਲਈ ਅਰਦਾਸ ਕਰਨੀ ਚਾਹੀਏ।" (ਮਹਾਨ ਕੋਸ਼)

ਸਤਿਗੁਰੂ ਜੀ ਦੇ ਹੋਰ ਸਿੱਖ ਵੀ ਐਸੇ ਹੋਏ ਹਨ ਜਿਨ੍ਹਾਂ ਦੇ ਜਵਾਨ ਪੁੱਤਰਾਂ ਦੀ ਮੌਤ ਉਹਨਾਂ ਦਾ ਹਿਰਦਾ ਨਹੀ ਡੁਲਾਉਂਦੀ। ਉਹਨਾਂ ਨੂੰ ਭਾਈ ਭਿਖਾਰੀ ਤੁਲ ਸਮਝਿਆ ਜਾਂਦਾ ਹੈ।

ਗੁਰਮੁਖ ਨੇ ਕਿਸ ਤਰ੍ਹਾਂ ਚੱਲਣ ਦਾ ਰਾਹ ਆਪਣਾਇਆ ਹੋਇਆ ਹੈ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

ਚਲਣ ਹੁਕਮੁ ਰਜਾਇ ਗੁਰਮੁਖਿ ਜਾਣਿਆ। ਗੁਰਮੁਖਿ ਪੰਥ ਚਲਾਇ ਚਲਣ ਭਾਣਿਆ।
ਸਿਦਕ ਸਬੂਰੀ ਪਾਇ ਕਰਿ ਸ਼ੁਕਰਾਣਿਆ। ਗੁਰਮੁਖਿ ਅਲਖੁ ਲਖਾਇ ਚੋਜ ਵਿਡਾਣਿਆ।
ਵਰਤਣ ਬਾਲ ਸੁਭਾਇ ਆਦਿ ਵਖਾਣਿਆ। ਸਾਧ ਸੰਗਤਿ ਲਿਵ ਲਾਇ ਸਚੁ ਸੁਹਾਣਿਆ।
ਜੀਵਨ ਮੁਕਤਿ ਕਰਾਇ ਸਬਦ ਸਿਵਾਣਿਆ। ਗੁਰਮੁਖਿ ਆਪੁ ਗਵਾਇ ਆਪ ਪਛਾਣਿਆ।

ਗੁਰਮੁਖ ਨੇ ਅਲਖ ਨੂੰ ਲਖ ਲਿਆ ਹੁੰਦਾ ਹੈ। ਪਰ ਇਹ ਗੁਰੂ ਦੀ ਕਿਰਪਾ ਨਾਲ ਹੋਇਆ ਹੁੰਦਾ ਹੈ:

ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥

ਭਾਈ ਗੁਰਦਾਸ ਜੀ ਸਭ ਤੋਂ ਮਹਿਕਵਾਨ ਬ੍ਰਿਛ, ਉੱਤਮ ਧਾਤ, ਸੇਸ਼ਠ ਸੰਗਤ ਅਤੇ ਪਵਿੱਤਰ ਉਪਦੇਸ ਬਾਰੇ ਲਿਖਦੇ ਹੋਏ ਦਸਦੇ ਹਨ ਕਿ ਐਸੇ ਫਲ ਗੁਰਮੁਖ ਪ੍ਰਾਪਤ ਕਰਦਾ ਹੈ। ਉਹਨਾਂ ਦੀ ਪੰਦਰਵੀਂ ਵਾਰ ਦੀ 20ਵੀਂ ਪਉੜੀ ਵਿਚ ਆਉਂਦਾ ਹੈ—

ਵਣਿ ਵਣਿ ਵਾਸ ਵਣਾਸਪਤਿ ਚੰਦਨੁ ਬਾਝੁ ਨ ਚੰਦਨੁ ਹੋਈ।
ਪਰਬਤਿ ਪਰਬਤਿ ਅਸਟ ਧਾਤੁ ਪਾਰਸ ਬਾਝੁ ਨ ਕੰਚਨ ਸੋਈ।
ਚਾਰਿ ਉਪਦੇਸ ਅਵੇਸ ਕਰਿ ਗੁਰਮੁਖਿ ਸਾਧ ਸੰਗਤ ਜਾਣੋਈ।
ਸਬਦ ਸੁਰਤਿ ਲਿਵਲੀਣੁ ਹੋਇ ਪਿਰਮ ਪਿਆਲਾ ਅਪਿਉ ਪਿਓਈ।
ਮਨਿ ਉਨਮਨਿ ਤਨ ਦੁਬਲੇ ਦੇਹ ਬਿਦੇਹ ਸਨੇਹ ਸਥੋਈ।
ਗੁਰਮੁਖਿ ਸੁਖ ਫਲੁ ਅਲਖ ਲਖੋਈ।

ਸ਼ਬਦ ਸੁਰਤ ਲਿਵਲੀਣ ਹੋਣ ਲਈ ਗੁਰਮੁਖ ਨੂੰ ਕਿਸੇ ਤ੍ਰਿਕੁਟੀ ਦੇ ਚਕਰ ਵਿਚ ਪੈਣ ਦੀ ਲੋੜ ਨਹੀ ਹੁੰਦੀ। ਉਹ ਇੜਾ, ਪਿੰਗਲਾ ਤੇ ਸੁਖਮਨਾ ਨਾੜੀਆਂ ਦੀ ਤ੍ਰਿਕੁਟੀ ਨੂੰ ਲੰਘ ਜਾਂਦਾ ਹੈ ਉਹ ਸਹਿਜ ਅਵਸਥਾ ਦੀ ਤ੍ਰਿਬੇਣੀ ਵਿਚ ਇਸ਼ਨਾਨ ਕਰਦਾ ਹੈ। ਉਹ ਇੱਕ ਮਨ ਹੋ ਕੇ ਇੱਕੋ ਦੀ ਅਰਾਧਨਾ ਕਰਦਾ ਹੈ। ਉਹ ਆਪਣਾ ਖ਼ਜ਼ਾਨਾ ਹਰਿ ਧਨ ਨਾਲ ਭਰਦਾ ਹੈ ਪਰ ਕਿਵੇਂ?

Sri Satguru Jagjit Singh Ji Elibrary NamdhariElibrary@gmail.com

ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥
ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥

....

ਗੁਰਮਖਿ ਅੰਮ੍ਰਿਤ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥ਮਹਲਾ 3

ਗੁਰਮੁਖ ਦੀ ਜੋਤਿ ਚੰਦ ਵਾਂਗ ਸੀਤਲ ਹੁੰਦੀ ਹੈ। ਉਹ ਪਾਰਸ ਹੁੰਦਾ ਹੈ, ਉਹ ਜੰਗਲ ਨੂੰ ਮਹਿਕਾਉਣ ਵਾਲਾ ਚੰਦਨ ਹੈ, ਉਹ ਮਾਨ ਸਰੋਵਰ ਦਾ ਹੰਸ ਹੈ।

ਸਤਿਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਦੀ ਇੱਕ ਅਸਟਪਦੀ ਦੇ ਚਾਰ ਪਦਾਂ ਵਿਚ 24 ਸੁਆਲ ਲਿਖੇ ਹਨ ਕਿ ਐਸਾ ਕੌਣ ਹੋ ਸਕਦਾ ਹੈ। ਉਸ ਤੋਂ ਅਗਲੇ ਪਦਾਂ ਵਿਚ ਉਹਨਾਂ ਸੁਆਲਾਂ ਦਾ ਜੁਆਬ ਹੈ ਕਿ ਐਸੇ ਚੰਗਾ ਗੁਰਮੁਖ ਹੋ ਸਕਦਾ ਹੈ, ਮਨਮੁਖ ਨਹੀਂ। ਉਹ ਚੌਵੀ ਸੁਆਲ ਹਨ: ਕਿਹੜੇ ਵਿਅਕਤੀ ਨੇ ਮੁਕਤੀ ਪ੍ਰਾਤ ਕੀਤੀ ਹੈ? ਕੌਣ ਹਰੀ ਜਸ ਨਾਲ ਜੁੜਿਆ ਹੋਇਆ ਹੈ? ਕਿਹੜਾ ਹਰੀ ਜਸ ਕਰਨ ਵਾਲਾ ਹੈ? ਕਿਹੜਾ ਗਿਆਨੀ, ਗ੍ਰਿਸਤੀ, ਤਿਆਗੀ, ਪਰਮੇਸ਼ਰ ਦੀ ਕਦਰ ਕੀਮਤ ਪਾਉਣ ਵਾਲਾ ਕਿਸੇ ਵਿਧੀ ਨਾਲ ਬੰਨ੍ਹਿਆ ਹੋਇਆ ਤੇ ਫਿਰ ਛੁਟਿਆ ਹੋਇਆ ਹੈ? ਕਿਸ ਦਾ ਜਨਮ ਮਰਨ ਦਾ ਗੇੜ ਮੁਕਿਆ ਹੋਇਆ ਹੈ? ਕਿਹੜਾ ਕਰਮਾਂ ਦਾ ਬਧਾ ਹੈ, ਕਿਹੜਾ ਨਿਹਕਰਮ ਹੈ? ਕਿਹੜਾ ਹਰ ਜਸ ਕਰਦਾ ਕਰਵਾਉਂਦਾ ਹੈ? ਸੁਖੀ ਤੇ ਦੁਖੀ ਮਨਮੁਖ ਤੇ ਵੇਮੁਖ, ਪਰਮੇਸ਼ਰ ਨਾਲ ਮਿਲਿਆ ਤੇ ਵਿਛੜਿਆ ਕੌਣ ਹੈ? ਇਸ ਤਰੀਕੇ ਨੂੰ ਕੌਣ ਜਾਣਦਾ ਹੈ? ਕਿਹੜੇ ਸ਼ਬਦ ਮਨ ਟਿਕਾਉਂਦੇ ਹਨ ਤੇ ਕਿਹੜਾ ਉਪਦੇਸ ਦੁਖ ਸੁਖ ਇਕੋ ਜਿਹਾ ਦਸਦਾ ਹੈ?

ਕਉਣੁ ਸੋ ਚਾਲ ਚਿਤੁ ਪਾਰਬ੍ਰਹਮ ਧਿਆਏ
ਕਿਨਿ ਬਿਧਿ ਕੀਰਤਨੁ ਗਾਏ ਜੀਉ ॥
ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥
ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥
ਧੰਨੁ ਗਿਰਹੀ ਉਦਾਸੀ ਗੁਰਮੁਖਿ
ਗੁਰਮੁਖਿ ਕੀਮਤਿ ਪਾਏ ਜੀਉ ॥
ਹਉਮੈ ਬਾਧਾ ਗੁਰਮੁਖਿ ਛੂਟਾ ॥
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ
ਗੁਰਮੁਖਿ ਕਰੇ ਸੁ ਸੁਭਾਏ ਜੀਉ ॥
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ।
ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ।

Sri Satguru Jagjit Singh Ji Elibrary NamdhariElibrary@gmail.com

ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ
ਗੁਰਮੁਖਿ ਕੀਰਤਨੁ ਗਾਏ ਜੀਉ ॥

ਗੁਰਮੁਖ ਵਿੱਚ ਜਿਸ ਤਰ੍ਹਾਂ ਦੇ ਗੁਣਾਂ ਬਾਰੇ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ ਉਹ ਉਸ ਨੂੰ ਬਹੁਤ ਉੱਚਾ ਦਰਜਾ ਦੇਂਦੇ ਹਨ। ਮਨੁੱਖ ਨੂੰ ਮੰਨ ਕੇ ਸਮਝ ਆ ਜਾਂਦੀ ਹੈ ਕਿ ਹਰ ਸਿੱਖ ਅਖਵਾਉਣ ਵਾਲਾ ਵਿਅਕਤੀ ਗੁਰਮੁਖ ਨਹੀ ਹੁੰਦਾ। ਹਾਂ ! ਪਰ ਗੁਰਮੁਖ ਸਿੱਖ ਹੁੰਦਾ ਹੈ, ਗੁਰੂ ਦਾ। ਗੁਰਮੁਖ ਬਣਨਾ ਸੌਖਾ ਨਹੀਂ ਇਸ ਲਈ ਤਪ ਤਿਆਗ, ਸਮਰਪਣ, ਸਾਧਨਾ, ਭਾਣਾ ਮੰਨਣ ਆਦਿ ਦੀ ਬਿਰਤੀ ਬਣਾਉਣ ਦੀ ਲੋੜ ਹੈ। ਇਹ ਮਾਰਗ ਔਖਾ ਹੈ। ਪਰ ਗੁਰਮੁਖ ਕਿੰਨਾ ਵੱਡਾ, ਕਿੰਨਾ ਉੱਚਾ ਹੈ, ਇਸ ਦੀ ਥਾਹ ਵੇਦ ਕਤੇਬ ਵੀ ਨਹੀ ਪਾ ਸਕੇ। ਭਾਈ ਗੁਰਦਾਸ ਜੀ ਲਿਖਦੇ ਹਨ :

ਗੁਰਮੁਖਿ ਪੰਥ ਅਗੰਮੁ ਹੈ ਗੁਰਮਤਿ ਨਿਹਚਲੁ ਚਲਣ ਭਾਣੈ ॥
ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕਉਣੁ ਆਖਿ ਵਖਾਣੈ ॥

ਗੁਰਮੁਖਾਂ ਦੀ ਸ੍ਰੇਸ਼ਠਤਾ ਪ੍ਰਗਟ ਕਰਨ ਵਾਲੇ ਕਈ ਗੁਣ ਤਾਂ ਸਹਿਜੇ ਪਤਾ ਲੱਗ ਜਾਂਦੇ ਹਨ ਕਿ ਉਹਨਾਂ ਦੇ ਮੁੱਖ ਉਜਲੇ ਹੁੰਦੇ ਹਨ। ਉਹਨਾਂ ਦਾ ਹਲਤ ਪਲਤ ਸੌਰਿਆ ਹੁੰਦਾ ਹੈ। ਜਦੋਂ ਕਿ ਦੁਨਿਆਵੀ ਜੀਵ ਜੰਮਣ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ; ਗੁਰਮੁਖ ਹਰੀ ਰੰਗ ਦੇ ਗੂੜ੍ਹੇ, ਲਾਲ ਰੱਤੇ ਰੰਗ ਵਿਚ ਰੰਗੇ ਹੁੰਦੇ ਹਨ :

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥

Sri Satguru Jagjit SIngh Ji Elibrary NamdhariElibrary@gmail.com

ਹਰਿ ਜੇਠਿ ਜੁੜੰਦਾ ਲੋੜੀਐ

ਜੇਠ ਦਾ ਮਹੀਨਾ ਵੀ ਬਾਕੀ ਭਾਰਤੀ ਮਹੀਨਿਆਂ ਵਾਂਗ ਸੰਗਰਾਂਦ ਤੋਂ ਸ਼ੁਰੂ ਹੁੰਦਾ ਹੈ। ਸੰਗਰਾਂਦ, ਜੋਤਸ਼ ਅਨੁਸਾਰ ਸੂਰਜ ਦੀ ਇੱਕ ਰਾਸ਼ੀ ਵਿੱਚ ਸੰਕ੍ਰਾਮ ਕਰਨ ਦਾ ਪਹਿਲਾ ਦਿਨ ਹੈ। ਭਾਵ ਉਸ ਰਾਸ਼ੀ ਵਿਚ ਸੂਰਜ ਦਾ ਪਹਿਲਾ ਦਿਨ, ਇਸ ਤਰ੍ਹਾਂ ਕਿਉਂਕਿ ਬਾਰਾਂ ਰਾਸ਼ੀਆਂ ਹਨ ਸੋ ਸੂਰਜ ਇੱਕ ਇੱਕ ਕਰਕੇ ਬਾਰਾਂ ਰਾਸ਼ੀਆਂ ਵਿਚ ਹੀ ਪ੍ਰਵੇਸ਼ ਕਰਦਾ ਹੈ ਅਤੇ ਹਰ ਇੱਕ ਦਾ ਪਹਿਲਾ ਦਿਨ ਸੰਗ੍ਰਾਂਦ ਹੁੰਦੀ ਹੈ।

ਰਾਸ਼ੀਆਂ ਬਾਰ੍ਹਾਂ ਹਨ ਤੇ ਭਾਵੇਂ ਮਹੀਨਿਆਂ ਦੇ ਨਾਂ ਵੀ ਬਾਰਾਂ ਹਨ, ਪਰ ਮਹੀਨਿਆਂ ਦੇ ਨਾਂ ਰਾਸ਼ੀਆਂ ਦੇ ਨਾਂ ਤੇ ਨਹੀਂ ਰੱਖੇ ਗਏ। ਇਹ ਨਾਂ ਨਛੱਤਰਾਂ ਦੇ ਨਾਂ ਤੇ ਰੱਖੇ ਗਏ ਹਨ। ਨਛਤਰ ਆਕਾਸ਼ ਵਿੱਚ ਉਹ ਪਿੰਡ ਹਨ, ਜਿਹੜੇ ਤਾਰਿਆਂ ਦੇ ਪੁੰਜਾਂ ਤੋਂ ਬਣਦੇ ਹਨ। ਉਹ ਪਿੰਡ ਧਰਤੀ ਦੇ ਚੰਦਰਮਾ ਦਾ ਮਾਰਗ ਬਣਾਉਂਦੇ ਹਨ। ਉਸੇ ਮਾਰਗ ਤੇ ਚੱਲ ਕੇ ਚੰਦਰਮਾਂ ਪ੍ਰਿਥਵੀ ਦੀ ਪ੍ਰਕਰਮਾ ਕਰਦਾ ਹੈ। ਇਹ ਨਛੱਤਰ 27 ਹਨ। ਇਹਨਾਂ ਵਿਚੋਂ 12 ਨਛੱਤਰਾਂ ਦੇ ਨਾਂ ਤੇ ਹੀ ਮਹੀਨਿਆਂ ਦੇ ਨਾਂ ਬਣੇ ਹਨ। ਪੂਰਨਮਾਸ਼ੀ ਚੰਦਰਮਾ ਆਖ਼ਰੀ-ਪੂਰਾ ਸਮਾਂ ਹੁੰਦਾ ਤੇ ਜਯੇਸ਼ਠ ਨਛੱਤਰ ਵਿਚ ਪੈਣ ਵਾਲੀ ਪੂਰਨਮਾਸ਼ੀ ਕਰਕੇ ਹੀ, ਮਹੀਨੇ ਦਾ ਨਾਂ ਜੇਠ ਬਣਿਆ ਹੈ।

ਜੇਠ ਨਾਲ ਧੁਪਾਂ, ਲੋਆਂ, ਗਰਮੀ ਦਾ ਪਹਿਰਾ ਲਗਾ ਮਹਿਸੂਸ ਹੁੰਦਾ ਹੈ। ਮਨੁੱਖ ਤਾਂ ਮਨੁੱਖ ਪਸ਼ੂ ਪੰਛੀ ਵੀ ਛਾਂ ਭਾਲਦੇ ਹਨ। ਗਰਮੀ ਨੇ ਉਹਨਾਂ ਨੂੰ ਏਨਾਂ ਬੇਹਾਲ ਕੀਤਾ ਹੁੰਦਾ ਹੈ ਕਿ ਸਭ ਰੁੱਖ ਦੀ ਛਾਂ ਹੇਠ ਬੈਠ ਕੇ ਹੀ ਸੁਖ ਦਾ ਸਾਹ ਲੈਂਦੇ ਹਨ। ਤ੍ਰੇਹ ਲਗਦੀ ਹੈ, ਹੋਠ ਸੁਕ ਜਾਂਦੇ ਹਨ, ਪਾਣੀ ਦੀ ਭਾਲ ਕਰੀ ਦੀ ਹੈ। ਰੱਜ ਕੇ ਪਾਣੀ ਪੀ ਕੇ ਪਿਆਸ ਬੁਝਾਈ ਦੀ ਹੈ। ਅੰਦਰ ਠੰਢ ਪੈਂਦੀ ਹੈ ਸੁਖ ਸ਼ਾਂਤੀ ਦਾ ਇਹਸਾਸ ਹੁੰਦਾ ਹੈ।

ਛੱਪੜ, ਤਲਾਅ, ਨਦੀ, ਚਸ਼ਮੇਂ, ਝੀਲ ਜਾਂ ਕਿਸੇ ਪ੍ਰਕਾਰ ਦੇ ਹੋਰ ਪਾਣੀ ਦੇ ਨੇੜੇ ਹੋਣਾ ਚੰਗਾ ਲਗਦਾ ਹੈ। ਸੁਗੰਧਿਤ ਤੇ ਠੰਢ ਪਹੁੰਚਾਉਣ ਵਾਲੀਆਂ ਵਸਤਾਂ ਸਰੀਰ ਤੇ ਮਲਣ, ਛਿੜਕਣ, ਖਾਣ ਪੀਣ ਨਾਲ ਸੁਖ ਚੈਨ ਮਿਲਦਾ ਹੈ। ਪਰ ਮਨ ਦਾ ਬਿਰਹਾ, ਸੀਤਲਤਾ ਦੇ ਕਿਸੇ ਬਾਹਰੀ ਸਾਧਨਾਂ ਨਾਲ ਨਹੀਂ ਪਤੀਜਦਾ। ਸਤਿਗੁਰੂ ਗੋਬਿੰਦ ਸਿੰਘ ਜੀ, ਭਗਵਾਨ ਕ੍ਰਿਸ਼ਨ ਦੇ ਕੰਸ ਨੂੰ ਮਾਰ ਕੇ ਮਥਰਾ ਵਾਸ ਸਮੇਂ ਦੀ ਬ੍ਰਿਜ ਦੀਆਂ ਗੋਪੀਆਂ ਦੀ ਬਿਰਹਨ ਅਵਸਥਾ ਬਾਰੇ, ਆਪਣੀ ਬਾਣੀ ਵਿਚ, ਬਾਰਾਂਮਾਹ ਵਿਚ ਲਿਖਦੇ ਹਨ। ਉਹਨਾਂ ਨੇ ਜੇਠ ਦੇ ਮਹੀਨੇ ਵਿਚ ਗੋਪੀਆਂ ਦੀ ਦਸ਼ਾ ਬਾਰੇ ਲਿਖਿਆ ਹੈ। ਭਗਵਾਨ ਕ੍ਰਿਸ਼ਨ ਦੇ ਉਹਨਾਂ ਕੋਲ ਹੁੰਦਿਆਂ, ਉਹ ਜਮਨਾ ਨਦੀ

Sri Satguru Jagjit Singh Ji Elibrary NamdhariElibrary@gmail.com

ਦੇ ਕਿਨਾਰੇ ਖੇਡਦੀਆਂ ਸਨ। ਉਹਨਾਂ ਨੇ ਸਰੀਰ ਤੇ ਚੰਦਨ ਦਾ ਲੇਪ ਕੀਤਾ ਹੋਇਆ ਸੀ, ਗੁਲਾਬ ਜਾਂ ਅਤਰ ਛਿੜਕਿਆ ਸੀ, ਕਪੜਿਆਂ ਤੇ ਸੁਗੰਧਿਤ ਵਸਤੂ ਲਾਈ ਹੋਈ ਸੀ ਉਹਨਾਂ ਦੀ ਖ਼ੂਬਸੂਰਤੀ ਦੀ ਛਬ ਨਿਆਰੀ ਸੀ, ਪਰ ਸਿਆਮ ਬਿਨਾ ਸਭ ਦੁਖਦਾਈ ਸੀ

ਜੇਠ ਸਮੈ ਸਖੀ ਤੀਰ ਨਦੀ ਹਮ ਖੇਲਤ ਚਿੱਤਿ ਹੁਲਾਸ ਬਢਾਂਈ।
ਚੰਦਨ ਸੋ ਤਨ ਲੇਪ ਸਭੈ ਸੁ ਗੁਲਾਬਹਿ ਸੋ ਧਰਨੀ ਛਿਰਕਾਈ।
ਲਾਇ ਸੁਗੰਧ ਭਲੀ ਕਪਰੋਂ ਪਰ ਤਾਕੀ ਪ੍ਰਭਾ ਬਰਨੀ ਨਹੀਂ ਜਾਈ।
ਤਉਨ ਸਮੇਂ ਸੁਖਦਾਇਕ ਥੀ ਇਹ ਅਉਸਰ ਸਯਾਮ ਬਿਨਾ ਦੁਖਦਾਈ ॥
—ਕ੍ਰਿਸ਼ਨਾ ਅਵਤਾਰ

ਗੋਪੀਆਂ ਨੂੰ ਗਿਆਨ ਦੇਣ ਵਾਸਤੇ ਭਗਵਾਨ ਕ੍ਰਿਸ਼ਨ ਨੇ ਊਧਵ ਨੂੰ ਭੇਜਿਆ। ਉਹ ਹਰਿ ਕੀ ਬਤੀਯਾਂ ਸੁਣਾਉਣ ਲਗਾ ਤਾਂ ਗੋਪੀਆਂ ਨੇ ਤੇ ਖਾਸ ਕਰਕੇ ਰਾਧਾ ਨੇ ਇਹ ਕਹਿੰਦਿਆਂ, "ਸਯਾਮ ਗਏ ਮਥਰਾ ਤਜਿ ਕੈ ਬ੍ਰਿਜ, ਹੋ ਅਬ ਧੋ ਹਮਰੀ ਗਤਿ ਕਾਈ।" ਕਹਿੰਦਿਆਂ ਹਉਕਾ ਭਰਦਿਆਂ ਆਪਣੇ ਦੁਖ ਦਰਦ ਤੇ ਕ੍ਰਿਸ਼ਨ ਦੇ ਨਿਰਮੋਹੀ ਹੋਣ ਬਾਰੇ ਦਸਦੀਆਂ ਹਨ। ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਨੁਸਾਰ ਜੇਠ ਦੇ ਮਹੀਨੇ ਵਿਚ ਵਾਤਾਵਰਨ ਦੀ ਐਸੀ ਤਪਸ ਹੈ ਕਿ ਠੰਢਾ ਪਾਣੀ ਵੀ ਅੱਗ ਵਾਂਗ ਤਪਦਾ ਹੈ, ਧਰਤੀ ਆਕਾਸ਼ ਤਪਦੇ ਹਨ, ਕੋਈ ਵੀ ਮੁਸਾਫ਼ਰ ਸਫ਼ਰ ਨਹੀ ਕਰਦਾ ਸਗੋਂ ਰੁੱਖ ਹੇਠਾਂ ਬਹਿ ਜਾਂਦਾ ਹੈ ਤੇ ਸਰੀਰ ਦੀ ਗਰਮੀ ਮਿਟਾਉਂਦਾ ਹੈ। ਇਸ ਮਹੀਨੇ ਜੀਵ ਵਿਆਕੁਲ ਹੋ ਜਾਂਦਾ ਹੈ। ਗਰਮੀ ਨਾਲ ਦਿਲ ਬਹਿੰਦਾ ਜਾਂਦਾ ਹੈ, ਭਗਵਾਨ ਕ੍ਰਿਸ਼ਨ ਦੇ ਵਿਛੋੜੇ ਕਾਰਨ ਹੋਰ ਵੀ ਸਾਹ ਔਖਾ ਹੈ। ਪਰ ਇਸ ਔਖੇ ਸਮੇਂ ਵੀ ਬੇਰਹਿਮ ਕ੍ਰਿਸ਼ਨ ਦੇ ਹਿਰਦੇ ਵਿਚ ਬਿਰਹਾ ਪੀੜ ਨਾਲ ਟਸ ਟਸ ਨਹੀਂ ਹੋਈ, ਨਾ ਬਿਰਹਾ ਪੀੜ ਨਾਲ ਉਸ ਬੇਦਰਦ ਤੇ ਅਸਰ ਹੋਇਆ ਹੈ:

ਨੀਰ ਸਮੀਰ ਹੁਤਾਸਨ ਕੇ ਸਮ, ਅਉਰ ਆਕਾਸ ਧਰਾ ਤਪਤਾਈ।
ਪੰਥ ਨਾ ਪੰਥੀ ਚਲੈ ਕੋਊਓ, ਤਰੁ ਤਾਕਿ ਤਰੈ ਤਨ ਤਾਪ ਸਿਰਾਈ।
ਜੇਠ ਮਹਾਂ ਬਲਵੰਤ ਭਯੋ, ਅਤਿ ਬਿਆਕੁਲ ਜੀਯ ਮਹਾਂ ਰਤਿ ਪਾਈ।
ਐਸੇ ਸਕਯੋ ਧਸਕਯੋ, ਸਮਕਯੋ, ਟਸਕਯੋ ਨ ਹੀਯੋ ਕਸਕਯੋ ਨ ਕਸਾਈ।
—ਕ੍ਰਿਸ਼ਨਾ ਅਵਤਾਰ

ਸਤਿਗੁਰੂ ਗੋਬਿੰਦ ਸਿੰਘ ਜੀ ਨੇ ਭਗਵਾਨ ਦੇ ਵਿਛੋੜੇ ਨੂੰ ਰਾਧਾ ਜਾਂ ਗੋਪੀਆਂ ਦੇ ਮਾਧਿਅਮ ਰਾਹੀ ਪੇਸ਼ ਕੀਤਾ ਹੈ। ਜਿਸ ਵ੍ਰਿਚ ਜੇਠ ਮਹੀਨੇ ਵਿਚ ਬਾਹਰ ਦੀ ਤਪਸ ਨੇ ਹਿਰਦੇ ਨੂੰ ਵੀ ਗਰਮੀ ਪਹੁੰਚਾਈ ਹੈ।

ਸਤਿਗੁਰੂ ਨਾਨਕ ਦੇਵ ਜੀ ਬਾਹਰ ਦੀ ਗਰਮੀ ਤੋਂ ਤਨ-ਮਨ ਤੇ ਹਿਰਦੇ ਨੂੰ ਬਚਾਉਣ ਦਾ ਸਾਧਨ ਦਸਦੇ ਹਨ ਕਿ "ਮਾਹੁ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ।" ਇਹ ਅਰਜ਼ ਬੇਨਤੀ ਕਿ ਹੇ ਪ੍ਰੀਤਮ ਮੈਨੂੰ ਨਾ ਵਿਸਾਰ, ਪ੍ਰਭੂ ਅਗੇ

Sri Satguru Jagjit Singh Ji Elibrary NamdhariElibrary@gmail.com

ਉਸ ਸਮੇਂ ਜਦੋਂ, ਥਲ ਭਠੀ ਵਾਂਗ ਤਪ ਰਿਹਾ ਹੈ ਮੈਂ ਰੂਪੀ ਇਸਤਰੀ ਪਰਮਾਤਮਾ ਅਗੇ ਅਰਦਾਸ ਕਰ ਰਹੀ ਹੈ ਕਿ ਤੂੰ ਹੀ ਕਿਰਪਾ ਕਰ ਤਾਂਕਿ ਮੈਨੂੰ ਨਾ ਵਿਸਰੇ। ਉਸ ਇਸਤਰੀ ਦੀ ਆਪਣੀ ਨਿਮਰਤਾ ਹੈ, ਉਹ ਸਮਝਦੀ ਹੈ, ਉਹ ਨਿਮਾਣੀ ਹੈ, ਨਿਤਾਣੀ ਹੈ, ਹਰੀ ਬਿਨਾ ਸੁਖ ਪ੍ਰਾਪਤ ਨਹੀ ਕਰ ਸਕਦੀ, ਨਾ ਪਤੀ ਪਰਮਾਤਮਾ ਦੇ ਸੁਖ ਭਰੇ ਮਹਿਲਾਂ ਵਿਚ ਰਹਿ ਸਕਦੀ ਹੈ। ਸੁਖ ਮਹਿਲੀ ਰਹਿ ਸਕਦੀ ਹੈ, ਹਰੀ ਰੂਪ ਹੋ ਕੇ, ਆਪਣੀ ਹਿੰਮਤ ਨਾਲ ਗੁਣ ਗ੍ਰਹਿਣ ਕਰਕੇ ਨਹੀਂ, ਉਸ ਦੀ ਬਖ਼ਸ਼ਸ਼ ਨਾਲ :—

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥
ਤੁਖਾਰੀ -ਬਾਰਾਮਾਂਹਾ

ਜੇਠ ਦੇ ਮਹੀਨੇ ਵਿਚ ਪਤੀ ਪਰਮਾਤਮਾ ਦੀ ਬਖ਼ਸ਼ਸ਼ ਨਾਲ ਸਤਿਗੁਰੂ ਨਾਨਕ ਦੇਵ ਜੀ ਉਸ ਜੈਸੀ ਹੋਣ ਦੀ ਸੰਭਾਵਨਾ ਪ੍ਰਗਟ ਕਰਦੇ ਹਨ, ਉਸ ਅਕਾਲ ਪੁਰਖ ਪਰਮਾਤਮਾ ਨਾਲ ਜੁੜਨ ਦੀ ਸੁਮਤ ਹੀ ਸਤਿਗੁਰੂ ਅਰਜਨ ਦੇਵ ਜੀ ਬਾਰਹਮਾਂਹਾ ਮਾਝ ਮਹਲਾ 5 ਵਿੱਚ ਦੇਂਦੇ ਹਨ। ਸਤਿਗੁਰੂ ਜੀ ਦੀ ਸਿੱਖਾਂ ਨੂੰ ਸਮਝਾਉਣ ਲਈ ਅਕਾਲ ਪੁਰਖ ਅਗੇ ਜੋੜਦੀ ਹੈ :

ਕਿਰਤਿ ਕਰਮ ਕੇ ਵੀਛੁੜੇ ਕਰ ਕਿਰਪਾ ਮੇਲਹੁ ਰਾਮ।

ਉਸਦੀ ਕਿਰਪਾ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਉਸ ਨਾਲ ਇਕਾਗਰ ਚਿਤ ਹੋਇਆ ਜਾਏ। ਉਸ ਨਾਲ ਇਕਾਗਰ ਚਿਤ ਹੋਣਾ ਇਸ ਲਈ ਵੀ ਜ਼ਰੂਰੀ ਹੈ ਉਹ ਸਰਬਗ ਹੈ, ਸਰਬਸ਼ਕਤੀਮਾਨ ਹੈ, ਸਾਰੀ ਸ਼੍ਰਿਸਟੀ ਹੀ ਨਹੀ ਸਾਰੇ ਖੰਡ ਬ੍ਰਹਮੰਡ ਵੀ ਉਸ ਅਗੇ ਨਿਉਂਦੇ ਹਨ। ਸੰਸਾਰ ਦੀ ਕਿਸੇ ਹੋਰ ਤਾਕਤ ਦਾ ਆਸਰਾ ਲੈਣਾ ਨਿਰਮੂਲ ਹੈ ਕਿਉਂਕਿ ਉਹ ਆਸਰੇ ਤੁਛ ਹਨ, ਨਿਰਮੂਲ ਹਨ, ਔਖੇ ਵੇਲੇ ਤੇ ਖ਼ਾਸ ਕਰਕੇ ਅੰਤ ਸਮੇਂ ਛੱਡ ਜਾਣ ਵਾਲੇ ਹਨ। ਪਲਾ ਫੜਨਾ ਹੈ ਤਾਂ ਹਰੀ ਦਾ ਹੀ ਫੜਨਾ ਹੈ। ਉਸ ਦਾ ਪਲਾ ਫੜਿਆਂ, ਉਸ ਦੀ ਸਰਨ ਪਿਆਂ ਕਿਸੇ ਨੂੰ ਹੋਰ ਕੋਈ ਬੰਧਨ ਨਹੀਂ ਹੁੰਦਾ। ਉਦੋਂ ਇਸ ਗੱਲ ਦੀ ਸੋਝੀ ਆਉਣ ਲਗਦੀ ਹੈ ਕਿ ਪ੍ਰਭੂ ਨਾਮ ਰੂਪੀ ਖ਼ਜ਼ਾਨਾ ਹੀਰਿਆਂ ਮੋਤੀਆਂ ਨਾਲ ਭਰਿਆ ਹੋਇਆ ਹੈ। ਦੁਨੀਆਂ ਦਾ ਹੀ ਖ਼ਜ਼ਾਨਾ ਜਾਂ ਧਨ ਪਦਾਰਥ ਕੋਲ ਹੋਇਆ ਤਾਂ ਫਿਕਰ ਰਹਿੰਦਾ ਹੈ ਕਿ ਕੋਈ ਖੋਹ ਨਾ ਲਵੇ, ਚਿੰਤਾ ਹੁੰਦੀ ਹੈ। ਕੋਈ ਚੁਰਾ ਨਾ ਲਵੇ, ਕੋਈ ਸੁਤਿਆਂ ਪਿਆਂ ਘਰੋਂ ਸੰਨ੍ਹ ਲਾ ਕੇ ਲੈ ਨਾ ਜਾਵੇ। ਪਰ ਏਥੇ ਫਿਰ ਚਿੰਤਾਵਾਂ ਤੋਂ ਮੁਕਤ ਇਸ ਖਜ਼ਾਨੇ ਕਰਕੇ ਅੰਦਰ ਅਮੀਰੀ, ਖ਼ੁਸ਼ੀ, ਖੇੜਾ ਰਹਿੰਦਾ ਹੈ ਕਿਉਂਕਿ ਉਸ ਨੂੰ ਕੋਈ ਚੋਰ ਸੰਨ੍ਹ ਲਾ ਕੇ, ਪਾੜ ਲਾ ਕੇ, ਚੁਰਾ ਨਹੀ ਸਕਦਾ। ਚੋਰ ਵੀ ਇਕ ਨਹੀਂ ਪੰਜ ਹਨ—ਕਾਮ, ਕਰੋਧ, ਲੋਭ, ਮੋਹ, ਹੰਕਾਰ-ਗੁਰੂ ਅਮਰਦਾਸ ਜੀ ਬਾਣੀ ਅਨੁਸਾਰ ਨਾਮ ਵਿਸਾਰਨ ਵਾਲਿਆਂ ਨੂੰ ਜਾਂ ਨਾਮ ਖ਼ਜ਼ਾਨੇ ਤੋਂ ਹੀਣਿਆਂ ਨੂੰ ਪੰਜ ਚੋਰ ਲੁਟਦੇ ਹਨ, ਸੰਨ੍ਹ ਲਾ ਕੇ :

Sri Satguru Jagjit SIngh Ji Elibrary NamdhariElibrary@gmail.com

ਜਿਨੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿ।
ਪੰਚ ਚੋਰ ਤਿਨਾ ਘਰੁ ਮੁਹੀਨ ਹਉਮੈ ਅੰਦਰਿ ਸੰਨਿ੍॥ਮਹਲਾ੩

ਜਿਸ ਦੇ ਨਾਮ ਨੂੰ ਸੰਨ੍ਹ ਨਹੀਂ ਲਗਦੀ, ਸੰਸਾਰ ਦੇ ਸੁਖ ਅਨੰਦ ਮੌਜ ਮਸਤੀਆਂ ਵੀ ਉਸ ਦੀ ਦੇਣ ਹਨ। ਜੋ ਕੁਝ ਵੀ ਜੀਵ ਦੇ ਮਨ ਨੂੰ ਭਾਉਂਦਾ ਹੈ ਉਹ ਰੰਗ ਤਮਾਸ਼ੇ ਨਾਰਾਇਣ ਦੇ ਬਣਾਏ ਹਨ। ਜੀਵ ਕਿਸੇ ਗੱਲ ਦਾ ਮਾਣ ਹੰਕਾਰ ਨਾ ਕਰੇ ਕਿ ਉਹ ਹੀ ਆਪਣੇ ਸੁਖ ਆਰਾਮ ਸਿਰਜ ਰਿਹਾ ਹੈ। ਉਹ ਕੁਝ ਨਹੀਂ ਕਰਦਾ ਜੋ ਕਰਦਾ ਹੈ, ਕਰਤਾ ਕਰਨਹਾਰ ਕਰਦਾ ਹੈ। ਜੀਵ ਨੂੰ ਇਸ ਗੱਲ ਦਾ ਗਿਲਾ ਸ਼ਿਕਵਾ ਨਹੀ ਕਰਨਾ ਚਾਹੀਦਾ ਕਿ ਪਰਮਾਤਮਾ ਨੇ ਸਭ ਨੂੰ ਆਪਣੇ ਨੇੜੇ ਨਹੀ ਕੀਤਾ, ਆਪਣੇ ਨਹੀ ਬਣਾਇਆ ਸਗੋਂ ਉਹਨਾਂ ਦੀ ਉਪਮਾ ਕੀਤੀ ਜਾਣੀ ਬਣਦੀ ਹੈ ਜਿਹੜੇ ਅਕਾਲ ਪੁਰਖ ਦੇ ਨੇੜੇ ਹਨ।

ਅਕਾਲ ਪੁਰਖ ਦੇ ਸਰਗੁਣ ਸਰੂਪ ਸਤਿਗੁਰੂ ਦੀ ਮਿਸਾਲ ਲਈਏ। ਸਤਿਗੁਰੂ ਸਚੇ ਪਾਤਸ਼ਾਹ ਦੇ ਹਰ ਸ਼ਰਧਾਲੂ ਨੇੜੇ ਨਹੀਂ ਹੁੰਦਾ। ਜਿਹੜੇ ਨੇੜੇ ਨਹੀਂ ਉਹ ਆਪਣੇ ਆਪ ਨੂੰ ਨੇੜੇ ਰਹਿਣ ਵਾਲਿਆਂ ਤੋਂ ਵੱਡਾ, ਸਿਆਣਾ, ਤਾਕਤਵਰ, ਆਗਿਆਕਾਰ ਸ਼ਰਧਾਲੂ ਸੇਵਕ ਸਮਝ ਕੇ, ਕਈ ਵਾਰ ਨੇੜੇ ਵਾਲਿਆਂ ਉਤੇ ਈਰਖਾ ਕਰਦੇ ਹਨ। ਸਤਿਗੁਰੂ ਜੀ ਦਾ ਉਪਦੇਸ ਹੈ ਕਿ ਉਹਨਾਂ ਬਾਰੇ ਕੁਝ ਮੰਦਾ, ਈਰਖਾ ਭਰਿਆ ਸੋਚਣ ਦੀ ਥਾਂ, ਆਪਣਾ ਧਿਆਨ ਇਸ ਪਾਸੇ ਵਲ ਲਾਇਆ ਜਾਵੇ ਕਿ ਉਹ ਖ਼ੁਸ਼ਕਿਸਮਤ ਹਨ, ਕਰਮਾਂ ਵਾਲੇ ਹਨ, ਜਿਹੜੇ ਆਪਣੇ ਸਤਿਗੁਰੂ ਜੀ ਦੇ ਕਿਰਪਾ ਦੇ ਪਾਤਰ ਹਨ। ਇਸ ਤਰ੍ਹਾਂ ਸੋਚਣ ਨਾਲ ਮਨ ਦੀ ਬੇਚੈਨੀ ਖ਼ਤਮ ਹੋਣ ਲਗੇਗੀ ਅਤੇ ਟਿਕਾਅ ਆਉਣ ਲਗੇਗਾ। ਆਪਣੇ ਜਤਨ ਨਾਲ ਤਾਂ ਕੁਝ ਨਹੀ ਪ੍ਰਾਪਤ ਕੀਤਾ ਜਾ ਸਕਦਾ। ਜੇ ਆਪਣੀ ਕੋਸ਼ਿਸ਼ ਨਾਲ ਮਿਲਾਪ ਦੇ ਨਿੱਘ-ਨੇੜ ਦੀ ਪ੍ਰਾਪਤੀ ਹੋ ਸਕਦੀ ਹੋਵੇ ਤਾਂ ਉਸ ਤੋਂ ਵਿਛੜਨ ਦਾ ਦੁਖ ਵੀ ਨਹੀਂ ਹੋ ਸਕਦਾ ਕਿਉਂਕਿ ਫਿਰ ਜਦੋਂ ਮਰਜੀ ਹੋਵੇ ਦੁਬਾਰਾ ਮਿਲਿਆ ਜਾ ਸਕਦਾ ਹੈ।

ਸਤਿਗੁਰੂ ਗੋਬਿੰਦ ਸਿੰਘ ਦੇ ਜੇਠ ਦੇਂ ਮਹੀਨੇ ਦੇ ਵਰਨਣ ਅਨੁਸਾਰ ਗੋਪੀਆਂ ਤੇ ਰਾਧਾ ਨੂੰ ਭਗਵਾਨ ਕ੍ਰਿਸ਼ਨ ਤੋਂ ਵਿਛੜਨ ਦਾ ਦੁਖ ਇਸ ਕਰਕੇ ਹੈ ਕਿ ਉਹ ਸਮਝਦੀਆਂ ਹਨ, ਉਸ ਨਾਲ ਮਿਲਾਪ ਉਸਦੀ ਰਜ਼ਾ ਨਾਲ ਨਹੀ ਗੋਪੀਆਂ ਦੀ ਮਰਜ਼ੀ ਨਾਲ ਹੈ। ਜੀਵ ਦਾ ਵੀ ਪ੍ਰਭੂ ਨਾਲ ਮੇਲ ਸਵੈ-ਇੱਛਾ ਨਾਲ ਨਹੀਂ ਹੁੰਦਾ। ਏਸੇ ਕਰਕੇ ਉਦਾਸ ਹੋਈ ਦਾ ਹੈ, ਪ੍ਰੇਸ਼ਾਨ ਹੋਈ ਦਾ ਹੈ, ਰੋਈ ਦਾ ਹੈ।

ਪਰ ਇਸ ਰੋਣ ਤੋਂ, ਵਿਛੋੜੇ ਦੇ ਦੁਖ ਤੋਂ ਬਚ ਸਕੀਦਾ ਹੈ। ਬਚਣ ਦਾ ਸਾਧਨ ਸਤਿਗੁਰੂ-ਸਾਧੂ ਦਾ ਸੰਗ ਕਰਨਾ ਹੈ। ਉਸ ਦੀ ਸੰਗਤ ਕਰਕੇ ਹੀ ਮਨੁੱਖ ਮੌਜਾਂ ਮਾਣ ਸਕਦਾ ਹੈ। ਸੋ ਜੇਠ ਮਹੀਨੇ ਦੇ ਸ਼ਬਦ ਦੀ ਆਖ਼ਰੀ ਤੁਕ ਅਨੁਸਾਰ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ:

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।

Sri Satguru Jagjit Singh Ji Elibrary NamdhariElibrary@gmail.com

ਜੇਠ ਦਾ ਮਹੀਨਾ ਉਸ ਧਣੀ ਮਾਲਕ ਦੀ ਕਿਰਪਾ ਨਾਲ ਖ਼ੁਸ਼ੀਆਂ ਪ੍ਰਦਾਨ ਕਰਨ ਵਾਲਾ ਹੈ ਜਿਸ ਤੇ ਉਸ ਦੀ ਬਖ਼ਸ਼ਸ਼ ਹੈ। ਇਹ ਬਖ਼ਸ਼ਸ਼ ਵੀ ਚੰਗੇ ਭਾਗਾਂ ਕਰਕੇ , ਹੀ ਹੁੰਦੀ ਹੈ। ਨਹੀਂ ਤਾਂ:

ਭਾਗਹੀਨ ਭ੍ਰਮਿ ਚੋਟਾ ਖਾਵਹਿ।

—ਮਹਲਾ 5

ਇਸ ਜੇਠ ਦੇ ਭਠ ਵਾਂਗ ਤਪਦੇ ਸਮੇਂ ਵਿਚ ਲੋੜ ਹੁੰਦੀ ਹੈ ਠੰਢ ਦੀ, ਸੀਤਲਤਾ ਦੀ ਅਤੇ ਸੀਤਲਤਾ ਪ੍ਰਦਾਨ ਕਰਦਾ ਹੈ ਨਾਮ, ਨਾਮ ਪ੍ਰਾਪਤ ਹੁੰਦਾ ਹੈ ਸਤਿਗੁਰੂ ਤੋਂ। ਪੰਜਵੇਂ ਪਾਤਸ਼ਾਹ ਇਕ ਹੋਰ ਥਾਂ ਲਿਖਦੇ ਹਨ:

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥

ਭਗਤ ਕਬੀਰ ਨੇ ਤੇ ਸਮੁਚੇ ਕਲਜੁਗ ਦੇ ਵਰਤਾਰੇ ਨੂੰ ਧਿਆਨ ਵਿਚ ਰਖ ਕੇ ਲਿਖਿਆ ਹੈ:

ਕਲਿ ਤਾਤੀ ਠਾਂਢਾ ਹਰਿ ਨਾਉ।

ਸੀਤਲਤਾ ਪ੍ਰਾਪਤ ਕਰਨ ਲਈ ਓਸ ਹਰੀ ਨਾਮ ਨਾਲ ਜੁੜਨ ਬਾਰੇ ਸਤਿਗੁਰੂ ਜੀ ਲਿਖਦੇ ਹਨ:

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥

—ਮਹਲਾ 5

Sri Satguru Jagjit Singh Ji Elibrary NamdhariElibrary@gmail.com

ਮਨਹੁ ਕਠੋਰੁ ਮਰੈ ਬਾਨਾਰਸ

ਪਰਲੋਕ ਸੁਆਰਨ ਦਾ ਚਾਹਵਾਨ ਹਰ ਵਿਅਕਤੀ ਆਪਣੇ ਜੀਵਨ ਕਾਲ ਵਿੱਚ ਐਸੇ ਕਰਮ ਕਰਨਾ ਚਾਹੁੰਦਾ ਹੈ, ਜਿਸ ਨਾਲ ਉਹ ਬੈਕੁੰਠ ਧਾਮ ਜਾ ਸਕੇ। ਉਹ ਭਜਨ-ਬੰਦਗੀ ਕਰਦਾ ਹੈ, ਪੂਜਾ ਪਾਠ ਕਰਦਾ ਹੈ ਅਤੇ ਤੀਰਥ ਯਾਤਰਾ ਕਰਦਾ ਹੈ। ਪਰ ਕਈਆਂ ਦਾ ਮਨ ਟਿਕਦਾ ਨਹੀਂ, ਭਟਕਦਾ ਰਹਿੰਦਾ ਹੈ। ਐਸੇ ਵਿਅਕਤੀਆਂ ਦੇ ਮਨ ਅੰਦਰ ਸ਼ੁੱਧਦਾ ਨਹੀਂ ਹੁੰਦੀ। ਜਿਸ ਦਾ ਪ੍ਰਗਟਾਵਾ ਉਹਨਾਂ ਦੇ ਬੋਲ-ਚਾਲ, ਹਾਵ-ਭਾਵ ਤੇ ਕਾਰਜਾਂ ਰਾਹੀਂ ਹੁੰਦਾ ਰਹਿੰਦਾ ਹੈ। ਅਸ਼ੁੱਧ ਮਨ ਵਾਲਾ ਵਿਅਕਤੀ ਕਠੋਰ ਹੁੰਦਾ ਹੈ, ਉਸ ਦੇ ਮਨ, ਬਚਨ ਤੇ ਕਰਮ ਵਿੱਚ ਇਕਸਾਰਤਾ ਨਹੀ ਰਹਿੰਦੀ ; ਉਸ ਦਾ ਅੰਤਮ ਸਮਾਂ ਕਿਸੇ ਵੀ ਪਵਿੱਤਰ ਸਥਾਨ ਉਤੇ ਹੋਵੇ ਉਸ ਨੂੰ ਦਰਗਾਹ ਦਾ ਸੁਖ ਨਹੀਂ ਮਿਲਦਾ। ਮਨ ਕੀ ਹੈ ? ਅੰਦਰ ਦੀਆਂ ਇੰਦਰੀਆਂ ਦਾ ਇੱਕ ਭੇ ਦ। ਤਿੰਨ ਭੇਦ ਹੋਰ ਹਨ ਬੁਧਿ, ਚਿਤ ਤੇ ਅਹੰਕਾਰ। ਅੰਦਰ ਦੀਆਂ ਇੰਦਰੀਆਂ ਦੇ ਸੰਜੋਗ ਨਾਲ ਬਾਹਰਲੀਆਂ ਇੰਦਰੀਆਂ ਕਾਰਜ ਕਰਦੀਆਂ ਹਨ। ਮਨ ਕਰਕੇ ਮਨੁੱਖ ਨੂੰ ਸੰਕਲਪ ਵਿਕਲਪ ਫੁਰਦੇ ਹਨ।

ਇਹ ਚੰਚਲ ਹੈ। ਇਸ ਨੂੰ ਕਾਬੂ ਕਰਨ ਦੀ ਲੋੜ ਹੈ। ਸ਼ੇਖ ਫ਼ਰੀਦ ਜੀ ਨੂੰ ਮਨ ਨੂੰ ਕਾਬੂ ਕਰਨ ਵਿੱਚ ਹੀ ਵਿੱਥਾਂ ਵਖਰੇਵੇਂ ਦੂਰ ਹੁੰਦੇ ਦਿਸਦੇ ਹਨ ਅਤੇ ਨਰਕਾਂ ਦੀ ਅੱਗ ਤੋਂ ਬਚਣ ਦਾ ਸਾਧਨ ਨਜ਼ਰ ਆਉਂਦਾ ਹੈ। ਉਹ ਉਪਦੇਸ ਕਰਦੇ ਹਨ :

ਫਰੀਦਾ ਮਨੁ ਮੈਦਾਨੁ ਕਰਿ ਟੋਟੇ ਟਿਬੇ ਲਾਹਿ ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥

ਮਨ ਆਮ ਤੌਰ ਤੇ ਟਿਕਦਾ ਤਾਂ ਹੈ ਨਹੀਂ, "ਮਨ ਚੰਚਲੁ ਧਾਵਤੁ ਫੁਨਿ ਧਾਵੈ।"
—ਸਤਿਗੁਰੂ ਨਾਨਕ ਦੇਵ ਜੀ।

ਭਗਤ ਕਬੀਰ ਜੀ ਮਨੁੱਖੀ ਸੋਚ ਨੂੰ ਟੁੰਬਣ ਲਈ ਹੰਕਾਰੀ ਮਨ ਦੀ ਮਿਸਾਲ ਦੇਂਦੇ ਹਨ। ਜਿਹੜਾ ਹਾਥੀ ਵਰਗਾ ਹੈ। ਦੂਜੇ ਪਾਸੇ ਮੁਕਤੀ ਦਾ ਦੁਆਰ ਭੀੜਾ ਹੈ, ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਬਰਾਬਰ, ਕੀ ਹਾਥੀ ਜਿੱਡਾ ਮਨ ਉਸ ਵਿਚੋਂ ਲੰਘ ਸਕਦਾ ਹੈ ? ਆਪਣੇ ਆਪ ਨੂੰ ਸੁਆਲ ਕਰਿਆਂ ਜੁਆਬ ਲੁਕਿਆ ਲਈ ਰਹਿੰਦਾ ਅਤੇ ਕੀ ਕਰਨਾ ਚਾਹੀਦਾ ਹੈ ਦਾ ਰਾਹ ਵੀ ਸੁਝਦਾ ਹੈ :

ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਏਂ ਭਾਇ ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸਿਆ ਕਿਉ ਕਰਿ ਜਾਇ ॥

Sri Satguru Jagjit Singh Ji Elibrary NamdhariElibrary@gmail.com

ਮੈਗਲ ਹੋਏ ਮਨ ਨੂੰ ਕਾਬੂ ਤਾਂ ਆਪ ਕਰਨਾ ਹੁੰਦਾ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਸਹੀ ਦਿਸ਼ਾ ਵਲ ਕਦਮ ਪੁਟਿਆ ਜਾਵੇ। ਸਹੀ ਦਿਸ਼ਾ ਵਲ ਕਦਮ ਪੁਟਿਆ ਗਿਆ ਹੈ ਕਿ ਨਹੀਂ, ਇਸ ਦਾ ਪਤਾ ਸਾਡੇ ਮਨ ਦੀ ਕਠੋਰਤਾ ਜਾਂ ਕੋਮਲਤਾ ਤੋਂ ਲਗਦਾ ਹੈ। ਕਠੋਰ ਮਤਲਬ ਕਿ ਕਾਠ (ਲਕੜ) ਦਾ ਬਣਿਆ ਦਿਲ (ਹਿਰਦਾ)। ਕਾਠ ਦੇ ਬਣੇ ਹਿਰਦੇ ਵਿੱਚ ਕਿੰਨੀਆਂ ਕੁ ਭਾਵਨਾਵਾਂ ਹੁੰਦੀਆਂ ਹਨ; ਕਿੰਨੀ ਕੁ ਕਿਸੇ ਦੇ ਦੁਖ ਦਰਦ ਦੀ ਪੀੜ ਹੁੰਦੀ ਹੈ; ਕਿੰਨੀ ਕੁ ਸਹੀ ਮਾਰਗ ਤੇ ਚਲਣ ਦੀ ਚਾਲ ਬਣਦੀ ਹੈ ਦਾ ਪਤਾ ਕਰਨੀ ਤੋਂ ਲਗਦਾ ਹੈ। ਕਿਸੇ ਦੀ ਕਰਨੀ ਹੀ ਦਸਦੀ ਹੈ ਕਿ ਉਸ ਅੰਦਰ ਨਾ ਕੋ ਬੈਰੀ, ਨਹੀਂ ਬੇਗਾਨਾ ਦੀ ਭਾਵਨਾ ਪੈਦਾ ਹੁੰਦੀ ਹੈ ਜਾਂ ਇਹ ਭਾਵਨਾ ਪੈਦਾ ਹੁੰਦੀ ਹੈ ਕਿ ਇਸ ਦੀ ਗੱਦੀ ਮੈਨੂੰ ਮਿਲੇ। ਇਹ ਕੋਈ ਕਪੋਲ ਕਲਪਨਾ ਤਾਂ ਹੈ ਨਹੀ ਇਤਿਹਾਸਿਕ ਤੱਥ ਹੈ ਕਿ ਪ੍ਰਿਥੀਆ ਗੱਦੀ ਦੇ ਲੋਭ ਲਾਲਚ ਕਰ ਕੇ ਸਤਿਗੁਰੂ ਅਰਜਨ ਦੇਵ ਜੀ ਪ੍ਰਤੀ ਦੂਈ ਭਾਵ ਰੱਖਦਾ ਰਿਹਾ। ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੁਰਾਹੇ ਪਾ ਗਿਆ। ਉਹ ਭਰਮ ਹੀ ਪਾਲੀ ਬੈਠਾ ਸੀ ਕਿ, "ਮੈਂ ਹੀ ਇਸ ਗੱਦੀ ਦੇ ਯੋਗ ਹਾਂ।" ਇਹ ਭਾਵਨਾ ਉਸ ਦੇ ਕਠੋਰ ਮਨ ਅੰਦਰ ਦੂਈ-ਦਵੈਤ ਉਪਜਣ ਦਾ ਹੀ ਸਿੱਟਾ ਸੀ। ਉਹ ਭੁੱਲਿਆ ਫਿਰਦਾ ਸੀ। ਤੀਸਰੇ ਪਾਤਸ਼ਾਹ ਦੇ ਸਾਮ੍ਹਣੇ ਕੋਈ ਐਸੇ ਵਿਅਕਤੀ ਦੀ ਮਿਸਾਲ ਪੇਸ਼ ਹੋਣ ਕਾਰਨ ਉਹਨਾਂ ਬਾਣੀ ਵਿਚ ਲਿਖਿਆ ਸੀ ਕਿ :

ਮਨੁ ਕਠੋਰੁ ਦੂਜੈ ਭਾਇ ਲਾਗਾ ॥
ਭਰਮੇ ਭੂਲਾ ਫਿਰੈ ਅਭਾਗਾ ॥ (ਮਾਰੂ ਮਹਲਾ 3)

ਭਰਮ ਕਈ ਵਾਰ ਮਨੁੱਖ ਨੇ ਆਪ ਪਾਲਿਆ ਹੁੰਦਾ ਹੈ। ਕਈ ਵਾਰ ਉਹ ਜਾਣਦਾ ਹੁੰਦਾ ਹੈ ਕਿ ਉਹ ਜੋ ਕਰ ਰਿਹਾ ਹੈ ਸਹੀ ਨਹੀਂ ਪਰ ਫਿਰ ਵੀ ਕਰਦਾ ਹੈ। ਇਸ ਤਰ੍ਹਾਂ ਦਾ ਵਿਹਾਰ ਵੀ ਕੇਵਲ ਸਧਾਰਨ ਵਿਅਕਤੀ ਹੀ ਨਹੀ ਕਰਦੇ ਭਜਨ ਬੰਦਗੀ, ਤਪ ਸਾਧਨਾ ਕਰਨ ਵਾਲੇ ਤੇ ਸਿਆਣੇ ਵਿਅਕਤੀ ਵੀ ਕਰਦੇ ਹਨ।

ਉਹ ਲੋਕਾਂ ਨੂੰ ਤੀਰਥ ਯਾਤਰਾ ਕਰਨ ਦਾ ਉਪਦੇਸ ਦੇਂਦੇ ਹਨ। ਨਿਗੁਰੇ ਦਾ ਤੀਰਥ ਯਾਤਰਾ ਲਈ ਜਨ ਸਧਾਰਨ ਨੂੰ ਪ੍ਰੇਰਨਾ, ਉਹਨਾਂ ਦੀਆਂ ਯਾਤਰਾਵਾਂ ਬੱਸਾਂ ਰਾਹੀ ਆਰਥਕ ਲਾਭ ਕਮਾਉਣਾ ਹੁੰਦਾ ਹੈ। ਪਰ ਭਜਨੀਕ ਦਾ ਉਹਨਾਂ ਤੀਰਥ ਯਾਤਰਾਵਾਂ ਲਈ ਸੱਦਾ ਦੇਣਾ ਆਪ ਦੇ ਓਥੇ ਚਲਾਏ ਧਾਰਮਿਕ ਕਾਰਜ ਵਲ ਲਿਆਉਣਾ ਹੈ।

ਤੀਰਥ ਧਰਮ-ਕੇਂਦਰ ਰਹੇ ਹਨ। ਹਿੰਦੂ ਮਨੌਤ ਅਨੁਸਾਰ ਅਠਾਹਠ ਤੀਰਥਾਂ ਦਾ ਇਸ਼ਨਾਨ ਮੁਕਤੀ ਦਾਤਾ ਰਿਹਾ ਹੈ। ਇਹ 68 ਤੀਰਥ ਕੇਵਲ ਕਪਿਲ ਤੰਤਰ ਅਨੁਸਾਰ ਹਨ। ਮਤਸਯ ਪੁਰਾਣ ਅਨੁਸਾਰਤਾਂ 2221 ਤੀਰਥ ਹਨ। ਭਵਿਖਤ ਪੁਰਾਣ ਅਨੁਸਾਰ ਤੀਰਥਾਂ ਦੀ ਗਿਣਤੀ ਹੋਰ ਪ੍ਰਕਾਰ ਦੀ ਹੈ।

ਬਾਕੀ ਧਰਮਾਂ ਦੇ ਆਪਣੇ ਵੱਖਰੇ ਧਰਮ ਕੇਂਦਰ ਹਨ। ਸਿੱਖਾਂ ਦੇ ਤੀਰਥ ਉਹਨਾਂ

Sri Satguru Jagjit Singh Ji Elibrary NamdhariElibrary@gmail.com

ਥਾਵਾਂ ਤੇ ਬਣੇ ਹਨ ਜਿਥੇ ਕਿਸੇ ਸਤਿਗੁਰੂ ਪਾਤਸ਼ਾਹ ਦਾ ਪ੍ਰਕਾਸ਼ ਹੋਇਆ ਹੈ, ਉਹਨਾਂ ਕੌਤਕ ਕੀਤੇ ਹਨ, ਜਾਂ ਕਿਸੇ ਤੇ ਕੋਈ ਕਿਰਪਾ ਕੀਤੀ ਹੈ। ਪਰ ਉਹ ਤੀਰਥ ਸਤਿਗੁਰੂ ਕਰਕੇ ਹਨ। ਸਤਿਗੁਰੂ ਤੀਰਥਾਂ ਕਰਕੇ ਨਹੀਂ, ਇਸੇ ਕਰ ਕੇ ਸਾਧ ਸੰਗਤ ਸਤਿਗੁਰੂ ਦੀ ਅਨੁਯਾਈ ਰਹੀ ਹੈ ਨਾ ਕਿ ਤੀਰਥਾਂ ਦੀ, ਕਿਉਂਕਿ :

ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥ ਪ੍ਰਭਾਤੀ ਮਹਲਾ 1

ਭਾਈ ਗੁਰਦਾਸ ਜੀ ਉਸ ਨੂੰ ਪਾਰ ਲਗਣ ਜੋਗਾ ਨਹੀਂ ਸਮਝਦੇ ਜੋ :

ਸਤਿਗੁਰੂ ਤੀਰਥ ਛਡਿ ਕੈ ਅਠਿਸਠਿ ਤੀਰਥ ਨਾਵਣ ਜਾਹੀ ॥
ਵਾਰ-15

ਕਠੋਰ ਚਿਤ ਵਾਲ਼ੇ ਗੁਰੂ ਵਲੋਂ ਆਪ ਟੁੱਟਦੇ ਹਨ ਤੇ ਹੋਰਨਾਂ ਨੂੰ ਤੋੜਦੇ ਹਨ :

ਜਿਨ ਕੇ ਚਿਤ ਕਠੋਰ ਹਹਿ ਸੋ ਬਹਹਿ ਨਾ ਸਤਿਗੁਰੁ ਪਾਸਿ ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰੁ ਪਾਸਿ ॥

ਭਗਤ ਕਬੀਰ ਜੀ ਰਾਗ ਆਸਾ ਦੇ ਇੱਕ ਸ਼ਬਦ ਵਿੱਚ ਸੱਚੇ ਨਾਵਣ ਦੇ ਅਰਥ ਗੁਰੂ ਦੀ ਸੇਵਾ ਦੱਸਦੇ ਹਨ। ਉਹ ਕਠੋਰ ਮਨ ਵਾਲੇ ਵਿਅਕਤੀ ਦੀ ਮਰਨ ਸਮੇਂ ਦੀ ਧਰਤੀ-ਕਾਂਸੀ ਉਤੇ ਮਰਨ ਨਾਲੋਂ ਹਰਿ ਦਾ ਸੰਤ ਹੋ ਕੇ ਮਰਨ ਨੂੰ ਮਹਾਨ ਦਸਦੇ ਹਨ, ਉਹ ਤੀਰਥ ਇਸ਼ਨਾਨ ਬਾਰੇ ਸਪਸ਼ਟ ਲਿਖਦੇ ਹਨ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ॥
ਲੋਕ ਪਤੀਣੇ ਕਛੂ ਨਾ ਹੋਵੈ ਨਾਹੀ ਰਾਮੁ ਅਯਾਨਾ ॥
ਪੂਜਹੁ ਰਾਮੁ ਏਕੁ ਹੀ ਦੇਵਾ ॥
ਸਾਚਾ ਨਾਵਣੁ ਗੁਰ ਕੀ ਸੇਵਾ ॥

ਗੁਰੂ ਦੀ ਸੇਵਾ ਦਾ ਮਹੱਤਵ ਗੁਰਮੁਖ ਸਮਝਦੇ ਹਨ। ਇਸੇ ਕਰਕੇ ਉਹ ਗੁਰੂ ਦੀ ਆਗਿਆ ਵਿਚ ਰਹਿਣ ਵਿਚ ਸੁਖ ਅਨੁਭਵ ਕਰਦੇ ਹਨ। ਉਹ ਸਮਝਦੇ ਹਨ ਕਿ ਗੁਰੂ ਤੀਰਥ ਹੈ। ਗੁਰੂ ਪਾਰਜਾਤ ਹੈ। ਉਹ ਨਰਕ ਤੋਂ ਬਚਣ ਲਈ ਗੁਰੂ ਦੀ ਸ਼ਰਨੀ ਆਉਂਦੇ ਹਨ। ਉਹਨਾਂ ਲਈ ਕਾਂਸੀ ਤੇ ਮਗਹਰ ਵਿਚ ਕੋਹੀ ਫ਼ਰਕ ਨਹੀ ਹੈ, ਫ਼ਰਕ ਹੈ ਤਾਂ ਆਪਣੇ ਮਨ ਦੀ ਕਠੋਰਤਾ ਵਿਚ ਜਾਂ ਨਿਮਰਤਾ ਵਿਚ। ਹਾਲਾਂ ਕਿ ਕਾਂਸੀ ਬਾਰੇ ਮਨੌਤ ਹੈ ਕਿ ਇਹ ਸ਼ਿਵਪੁਰੀ ਹੈ। ਏਥੇ ਪ੍ਰਾਣ ਤਿਆਗਣ ਵਾਲਾ ਨਰਕ ਤੋਂ ਬਚ ਜਾਂਦਾ ਹੈ ਤੇ ਸਿੱਧਾ ਸੁਰਗ ਨੂੰ ਜਾਂਦਾ ਹੈ ਦੂਜੇ ਪਾਸੇ ਮਗਹਰ ਵਿੱਚ ਪ੍ਰਾਣ ਤਿਆਗਣ ਵਾਲੇ ਦੀ ਗਤੀ ਨਹੀ ਹੁੰਦੀ। ਸ਼ਾਇਦ ਏਸੇ ਕਰਕੇ ਕਈ ਜਦ ਕੋਈ ਆਖ਼ਰੀ ਸਾਹਾਂ ਉਤੇ ਹੋਵੇ ਤਾਂ ਉਸ ਨੂੰ ਬਨਾਰਸ ਲੈ ਆਉਂਦੇ ਹਨ। ਕਈ

Sri Satguru Jagjit Singh Ji Elibrary NamdhariElibrary@gmail.com

ਤਾਂ ਆਪਣੇ ਹਮਸਾਏ ਦੀ ਮਿਰਤਕ ਦੇਹ ਨੂੰ ਸਸਕਾਰ ਲਈ ਬਨਾਰਸ ਲੈ ਆਉਂਦੇ ਹਨ। ਕਈ ਵਾਰ ਵੇਖਿਆ ਹੈ, ਰਿਕਸ਼ਿਆਂ ਉਤੇ ਲੱਦੀਆਂ ਇੱਕ ਤੋਂ ਵਧ ਮਿਰਤਕ ਦੇਹਾਂ ਨਦੀ ਕੰਢੇ ਬਣੇ ਸ਼ਮਸ਼ਾਨ ਵੱਲ ਜਾ ਰਹੀਆਂ ਹੁੰਦੀਆਂ ਹਨ। ਪਰ ਭਗਤ ਕਬੀਰ ਜੀ ਨੇ ਇਸ ਨੂੰ ਗ਼ਲਤ ਦੱਸਿਆ ਹੈ। ਉਹਨਾਂ ਦੀ ਵੰਡ ਅਨੁਸਾਰ :

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥

ਨਰਕ ਤੋਂ ਬਚਣ ਲਈ ਉਦੋਂ ਵੀ ਗੁਰੂ ਦੇ ਹੁਕਮ ਵਿਚ ਰਹਿ ਕੇ ਸੇਵਾ ਦਾ ਮਹੱਤਵ ਸੀ ਤੇ ਅੱਜ ਵੀ। ਨਾ ਉਦੋਂ ਤੀਰਥ ਗੁਰੂ ਨਾਲੋਂ ਉੱਤਮ ਸਨ ਨਾ ਅੱਜ ਹਨ। ਫਿਰ ਕਿਉਂ ਨਾ ਸਿੱਖਾਂ ਨੂੰ ਤੀਰਥ ਯਾਤਰਾ ਕਰਨ ਦੀ ਥਾਂ ਸਤਿਗੁਰੂ ਦੇ ਸਤਿਬਚਨੀ ਸਿੱਖ ਬਣਨ ਦੀ ਪ੍ਰੇਰਨਾ ਦਿੱਤੀ ਜਾਵੇ!

Sri Satguru Jagjit Singh Ji Elibrary NamdhariElibrary@gmail.com

ਮਰਨੇ ਕਾ ਚਾਉ

ਮੌਤ ਭੈ-ਦਾਇਕ ਹੁੰਦੀ ਹੈ, ਖੌਫ਼ਨਾਕ। ਜਨ ਸਧਾਰਨ ਮੌਤ ਕੋਲੋਂ ਡਰਦਾ ਹੈ। ਇਹ ਤਾਂ ਅਕਾਲ ਪੁਰਖ ਨੇ ਉਹਲਾ ਰਖਿਆ ਹੋਇਆ ਹੈ। ਨਹੀਂ ਤਾਂ ਜੇ ਮਨੁੱਖ ਨੂੰ ਆਪਣੀ ਮੌਤ ਦੀ ਥਿਤ-ਵਾਰ ਦਾ ਪਤਾ ਲਗ ਜਾਏ ਤਾਂ ਉਹ ਉਸ ਦੇ ਡਰ ਨਾਲ, ਉਸ ਦੇ ਆਉਣ ਤੋਂ ਪਹਿਲਾਂ ਹੀ ਮਰਿਆਂ ਤੋਂ ਬਦਤਰ ਹੋ ਜਾਏ।

ਮਨੁੱਖ ਮੌਤ ਨੂੰ ਦੂਰ ਧੱਕਣ ਦਾ ਹਰ ਹੀਲਾ ਕਰਦਾ ਹੈ। ਭਿਆਨਕ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਕੋਈ ਵੀ ਕੀਮਤ ਤਾਰਨ ਨੂੰ ਤਿਆਰ ਰਹਿੰਦਾ ਹੈ। ਮੰਜੀ ਨਾਲ ਮੰਜੀ ਹੋਏ ਬੈਠੇ ਆਪਣੀ ਉਮਰ ਭੋਗ ਬੈਠੇ, ਬਿਰਧ ਜਿਸ ਦੇ ਲਗਪਗ ਸਭ ਇੰਦਰੇ ਜੁਆਬ ਦੇ ਚੁਕੇ ਹੋਣ ਉਸਦਾ ਵੀ ਮਰਨ ਨੂੰ ਜੀਅ ਨਹੀ ਕਰਦਾ। ਉਸ ਦੇ ਸੱਕੇ ਸੰਬੰਧੀ ਵੀ ਉਸ ਦੇ ਅੰਤਮ ਸੁਆਸਾਂ ਤੱਕ ਉਸ ਦੇ ਨਰੋਏ ਹੋਣ ਦੀ ਆਸ ਰਖਦੇ ਹਨ। ਪਰ ਰਾਖੀ, ਬਚਾਅ, ਦੁਆ-ਦਾਰੂ, ਸੇਵਾ ਤਾਂ ਮਨੁੱਖ ਮਨੁੱਖੀ ਜੂਨ ਲਈ ਹੀ ਕਰਦਾ ਹੈ ਜਾਂ ਕਿਸੇ ਪਾਲਤੂ ਜੀਵ ਲਈ। ਹੋਰ ਜੀਵਾਂ ਨੂੰ ਤਾਂ ਉਹ ਆਪ ਮਾਰ ਕੇ ਖਾਣ ਵਿਚ ਵੀ ਦਰੇਗ ਨਹੀ ਕਰਦਾ।

ਮੌਤ ਦਾ ਭੈਅ ਬਾਣੀ ਵਿਚ ਸ਼ੇਖ ਫ਼ਰੀਦ ਨੇ ਵੀ ਪੇਸ਼ ਕੀਤਾ ਹੈ। ਉਹਨਾਂ ਕਿਹਾ ਹੈ ਕਿ:

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥

ਦਰਿਆ ਦੀ ਢਾਹ ਲਗਣ ਨਾਲ ਕੰਢੇ ਦੀ ਢਿਗ ਢਹਿ ਪੈਣ ਵਾਂਗ, ਬੰਦੇ ਨੇ ਮੌਤ ਅਗ਼ੇ ਢਹਿ ਪੈਣਾ ਹੈ ਅਤੇ ਉਸਦੇ ਅਗੇ ਵੀ ਦੋਜਕ ਤਪਿਆ ਪਿਆ ਹੈ:

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥

ਭਾਵੇਂ ਮੌਤ ਦਾ ਭਿਅੰਕਰ ਰੂਪ ਦਿਖਾਉਣ ਤੋਂ ਉਹਨਾਂ ਦਾ ਭਾਵ ਬੰਦੇ ਨੂੰ ਉਹਨਾਂ ਕੰਮਾਂ ਨੂੰ ਤਿਆਗਣ ਲਈ ਪ੍ਰੇਰਨਾ ਸੀ, ਜਿਨ੍ਹਾਂ ਵਿਚ ਗੁਣ ਨਹੀਂ ਹਨ, ਅਤੇ ਉਹ ਗੁਣ ਗ੍ਰਹਿਣ ਕਰਨ ਤੋਂ ਸੀ ਜਿਨ੍ਹਾਂ ਕਰਕੇ ਸਾਂਈ ਦੇ ਦਰਬਾਰ ਮੁਖ ਉਜਲਾ ਹੋਵੇ, ਫਿਰ ਵੀ ਮੌਤ ਦਾ ਹਿਰਦੇ ਕੰਬਾਊ ਰੂਪ ਤਾਂ ਸਾਮ੍ਹਣੇ ਆਉਂਦਾ ਹੀ ਹੈ।

ਚੰਗੇ ਗੁਣ ਗ੍ਰਹਿਣ ਕਰਨ ਵਾਲੇ ਦਾ ਓਥੇ ਹੀ ਮੁੱਖ ਉਜਲਾ ਨਹੀ ਹੁੰਦਾ, ਏਥੇ ਵੀ ਉਹ ਨਿਰਭੈ ਹੋ ਕੇ ਰਹਿੰਦਾ ਹੈ, ਮੌਤ ਤੋਂ ਵੀ। ਉਹ ਮੌਤ ਤੋਂ ਨਿਰਭੈ ਹੀ

Sri Satguru Jagjit Singh Ji Elibrary NamdhariElibrary@gmail.com

ਨਹੀ ਹੁੰਦਾ ਉਸ ਨੂੰ ਮਰਨ ਦਾ ਚਾਅ ਚੜ੍ਹ ਜਾਂਦਾ ਹੈ। ਭਗਤ ਕਬੀਰ ਜੀ ਦੀ ਅਵਸਥਾ ਇਹ ਹੋ ਗਈ ਸੀ ਕਿ ਉਹਨਾਂ ਨੂੰ ਮਰਨ ਦਾ ਡਰ ਨਹੀਂ ਸੀ ਰਹਿ ਗਿਆ ਸਗੋਂ ਉਹਨਾਂ ਨੂੰ ਮਰਨ ਵਿਚ ਅਨੰਦ ਮਹਿਸੂਸ ਹੁੰਦਾ ਸੀ। ਉਹ ਆਪਣੀ ਬਾਣੀ ਵਿਚ ਲਿਖਦੇ ਹਨ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ ॥

ਯਜੁਰ ਵੇਦ ਅਨੁਸਾਰ ਸੰਸਾਰ ਉਤੇ 101 ਪ੍ਰਕਾਰ ਦੀ ਮੌਤ ਹੁੰਦੀ ਹੈ। ਇਹਨਾਂ ਵਿਚੋਂ ਇੱਕ ਪ੍ਰਕਾਰ ਦੀ ਮੌਤ ਹੀ ਕੁਦਰਤੀ ਮੌਤ ਹੈ। ਬਾਕੀ ਸਭ ਮੌਤਾਂ ਸਮੇਂ ਤੋਂ ਪਹਿਲਾਂ ਹੁੰਦੀਆਂ ਹਨ। ਇਸ ਦਾ ਕਾਰਨ ਕੋਈ ਭਿਆਨਕ ਰੋਗ, ਸੱਪ ਲੜਨਾ, ਪਾਣੀ ਵਿੱਚ ਡੁੱਬਣਾ, ਉਚੀ ਥਾਂ ਤੋਂ ਡਿੱਗਣਾ, ਕਿਸੇ ਸਵਾਰੀ ਨਾਲ ਟੱਕਰ ਹੋਣਾ, ਕਿਸੇ ਹਥਿਆਰ ਨਾਲ ਮਾਰੇ ਜਾਣਾ ਜਾਂ ਕੋਈ ਹੋਰ ਹੋ ਸਕਦਾ ਹੈ। ਇਹ ਸਾਰੀਆਂ ਕੁਮੌਤਾਂ ਹਨ, ਇੰਜ ਮਰਨਾ ਅਣਿਆਈ ਮੌਤ ਮਰਨਾ ਹੈ। ਏਸੇ ਕਰਕੇ ਇਸ ਲਈ ਅਕਾਲ ਚਲਾਣਾ ਮੁਹਾਵਰਾ ਵਰਤਿਆ ਜਾਂਦਾ ਹੈ। ਕਾਲ ਮਿਰਤੂ ਤਾਂ ਉਸਦੀ ਹੈ ਜਿਹੜਾ ਪੂਰੀ ਉਮਰ ਭੋਗ ਕੇ ਸੰਸਾਰ ਛਡਦਾ ਹੈ।

ਮੌਤ ਸਮੇਂ ਹੱਥਾਂ ਪੈਰਾਂ ਰਾਹੀ ਸਵਾਸ ਘਟਦੇ ਘਟਦੇ ਦਿਲ ਤੋਂ ਕੰਠ ਵਲ ਖਿਚੀਦੇ ਹਨ ਤਾਂ ਸਰੀਰ ਨਿਰਜਿੰਦ ਹੋ ਜਾਂਦਾ ਹੈ, ਅੱਖਾਂ ਪੱਥਰ ਹੋ ਜਾਂਦੀਆਂ ਹਨ। ਸਰੀਰ ਮਿੱਟੀ ਦੀ ਢੇਰੀ ਬਣ ਜਾਂਦਾ ਹੈ। ਸਰੀਰ ਦੀ ਸੰਸਾਰ ਨਾਲੋਂ ਸਾਂਝ ਟੁੱਟ ਜਾਂਦੀ ਹੈ। ਜਿੰਨਾਂ ਸਾਕ ਹੁੰਦਾ ਹੈ ਉਨਾਂ ਉਨਾਂ ਸੇਕ ਹੁੰਦਾ ਹੈ, ਮੋਹ ਪਿਆਰ ਹੁੰਦਾ ਹੈ। ਪਰ ਰੋਇਆਂ ਕੁਰਲਾਇਆਂ ਕੁਝ ਨਹੀਂ ਬਣਦਾ ਸਗੋਂ ਆਪਣੇ ਆਪ ਨੂੰ ਨਿਢਾਲ ਕਰੀਦਾ ਹੈ ਤੇ ਅਗਲੇ ਸਫ਼ਰ ਲਈ ਜਾ ਰਹੀ ਜੀਵ ਆਤਮਾ ਦਾ ਪੈਂਡਾ ਬਿਖੜਾ ਕਰੀਦਾ ਹੈ।

ਮੌਤ ਦਾ ਦਰਵਾਜਾ ਲੰਘ ਕੇ ਉਸ ਘਰ ਤਾਂ ਹਰ ਇਕ ਨੇ ਜਾਣਾ ਹੈ ਪਰ ਫ਼ਰਕ ਸਿਰਫ਼ ਏਨਾ ਹੈ ਕੋਈ ਮੌਤ ਰੂਪੀ ਦੁਸ਼ਮਨ ਨੂੰ ਜਿੱਤ ਲੈਂਦਾ ਹੈ ਕੋਈ ਉਸ ਅਗੇ ਹਾਰ ਜਾਂਦਾ ਹੈ। ਇੱਕ ਇਸਾਈ ਆਤਮਾ, ਸੇਂਟ ਪਾਲ ਹੁਰੀ ਬੜੀ ਦ੍ਰਿੜਤਾ ਨਾਲ ਕਹਿੰਦੇ ਹਨ, "ਮੌਤ ਆਖ਼ਰੀ ਦੁਸ਼ਮਣ ਹੈ ਜਿਸ ਨੂੰ ਅਸਾਂ ਫ਼ਤਹਿ ਕਰਨਾ ਹੈ।"

ਕਬੀਰ ਜੀ ਨੇ ਬਾਣੀ ਵਿਚ ਲਿਖਿਆ ਹੈ ਕਿ ਸੰਸਾਰੀਆਂ ਦੇ ਉਲਟ ਅਸੀ ਉਸ ਮੌਤ ਮਰਨਾ ਹੈ ਜਿਸ ਨਾਲ ਦੁਬਾਰਾ ਨਾ ਮਰਨਾ ਪਵੈ :

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭਿ ਨਾ ਜਾਨਿਆ ਕੋਇ ॥
ਐਸੇ ਮਰਨੇ ਜੋ ਮਰੈ ਬਹੁਰਿ ਨਾ ਮਰਨਾ ਹੋਇ ॥

ਜੇ ਦੁਬਾਰਾ ਨਹੀ ਮਰਨਾ ਤਾਂ ਸੁਆਲ ਪੈਦਾ ਹੁੰਦਾ ਹੈ ਜੀਵ ਨੇ ਮਰ ਕੇ ਕਿਧਰ ਜਾਣਾ ਹੈ ? ਉਸ ਨਾਲ ਕੀ ਵਾਪਰਨੀ ਹੈ ? ਮੌਤ ਪਿਛੋਂ ਹੁੰਦਾ ਕੀ ਹੈ ? ਇਹ ਵਿਚਾਰਨ ਯੋਗ ਗੱਲਾਂ ਹਨ।

ਮਹਾਂਪੁਰਸ਼ਾਂ ਨੇ ਮਨੁੱਖਾਂ ਨੂੰ ਚਹੁੰ ਜਮਾਤਾਂ ਵਿਚ ਵੰਡ ਕੇ ਇਹਨਾਂ ਸੁਆਲਾਂ ਦੇ

Sri Satguru Jagjit Singh Ji Elibrary NamdhariElibrary@gmail.com

ਹੱਲ ਲਭਣ ਬਾਰੇ ਰਾਹ ਦੱਸਿਆ ਹੈ।

ਪਹਿਲੇ ਐਸੇ ਮਨੁੱਖ ਹਨ ਜਿਨ੍ਹਾਂ ਦਾ ਦੇਹਧਾਰੀ ਸਤਿਗੁਰੂ ਨਾਲ ਮਿਲਾਪ ਨਹੀ ਹੋਇਆ। ਉਹਨਾਂ ਦੇ ਅੰਤ ਸਮੇਂ, ਸੰਗੀ ਸਾਥੀ ਸਭ ਛੱਡ ਜਾਂਦੇ ਹਨ, ਹੰਸ ਅਕੇਲਾ ਰਹਿ ਜਾਂਦਾ ਹੈ। ਉਹ ਕਾਲ ਤੇ ਜਮਾਂ ਦੇ ਵਸ ਪੈਂਦੇ ਹਨ। ਕਰਮਾਂ ਅਨੁਸਾਰ ਉਹਨਾਂ ਦਾ ਨਿਬੇੜਾ ਹੁੰਦਾ ਹੈ:

ਆਗੈ ਜਾਤਿ ਰੂਪੁ ਨ ਜਾਇ ॥
ਤੇਹਾ ਹੋਵੈ ਜੇਹੇ ਕਰਮ ਕਮਾਇ ॥ ਮਹਲਾ 3

ਮੁਹਲਤਿ ਪੁੰਨੀ ਤੇ ਚਲੇ ਗਏ, ਪਰ ਲੇਖਾ ਦੇਣਾ ਪੈਂਦਾ ਹੈ, ਨੇਕੀ ਤੇ ਬਦੀ ਦੇ ਕਰਮਾਂ ਦਾ। ਉਹ ਚੌਰਾਸੀ ਦੇ ਗੇੜ ਵਿਚ ਪੈ ਜਾਂਦੇ ਹਨ। ਉਹਨਾਂ ਦੀਆਂ ਰੂਹਾਂ, ਰੁੱਖਾਂ, ਬਿਰਛਾਂ, ਪਸ਼ੂ, ਪੰਛੀਆਂ ਤੋਂ ਮਨੁੱਖੀ ਦੇਹ ਤਕ ਪਹੁੰਚਦੀਆਂ ਹਨ:

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ ਮਹਲਾ 5

ਦੂਸਰੇ ਉਹ ਵਿਅਕਤੀ ਹਨ ਜਿਨ੍ਹਾਂ ਦਾ ਦੇਹਧਾਰੀ ਸਤਿਗੁਰੂ ਨਾਲ ਮਿਲਾਪ ਹੋਇਆ ਹੈ। ਉਹਨਾਂ ਸਤਿਗੁਰੂ ਦਾ ਭਜਨ ਪੁੱਛਿਆ ਹੈ। ਪਰ ਸਤਿਗੁਰੂ ਦੇ ਹੁਕਮ ਅਨੁਸਾਰ ਕਮਾਈ ਨਹੀ ਕੀਤੀ। ਉਹਨਾਂ ਅਜਾਮਲ ਵਾਂਗ ਵਿਸ਼ੇ ਵਿਕਾਰਾਂ ਤੇ ਪੰਜਾਂ ਵਲ ਪਿਠ ਨਹੀਂ ਕੀਤੀ। ਫਿਰ ਸਤਿਗੁਰੂ ਦਾ ਸਿੱਖ ਹੋਣ ਕਰਕੇ ਕੁਝ ਕੁ ਉਸ ਨਾਲ ਚਿਤ ਲਾਉਣ ਕਰਕੇ ਐਸੇ ਵਿਅਕਤੀ ਨੂੰ ਮੌਤ ਦਾ ਭੈ ਨਹੀ ਰਹਿੰਦਾ ਉਹ ਮੋਹ ਮਾਇਆ ਤੋਂ ਟੱਪ ਜਾਂਦਾ ਹੈ, ਉਹਨਾਂ ਨੂੰ ਜਮ ਦੀ ਤਲਬ ਨਹੀ ਹੁੰਦੀ:

ਜਿਨਾ ਸਤਿਗੁਰੂ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਮਹਲਾ 3

ਉਹਨਾਂ ਦੇ ਪੁਨਰ ਜਨਮ ਦਾ ਫੈਸਲਾ ਸਤਿਗੁਰੂ ਆਪ ਕਰਦਾ ਹੈ। ਉਂਜ ਉਹਨਾਂ ਅੰਦਰ ਪਾਇਆ, ਸਤਿਗੁਰੂ ਦੇ ਦਿੱਤੇ ਨਾਮ ਦਾ, ਬੀਜ ਨਸ਼ਟ ਨਹੀ ਹੁੰਦਾ। ਅੰਕੁਰ ਜਦ ਮਰਜੀ ਫੁੱਟੇ।

ਤੀਸਰੇ ਉਹ ਅਭਿਆਸੀ ਹਨ ਜਿਨ੍ਹਾਂ ਸਤਿਗੁਰੂ ਦਾ ਉਪਦੇਸ ਲਿਆ ਤੇ ਕਮਾਈ ਕੀਤੀ ਹੈ। ਸਤਿਗੁਰੂ ਉਹਨਾਂ ਦੇ ਸਦਾ ਅੰਗ ਸੰਗ ਰਹਿੰਦਾ ਹੈ। ਉਹ ਦਾਅਵੇ ਨਾਲ ਕਹਿੰਦੇ ਹਨ ਕਿ ਧਰਮ ਰਾਜ ਜਾਂ ਜਮ ਦੀ ਉਹਨਾਂ ਨੂੰ ਪਰਵਾਹ ਨਹੀ:

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥
ਮਹਾਲਾ 5

ਚੌਥੇ ਪੂਰਨ ਅਵਸਥਾ ਵਾਲੇ ਪਹੁੰਚੇ ਹੋਏ ਸਾਧ ਹਨ। ਉਹ ਪੂਰੇ ਸਮਰੱਥ ਪੁਰਸ਼ ਹਨ। ਉਹ ਸਦਾ ਰੱਬ ਦੇ ਰੰਗ ਵਿਚ ਰਾਜੀ ਰਹਿੰਦੇ ਹਨ। ਉਹਨਾਂ ਦੀ ਅਵਸਥਾ

Sri Satguru Jagjit Singh Ji Elibrary NamdhariElibrary@gmail.com

ਦੀ ਗੱਲ ਭਗਤ ਕਬੀਰ ਜੀ ਨੇ ਕੀਤੀ ਹੈ, ਕਿ ਉਹਨਾਂ ਨੂੰ ਮਰਨ ਨਾਲ ਪੂਰਨ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ।

ਜੀਵਣ ਮਰਨ ਬਾਰੇ ਤੀਜੇ ਪਾਤਸ਼ਾਹ ਜੀ ਨੇ ਬਾਣੀ ਵਿੱਚ ਲਿਖਿਆ ਹੈ :

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥
ਮਰਣੇ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥

ਸਦ ਜੀਵਤ ਰਹਿਣ ਵਾਲਾ ਮਰਨਾ ਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੈ। ਫਿਰ ਮੌਤ ਦਾ ਡਰ ਆਪੇ ਕਾਫੂਰ ਹੋ ਜਾਂਦਾ ਹੈ। ਮੌਤ ਦਾ ਡਰ ਜਗਤ ਨੂੰ ਤਾਂ ਡਰਾਉਂਦਾ ਹੈ ਪਰ ਸਤਿਗੁਰੂ ਦੇ ਭਾਣੇ ਵਿਚ ਰਹਿਣ ਵਾਲਿਆਂ ਨੂੰ ਅਮਰ ਕਰ ਦੇਂਦਾ ਹੈ। ਭਗਤ ਕਬੀਰ ਜੀ ਦੀ ਬਾਣੀ ਅਨੁਸਾਰ :

ਜਿਹ ਮਰਨੈ ਸਭੁ ਜਗਤੁ ਤਰਾਸਿਆ ॥
ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥
ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥
ਮਰਿ ਮਰਿ ਜਾਤੇ ਜਿਨ ਰਾਮੁ ਲ ਜਾਨਿਆ ॥
ਮਰਨੋ ਮਰਨੁ ਕਹੈ ਸਭੁ ਕੋਈ ॥
ਸਹਜੇ ਮਰੈ ਅਮਰੁ ਹੋਇ ਸੋਈ ॥

ਗੁਰਮੁਖ ਦੀ ਮੌਤ ਨਹੀ ਹੁੰਦੀ ਕਿਉਂਕਿ ਉਹ ਸਹਿਜ ਅਵਸਥਾ ਵਿਚ ਹੁੰਦਾ ਹੈ। ਬਾਕੀ ਵਿਅਕਤੀ ਤਾਂ ਤਿੰਨਾਂ ਗੁਣਾਂ ਦੇ ਧਾਰਨੀ ਰਹਿੰਦੇ ਹਨ। ਉਹ ਵੇਦ ਬਾਣੀ ਅਨੁਸਾਰ ਮਾਇਆ ਵਿਚ ਲਿਪਤ ਰਹਿੰਦੇ ਹਨ। ਉਹ ਸਤੋ, ਰਜੋ ਜਾਂ ਤਮੋ ਗੁਣਾਂ ਵਿਚ ਭ੍ਰਮਦੇ ਰਹਿੰਦੇ ਹਨ। ਉਹ ਜਾਗ੍ਰਤ, ਸੁਪਨ ਜਾਂ ਸੁਖੋਪਤੀ ਅਵਸਥਾ ਵਿਚ ਰਹਿੰਦੇ ਹਨ। ਗੁਰਮੁਖ ਜਾਂ ਬ੍ਰਹਮਗਿਆਨੀ ਇਹਨਾਂ ਤੋਂ ਉਤਾਂਹ ਉਠ ਕੇ ਚੌਥੇ ਪਦ, ਵਿਚ ਵਿਚਰਦਾ ਹੈ। ਪਹਿਲੇ ਤਿੰਨਾਂ ਗੁਣਾਂ ਦੇ ਧਾਰਨੀ ਅਤੇ ਤੁਰੀਆ ਗੁਣ ਧਾਰਨ ਵਾਲ-—ਚੌਥੇ ਪਦ ਵਿਚ ਵਿਚਰਨ ਵਾਲਿਆਂ ਦਾ ਫ਼ਰਕ ਸਤਿਗੁਰੂ ਅਮਰਦਾਸ ਜੀ ਨੇ ਰਾਗ ਮਲਾਰ ਵਿਚ ਲਿਖਿਆ ਹੈ :

ਮਰਿ ਜਨਮਹਿ ਫਿਰਿ ਹੋਇ ਖੁਆਰੁ ॥
ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥

ਗੁਰਮੁਖ ਨੂੰ ਤਾਂ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਮਹਲਾ 1

Sri Satguru Jagjit Singh Ji Elibrary NamdhariElibrary@gmail.com

ਉਂਜ ਸੌਖਾ ਸਮਝਣ ਵਾਸਤੇ ਕਿ ਮਰਨ ਤੇ ਜੀਣ ਦਾ ਫਰਕ ਕੀ ਹੈ ਗੁਰੂ ਅਰਜਨ ਦੇਵ ਜੀ ਦੀਆਂ ਇਹ ਤੁਕਾਂ ਹੀ ਰਾਹ ਦਿਖਾ ਦਿੰਦੀਆਂ ਹਨ :

ਮਰਣੰ ਬਿਸਰੰਤ ਗੋਬਿੰਦਹ ॥
ਜੀਵਣੰ ਹਰਿ ਨਾਮ ਧ੍ਯਾਵਣਹ ॥

ਭਗਤ ਫ਼ਰੀਦ ਜੀ ਨੇ ਤਾਂ ਪਿਛਲ ਰਾਤ ਜਾਗ ਕੇ ਨਾਮ ਸਿਮਰਨ ਕਰਨ ਵਾਲੇ ਨੂੰ ਹੀ ਜਿਉਂਦਿਆਂ ਵਿਚ ਗਿਣਿਆ ਹੈ। ਸੁੱਤੇ ਰਹਿਣ ਵਾਲਿਆਂ ਨੂੰ ਮੋਇਆਂ ਸਮਾਨ ਜਿਉਂਦੇ ਲਿਖਿਆ ਹੈ।

ਜਦ ਪਿਛਲ ਰਾਤ ਜਾਗ ਕੇ ਭਜਨ ਬੰਦਗੀ ਕਰਨ ਦਾ ਸੁਆਦ ਆ ਜਾਂਦਾ ਹੈ ਤਾਂ ਦੁਨਿਆਵੀ ਸੁਖ ਸੁਆਦ ਭੁੱਲ ਜਾਂਦੇ ਹਨ, ਉਹ ਫਿੱਕੇ ਲਗਦੇ ਹਨ। ਉਦੋਂ ਮਰਨ ਜੀਣ ਦੀ ਸ਼ੰਕਾ ਨਸ ਜਾਂਦੀ ਹੈ। ਅੰਦਰ ਦਾ ਸੁਆਦ ਹਰੀ ਨਾਲ ਇਕਾਗਰ ਚਿਤ ਹੋਣ ਨਾਲ ਹੀ ਬਣਦਾ ਹੈ। ਮਰਨਾ ਚੰਗਾ ਲਗਦਾ ਹੈ ਬਸ਼ਰਤਿ ਕਿ ਹਰੀ ਦੇ ਦਰ ਪ੍ਰਵਾਨ ਚੜ੍ਹ ਜਾਈਏ। ਏਸੇ ਅਵਸਥਾ ਵਿਚ ਭਗਤ ਕਬੀਰ ਜੀ ਨੇ ਲਿਖਿਆ ਸੀ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੇ ਬਾਰ ॥

Sri Satguru Jagjit Singh Ji Elibrary NamdhariElibrary@gmail.com

ਮਾਸ ਖਾਨਿ ਗਲ ਵਢਿ ਕੇ

ਮਾਸ ਸਾਤਵਿਕ ਭੋਜਨ ਨਹੀਂ ਸੋ ਮਾਸ ਖਾਣਾ ਧਾਰਮਿਕ ਨਜ਼ਰੀਏ ਤੋਂ ਨਿਸ਼ੇਧ ਹੈ। ਮਾਸ ਖਾਣ ਵਿੱਚ ਸਰੀਰ ਨੂੰ ਤੰਦਰੁਸਤ ਰੱਖਣ ਅਤੇ ਤਾਕਤ ਦੇਣ ਵਾਲੇ ਗੁਣਾਂ ਦੀ ਥਾਂ ਸਿਹਤ ਵਿਗਾੜਨ ਵਾਲੇ ਔਗੁਣ ਕਈ ਗੁਣਾਂ ਵੱਧ ਹਰ ਸੋ ਡਾਕਟਰਾਂ ਦੀ ਰਾਇ ਵਿਚ ਮਾਸ ਨਹੀ ਖਾਣਾ ਚਾਹੀਦਾ। ਮਨੁੱਖ ਸਮੁਚੀਆਂ ਜੂਨਾਂ ਤੋਂ ਵੱਧ ਸਮਰਥ, ਸ਼ਕਤੀਸ਼ਾਲੀ ਤੇ ਸਿਆਣਾ ਹੈ, ਇਸ ਦੀ ਸਰਦਾਰੀ ਹੈ ਸੋ ਇਸ ਦਾ ਫ਼ਰਜ਼ ਹੋਰਨਾਂ ਪ੍ਰਾਣੀਆਂ ਦੀ ਰਾਖੀ ਕਰਨਾ ਹੈ, ਨਾ ਕਿ ਉਹਨਾਂ ਬੇਜ਼ੁਬਾਨ ਜੀਵਾਂ ਨੂੰ ਮਾਰ ਕੇ ਖਾਣਾ।

ਮਾਸ ਖਾਣ ਨਾਲ ਤਾਮਸੀ ਬਿਰਤੀ ਬਣਦੀ ਹੈ, ਮਨੁੱਖ ਅੰਦਰ ਹਿੰਸਕ ਭਾਵਨਾ ਪਨਪਦੀ ਹੈ, ਉਹ ਦੂਜੇ ਪ੍ਰਾਣੀਆਂ ਦਾ ਹੀ ਨਹੀਂ ਆਪਣੀ ਮਨੁੱਖ ਜਾਤੀ ਦਾ ਘਾਤ ਕਰਨ ਲਈ, ਲੜਾਈ-ਝਗੜੇ, ਜੰਗ-ਯੁਧ ਕਰਦਾ ਹੈ ਸੋ ਉਸ ਦੇ ਸ਼ਾਕਾਹਾਰੀ ਬਣਨ ਵਿਚ ਮਨੁੱਖ ਜਾਤੀ ਦਾ ਵੀ ਭਲਾ ਹੈ।

ਭਾਈ ਗੁਰਦਾਸ ਜੀ ਸ਼ੇਰ ਦੇ ਪੰਜਿਆਂ ਨਾਲ ਮਾਰੀ ਜਾ ਰਹੀ ਬਕਰੀ ਦਾ ਦ੍ਰਿਸ਼ਟਾਂਤ ਦੇ ਕੇ ਸ਼ੇਰ ਦੀ ਪੁੱਛ ਦਾ ਜੁਆਬ ਦੇਂਦੀ, ਬਕਰੀ ਦੇ ਕਹੇ ਸ਼ਬਦ ਬੜੇ ਸੰਖੇਪ ਦਿੱਤੇ ਹਨ ਕਿ ਬਕਰੀ ਦੀ ਜੂਨ ਅਕ ਧਤੂਰਾ ਖਾ ਕੇ ਬੀਤਦੀ ਹੈ ਤੇ ਉਸ ਨੂੰ ਅਜਾਈ ਅਕਾਲ ਮਿਰਤੂ ਮਰਨਾ ਪੈਂਦਾ ਹੈ, ਉਹ ਆਪਣੀ ਪੂਰੀ ਉਮਰ ਨਹੀਂ ਭੋਗ ਸਕਦੀ। ਜਿਹੜੇ ਦੂਜੇ ਜੀਵਾਂ ਦਾ ਗਲ ਵਢ ਕੇ ਉਹਨਾਂ ਦਾ ਮਾਸ ਖਾਂਦੇ ਹਨ ਉਹਨਾਂ ਦਾ ਕੀ ਹਾਲ ਹੋਵੇਗਾ।

> ਅਕ ਧਤੂਰਾ ਖਾਂਦਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ।
> ਮਾਸ ਖਾਨਿ ਗਲ ਵਢਿ ਕੇ ਹਾਲ ਤਿਨਾੜਾ ਕਉਣ ਹੋਵਸੀ।

ਭਾਈ ਗੁਰਦਾਸ ਤਾਂ ਸਤਿਗੁਰੂ ਜੀ ਦੀ ਸਿੱਖੀ ਮਰਯਾਦਾ ਦੇ ਪ੍ਰਚਾਰਕ ਸਨ। ਉਹਨਾਂ ਨੇ ਸਤਿਗੁਰੂ ਜੀ ਦੀ ਮਰਿਯਾਦਾ ਅਨੁਸਾਰ ਪ੍ਰਚਾਰ ਕੀਤਾ। ਹੋਰ ਧਾਰਮਿਕ, ਸਮਾਜਿਕ ਆਗੂਆਂ ਨੇ ਮਨੁੱਖ ਦਾ ਭਲਾ ਸੋਚਣ ਲਈ ਉਹਨਾਂ ਨੂੰ ਮਾਸਾਹਾਰੀ ਭੋਜਨ ਖਾਣੋ ਅਤੇ ਨਸ਼ੇ ਤੋਂ ਵਰਜਿਆ ਤਾਂਕਿ ਮਨੁੱਖ ਨੂੰ ਆਪਣੇ ਪੈਰੀ ਕੁਹਾੜਾ ਮਾਰਨ ਤੋਂ ਰੋਕਿਆ ਜਾਏ।

ਕਈ ਰਾਜਨੀਤਿਕ ਆਗੂ ਵੀ ਮਨੁੱਖ ਨੂੰ ਸ਼ਿਕਾਰੀ ਤੇ ਮਾਸਾਹਾਰੀ ਬਣਨੋ ਵਰਜਦੇ ਹਨ। ਭਾਰਤ ਦੇ ਗੁਆਂਢੀ ਦੇਸ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਬੇਨਜੀਰ ਭੁਟੋ ਦਾ ਇਹ ਕਹਿਣ ਕਿ ਸਵਸਥ ਤੇ ਲੰਮੀ ਉਮਰ

Sri Satguru Jagjit Singh Ji Elibrary NamdhariElibrary@gmail.com

ਚਾਹੁੰਦੇ ਹੋ ਤਾਂ ਮਾਸਾਹਾਰ ਤਿਆਗ ਕੇ ਸ਼ਾਕਾਹਾਰ ਭੋਜਨ ਅਪਨਾਓ, ਮਨੁੱਖ ਨੂੰ ਆਪਣਾ ਭਲਾ ਕਰਨ ਲਈ ਤਿਆਰ ਕਰਦਾ ਹੈ।

ਭਾਵੇਂ ਮਾਸਾਹਾਰ ਵਿਰੁਧ ਸਾਡੇ ਦੇਸ ਵਿਚ ਕਾਫੀ ਭਾਰੀ ਮੁਹਿੰਮ ਸੰਤਾਂ, ਮਹਾਤਮਾਵਾਂ, ਗੁਰੂਆਂ ਵਲੋਂ ਚਲਾਈ ਜਾਂਦੀ ਰਹੀ ਹੈ। ਰਾਜਨੀਤਿਕ ਆਗੂ ਵੀ ਇਸ ਪਾਸਿਓਂ ਵਰਜਦੇ ਰਹੇ ਹਨ। ਪਰ ਉਸ ਦੇਸ ਦੀ ਸਾਬਕਾ ਪ੍ਰਧਾਨ ਮੰਤਰੀ ਜਿਥੋਂ ਦੇ ਧਰਮ, ਇਸਲਾਮ ਨੂੰ ਮੰਨਣ ਵਾਲੇ ਮਾਸ ਖਾਣ ਤੋਂ ਪਰਹੇਜ ਨਹੀ ਕਰਦੇ, ਦਾ ਮਾਸ ਖਾਣੋ ਰੋਕਣ ਲਈ ਕਹਿਣਾ ਉਹਨਾਂ ਲੋਕਾਂ ਨੂੰ ਵੀ ਮਾਸ ਖਾਣਾ ਛੱਡਣ ਲਈ ਤਿਆਰ ਕਰਦਾ ਹੈ ਜਿਹੜੇ ਪੁਰਬਾਂ ਤੇ ਉਚੇਚਾ ਮਾਸ ਬਣਾਉਂਦੇ ਹਨ ਤੇ ਇਸ ਨੂੰ ਸਮਾਜਿਕ ਪ੍ਰਤਿਸ਼ਠਾ ਦਾ ਮਾਪ ਦੰਡ ਸਮਝਦੇ ਹਨ।

ਸ੍ਰੀ ਮਤੀ ਬੇਨਜ਼ੀਰ ਭੁਟੋ ਦੇ ਧਿਆਨ ਵਿਚ ਮਾਸਾਹਾਰੀ ਲੋਕ ਸਨ ਸੋ ਉਸ ਨੇ ਉਹਨਾਂ ਨੂੰ ਸ਼ਾਕਾਹਾਰੀ ਭੋਜਨ ਵਲ ਮੋੜਣ ਲਈ ਸ਼ਾਕਾਹਾਰ ਭੋਜਨ ਨੂੰ ਜ਼ਿਆਦਾ ਸਿਹਤਵਰਧਕ ਕਹਿਣ, ਮਾਸਾਹਾਰੀ ਭੋਜਨ ਕਰਨੋ ਵਰਜਨ, ਇਸ ਦਾ ਬਹੁਤ ਮਹਿੰਗਾ ਹੋਣ, ਮਾਸਾਹਾਰ ਨੂੰ ਘਟਾਉਣ ਤੇ ਫੇਰ ਛੱਡ ਦੇਣ ਦਾ ਰਾਹ ਅਪਣਾਇਆ। ਉਹਨਾਂ ਮਨੁੱਖ ਦੀ ਸਰੀਰਕ ਤੇ ਮਾਨਸਿਕ ਲੋੜ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਆਰਥਿਕ ਪੱਖੋਂ ਜ਼ਰੂਰੀ ਸਮਝਿਆ ਅਤੇ ਜੀਵ ਹੱਤਿਆ ਦਾ ਤਿਆਗ ਕਰਨ ਲਈ ਸਿਹਤ ਲਈ ਲਾਹੇਵੰਦ ਮੰਨਦਿਆਂ ਸ਼ਾਕਾਹਾਰੀ ਬਣਨ ਲਈ ਪ੍ਰੇਰਨਾ ਦਿੱਤੀ। ਉਹਨਾਂ ਆਪਣੇ ਬਾਰੇ ਲਿਖਿਆ ਹੈ :

"ਮੈਂ ਆਪਣਾ ਮੈਡੀਕਲ ਚੈਕ-ਅਪ ਕਰਵਾਇਆ ਸੀ ਅਤੇ ਮੈਨੂੰ ਜਿਹੜੀ ਰਿਪੋਰਟ ਮਿਲੀ ਉਸ ਤੋਂ ਬੇਹਦ ਖ਼ੁਸ਼ ਹਾਂ। ਆਪਣੇ ਬੇਹੱਦ ਤਣਾਅਪੂਰਨ ਅਤੇ ਰੁਝੇਵੇ ਵਾਲੇ ਪ੍ਰੋਗਰਾਮਾਂ ਦੇ ਬਾਵਜੂਦ ਮੈਨੂੰ ਸਿਹਤ ਠੀਕ ਹੋਣ ਦਾ ਸਰਟੀਫੀਕੇਟ ਦਿੱਤਾ ਗਿਆ। ਮੈਨੂੰ ਇਸ ਗੱਲ ਦਾ ਭਰੋਸਾ ਹੈ ਕਿ ਇਹ ਸਭ ਮੇਰੇ ਵਲੋਂ ਆਪਣੇ ਭੋਜਨ ਦੀਆਂ ਆਦਤਾਂ ਵਿਚ ਕੰਟਰੋਲ ਅਤੇ ਸ਼ਾਕਾਹਾਰੀ ਭੋਜਨ ਦੇ ਕਾਰਨ ਹੀ ਸੰਭਵ ਹੋ ਸੱਕਿਆ ਹੈ।"

ਉਹਨਾਂ ਮਧ ਏਸ਼ੀਆ ਦੇ ਦੌਰੇ ਸਮੇਂ ਇਕ ਮੇਜ਼ਬਾਨ ਦੇ ਕਥਨ ਦਾ ਹਵਾਲਾ ਦੇਂਦਿਆਂ ਕਿਹਾ ਕਿ, 'ਅਸੀ ਭੇੜੀਆ ਵਰਗੇ ਮਾਸ ਭਕਸ਼ੀ ਬਣ ਗਏ ਹਾਂ।' ਪਰ ਹੁਣ ਭੇੜੀਆਪਨ ਵਾਲੇ ਦਿਨ ਬੀਤਣ ਵਾਲੇ ਹਨ।

ਉਹਨਾਂ ਦਾ ਇੰਗਲੈਂਡ ਦੀਆਂ ਗਊਆਂ ਦੇ ਪਾਗਲਪਨ ਦਾ ਹਵਾਲਾ, ਮਨੁੱਖੀ ਲਾਲਚ ਦੀ ਇੰਤਹਾਅ ਹੀ ਪੇਸ਼ ਕਰਦਾ ਹੈ। ਇਹ ਮਨੁੱਖ ਦਾ ਪਾਗਲਪਨ ਹੀ ਹੈ ਉਹ ਬੇਹਦ ਲਾਲਚੀ ਹੋ ਗਿਆ ਹੈ। ਏਸੇ ਲਾਲਚ ਵਸ ਇੰਗਲੈਂਡ ਦੇ ਮਨੁੱਖ ਨੇ ਗਊਆਂ ਦੇ ਮਾਸ ਤੋਂ ਵਧ ਧਨ ਕਮਾਉਣ ਲਈ ਗਊਆਂ ਨੂੰ ਘਾਹ ਦਾਣੇ ਦੀ ਥਾਂ ਮਾਸ ਦਾ ਚਾਰਾ ਖੁਆਉਣਾ ਸ਼ੁਰੂ ਕੀਤਾ ਜਿਹੜਾ ਕੁਦਰਤੀ ਨੇਮਾਂ ਦੇ ਉਲਟ ਸੀ। ਇਸ ਦੇ ਸਿਟੇ ਵਜੋਂ ਇੰਗਲੈਂਡ ਦੀਆਂ ਗਊਆਂ ਦਿਮਾਗ਼ੀ ਤੇ ਰੀੜ ਦੀ ਬਿਮਾਰੀ ਕਾਰਨ ਪਾਗਲ ਹੋ ਗਈਆਂ। ਉਹਨਾਂ ਦਾ ਮਾਸ ਖਾਣ ਵਾਲੇ, ਦੇਸਾਂ ਦੇ ਲੋਕ ਪਾਗਲ ਹੋਣ ਤੇ ਮਰਨ ਲਗੇ। ਉਹਨਾਂ ਦੇਸਾਂ ਨੇ ਬਰਤਾਨਵੀ ਗਊ-ਮਾਸ ਤੇ ਪਾਬੰਦੀ ਲਾ

Sri Satguru Jagjit Singh Ji Elibrary NamdhariElibrary@gmail.com

ਦਿੱਤੀ, ਇੰਗਲੈਂਡ ਵਿਚ ਆਰਥਕ ਸੰਕਟ ਖੜਾ ਹੋ ਗਿਆ।

ਪਾਕਿਸਤਾਨ ਵਿਚ ਆਮ ਕਹਾਵਤ ਹੈ, "ਜਦੋਂ ਆਦਮੀ ਜਵਾਨ ਹੁੰਦਾ ਹੈ ਤਾਂ ਉਹ ਮਾਸ ਖਾਂਦਾ ਹੈ। ਜਦੋਂ ਕੋਈ ਵਿਅਕਤੀ 40 ਸਾਲ ਦੀ ਉਮਰ ਪਾਰ ਕਰ ਜਾਂਦਾ ਹੈ ਤਾਂ ਫਿਰ ਮਾਸਾਹਾਰੀ ਭੋਜਨ ਉਸ ਆਦਮੀ ਨੂੰ ਹੀ ਖਾਣ ਲਗਦਾ ਹੈ।" ਹੈ ਵੀ ਸਹੀ ਕਿਉਂਕਿ ਇਸ ਨਾਲ ਕੋਲੈਸਟਰੋਲ ਦੀ ਮਾਤਰਾ ਵਧਦੀ ਹੈ ਜਿਸ ਕਾਰਨ ਹਾਈ ਬਲੱਡ ਪ੍ਰੈਸ਼ਰ ਤੇ ਹਿਰਦੇ ਰੋਗ ਵਧ ਜਾਂਦੇ ਹਨ। ਡਾਕਟਰ ਕਾਰਲਸਨ ਦੀ ਰਿਪੋਰਟ ਅਨੁਸਾਰ :

"ਮਨੁੱਖ ਦੀਆਂ ਅੰਤੜੀਆਂ ਵਿਚ ਸੁਭਾਵਕ ਹੀ ਕਰੋੜਾਂ ਸਾਂਤ ਪ੍ਰਮਾਣੂ ਹੁੰਦੇ ਹਨ ਜੇਕਰ ਮਾਸ ਦੇ ਭੋਜਨ ਤੇ ਇਹ ਪ੍ਰਮਾਣੂ ਪਲਣ ਲਗਣ ਤਾਂ ਇਹਨਾਂ ਵਿਚੋਂ ਬਦਬੂਦਾਰ ਜ਼ਹਿਰੀਲੇ ਟਾਕਸੀਨ ਪੈਦਾ ਹੁੰਦੇ ਹਨ। ਇਸ ਤੇ ਇਕ ਹੋਰ ਬਿਪਤਾ ਇਹ ਹੈ ਕਿ ਮਾਸ ਕਬਜ਼ੀ ਕਰਦਾ ਹੈ। ਇਸ ਕਰਕੇ ਇਹ ਜ਼ਹਿਰੀਲੇ ਪ੍ਰਮਾਣੂ ਅੰਤੜੀਆਂ ਵਿਚ ਜ਼ਿਆਦਾ ਦੇਰ ਤਕ ਰੁਕੇ ਰਹਿੰਦੇ ਹਨ ਅਤੇ ਓਥੇ ਹੀ ਆਪਣਾ ਘਰ ਬਣਾ ਲੈਂਦੇ ਹਨ। ਕੁਦਰਤੀ ਤੌਰ ਤੇ ਇਹ ਜ਼ਹਿਰੀਲਾ ਪਦਾਰਥ ਲਹੂ ਵਿਚ ਫ਼ੈਲੇਗਾ ਤੇ ਸਾਰੇ ਸਰੀਰ ਵਿਚ ਜਾ ਕੇ ਉਸ ਦਾ ਨੁਕਸਾਨ ਕਰੇਗਾ।"

ਮਾਸ ਖਾਣ ਨਾਲ ਪੈਦਾ ਹੋਇਆ ਯੂਰਿਕ ਐਸਿਡ ਵੀ ਜ਼ਹਿਰ ਹੈ। ਉਹ ਖ਼ੂਨ ਵਿਚ ਮਿਲ ਕੇ, ਦਿਲ ਦੀ ਬਿਮਾਰੀ, ਟੀ.ਬੀ. ਜਿਗਰ ਦੀ ਖ਼ਰਾਬੀ, ਸਾਹ ਰੋਗ, ਖ਼ੂਨ ਦੀ ਕਮੀ, ਗਠੀਆ, ਹਿਸਟੀਰੀਆ, ਸੁਸਤੀ, ਨੀਂਦ, ਤਰ੍ਹਾਂ ਤਰ੍ਹਾਂ ਦੇ ਦਰਦ ਤੇ ਬੁਖਾਰ ਆਦਿ ਪੈਦਾ ਕਰਦਾ ਹੈ। ਸੋ ਮਨੁੱਖ ਸੋਚੇ ਕਿ ਉਸ ਨੇ ਕੀ ਖੱਟਿਆ ਮਾਸ ਖਾ ਕੇ !

ਡਾਕਟਰਾਂ ਦੀ ਰਾਏ ਅਨੁਸਾਰ ਮਾਸ ਦਾ ਮਤਲਬ ਕੇਵਲ ਮਾਸ ਨਹੀਂ, ਮੱਛੀ ਤੇ ਆਂਡੇ ਵੀ ਹਨ। ਉਹ ਵੀ ਮਾਸ ਵਾਂਗ ਹੀ ਹਾਨੀਕਾਰਕ ਹਨ।

ਇਸ ਕਰਕੇ ਮਨੁੱਖ ਨੂੰ ਸਿਹਤ ਵਿਗਿਆਨ ਅਨੁਸਾਰ ਸਮਝਣ ਦੀ ਲੋੜ ਹੈ ਕਿ ਮਾਸ ਉਸਦੀ ਸਿਹਤ ਲਈ ਹਾਨੀਕਾਰਕ ਹੈ। ਉਸ ਨੂੰ ਆਰਥਕ ਪਖੋਂ ਮੰਨਣ ਦੀ ਲੋੜ ਹੈ ਕਿ ਮਾਸ ਦਾ ਭੋਜਨ ਮਹਿੰਗਾ ਹੈ। ਉਸ ਨੂੰ ਪ੍ਰਕਿਰਤੀ ਦੀ ਸੰਭਾਲ ਲਈ ਸੋਚਣ ਦੀ ਲੋੜ ਹੈ ਕਿ ਕੀ ਇਸ ਨਾਲ ਪ੍ਰਾਕਿਰਤੀ ਦਾ ਤਵਾਜਨ ਤਾਂ ਨਹੀ ਵਿਗੜਦਾ ? ਇਸ ਸਮੇਂ ਪ੍ਰਾਕਿਤੀ ਦਾ ਸੰਤੁਲਨ ਵਿਗੜਨ ਕਰਕੇ ਧਰਤੀ ਰੂਪੀ ਗ੍ਰਹਿ ਉਤੇ ਸੰਕਟ ਪੈਦਾ ਹੋ ਗਿਆ ਹੈ। ਇਸ ਨੂੰ ਘਟਾਉਣ ਲਈ ਯੂ.ਐਨ. ਦੀ ਇੰਟਰ ਗੌਰਮਿੰਟ ਕਲਾਈਮੈਟ ਚੇਂਜ ਦੇ ਪੈਨਲ (IPCC) ਦੇ ਮੁੱਖੀ ਡਾ. ਰਜਿੰਦਰ ਪਚੌਰੀ ਨੇ ਕਿਹਾ ਹੈ, "ਧਰਤੀ ਤੇ ਵਧ ਰਹੀ ਗਰਮੀ ਨੂੰ ਵਧਣ ਦਾ ਕਾਰਨ ਮਾਸਾਹਾਰ ਵੀ ਹੈ।" ਮਨੁੱਖ ਨੂੰ ਦਇਆਵਾਨ ਹੋ ਕੇ ਵਿਚਾਰਨ ਦੀ ਲੋੜ ਹੈ ਕਿ ਕੀ ਉਹ ਉਹਨਾਂ ਨੂੰ ਮਾਰ ਕੇ ਖਾਵੇ ਜਿਨ੍ਹਾਂ ਨੇ ਉਸ ਦਾ ਕੁਝ ਨਹੀ ਵਿਗਾੜਿਆ। ਧਾਰਮਿਕ ਨਜ਼ਰੀਏ ਤੋਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਮਨੁੱਖ ਨੂੰ ਲੇਖਾ ਦੇਣਾ ਪਵੇਗਾ। ਭਲਾ ਮਨੁੱਖ ਇਹ ਕਿਉਂ ਨਾ ਸੋਚੇ ਕਿ :

ਮਾਸ ਖਾਨਿ ਗਲ ਵਢਿ ਕੇ ਹਾਲ ਤਿਨਾੜਾ ਕਉਣ ਹੋਵਸੀ ॥

Sri Satguru Jagjit Singh Ji Elibrary NamdhariElibrary@gmail.com

ਅਸਾਂ ਕੀ ਖੱਟਿਆ ?

ਮਨੁੱਖ ਪ੍ਰਾਪਤੀਆਂ ਭਾਲਦਾ ਹੈ—ਆਪਣੇ ਨਾਮ, ਆਪਣੇ ਧਨ ਪਦਾਰਥ, ਆਪਣੀ ਜੈ ਜੈਕਾਰ ਦੀਆਂ ਪ੍ਰਾਪਤੀਆਂ। ਉਹ ਹਰ ਥਾਂ ਤੇ ਆਪਣੇ ਪਰਚਮ ਝੁਲਾਉਣਾ ਚਾਹੁੰਦਾ ਹੈ ਤੇ ਸੁਚੇਤ ਜਾਂ ਅਚੇਤ ਦੂਜੇ ਨੂੰ ਲੱਤ ਹੇਠੋਂ ਲੰਘਾਉਣਾ ਚਾਹੁੰਦਾ ਹੈ। ਜਿਥੇ ਉਹ ਅੰਮ੍ਰਿਤ ਵੇਲੇ ਉਠ ਕੇ ਸੀਸ ਝੁਕਾਉਣਾ ਚਾਹੁੰਦਾ ਹੈ, ਉਥੇ ਵੀ ਉਸਦਾ ਧਾਰਮਿਕ ਭਾਵਨਾ ਨਾਲੋਂ ਸੰਸਾਰਕ ਬਿਰਤੀ ਤੇ ਵਖਾਲਾ ਵੱਧ ਹੁੰਦਾ ਹੈ। ਕਿਸੇ ਦੇ ਨਾਂ 'ਤੇ ਧਰਮ ਅਸਥਾਨ ਦਾ ਨਾਂ, ਉਥੇ ਬਣੇ ਕਮਰਿਆਂ ਵਿਚ ਲੱਗੇ ਪੱਥਰਾਂ ਤੇ ਪੱਖਿਆਂ ਉਤੇ ਲਿਖਿਆ ਨਾਂ ਇਸ ਨੂੰ ਲੁਕਿਆ ਨਹੀਂ ਰਹਿਣ ਦੇਂਦਾ ਕਿ ਇਸ ਵਿਚ ਪਰਮਾਰਥ ਕਿੰਨਾ ਕੁ ਹੈ।

ਗ਼ਰੀਬ ਵਿਅਕਤੀ ਧਾਰਮਿਕ ਅਸਥਾਨ ਉਤੇ, ਸਤਿਗੁਰੂ, ਸੰਤ ਮਹਾਂਪੁਰਸ਼ ਕੋਲ ਸ਼ਰਧਾ ਭਾਵਨਾ ਨਾਲ ਜਾਂਦਾ ਹੈ ਤੇ ਖਿੜਿਆ ਖਿੜਿਆ ਵਾਪਸ ਮੁੜਦਾ ਹੈ। ਉਸ ਲਈ ਇਹ ਵੀ ਜ਼ਰੂਰੀ ਨਹੀਂ ਕਿ ਉਹ ਆਪ ਬਾਹਰ ਦਿਖਾਵੇ ਦੀ ਮਰਯਾਦਾ ਦਾ ਧਾਰਨੀ ਹੋਵੇ। ਜ਼ਰੂਰੀ ਨਹੀਂ ਗੁਰਦੁਆਰੇ ਜਾਣ ਵਾਲਾ ਐਸਾ ਵਿਅਕਤੀ ਸਾਬਤ ਸੂਰਤ, ਪੰਜ ਕਕਾਰ ਦਾ ਧਾਰਨੀ ਸਿੱਖ ਹੀ ਹੋਵੇ ਉਹ ਹੋਰ ਕੋਈ ਸ਼ਰਧਾਲੂ ਗੁਰਸਿੱਖ ਵੀ ਹੋ ਸਕਦਾ ਹੈ।

ਇਕ ਵਾਰ ਦੋ ਵਿਅਕਤੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਕੇ ਮੁੜਦੇ ਖਿੜੇ-ਖਿੜੇ ਦੇਖੇ, ਉਹ ਕੇਸਾਧਾਰੀ ਨਹੀਂ ਸਨ, ਨਾ ਉਹਨਾਂ ਨੇ ਨਾਮਧਾਰੀ ਬਾਣਾ ਪਾਇਆ ਹੋਇਆ ਸੀ। ਪਰ ਇੰਜ ਲਗਦਾ ਸੀ ਉਹਨਾਂ ਖ਼ੁਸ਼ੀਆਂ ਨਾਲ ਝੋਲੀਆਂ ਭਰ ਲਈਆਂ ਸਨ—ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ। ਸ਼ਾਇਦ ਉਹਨਾਂ ਮਨ ਵਿਚ ਧਾਰਿਆ ਹੋਵੇ :

> ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰੇਇ।
> ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ।
> (ਮਹਲਾ-5)

ਮੈਂ ਵੀ ਓਥੇ ਸਾਂ ਘਰ ਮੁੜਦਿਆਂ ਮੈਂ ਸੋਚ ਰਿਹਾ ਸਾਂ, ਅਸਾਂ ਕੀ ਖੱਟਿਆ ? ਅਸੀਂ ਸਤਿਗੁਰੂ ਜੀ ਤੋਂ ਕੁਝ ਨਾ ਕੁਝ ਮੰਗਦੇ ਰਹਿੰਦੇ ਹਾਂ। ਕਦੀ ਔਲਾਦ ਮੰਗਦੇ ਹਾਂ, ਕਦੀ ਦੇਹ ਅਰੋਗਤਾ ਤੇ ਲੰਮੀ ਉਮਰ ਮੰਗਦੇ ਹਾਂ, ਕਦੀ ਧਨ ਦੌਲਤ ਮੰਗਦੇ ਹਾਂ। ਜੀ ਕਰਦਾ ਹੈ ਸਤਿਗੁਰੂ ਸਾਡੀ ਮੰਗ ਅਨੁਸਾਰ ਸਭ ਕੁਝ ਦੇਵੇ।

ਇੱਕ ਵਾਰ ਸਰਸੇ, ਇਕ ਮਸਤਾਨਾ ਸਤਿਗੁਰੂ ਜੀ ਦਾ ਰਾਹ ਰੋਕ ਕੇ ਹੱਥ ਜੋੜ

Sri Satguru Jagjit SIngh Ji Elibrary NamdhariElibrary@gmail.com

ਕੇ ਖਲੋ ਗਿਆ, "ਮੇਰੇ ਘਰ ਚਰਨ ਜ਼ਰੂਰ ਪਾਓ", ਉਸ ਅਰਜ਼ ਕੀਤੀ। ਸਤਿਗੁਰੂ ਜੀ ਦਾ ਹੋਰ ਤਰ੍ਹਾਂ ਦਾ ਪ੍ਰੋਗਰਾਮ ਸੀ, ਕਾਹਲੀ ਸੀ। ਇਸ ਲਈ ਉਹ ਚਰਨ ਨਹੀਂ ਸਨ ਪਾ ਸਕਦੇ। ਉਸਦੇ ਵਾਰ ਵਾਰ ਕਹਿਣ ਉਤੇ ਸਤਿਗੁਰੂ ਜੀ ਨੇ ਕਿਹਾ, "ਚਰਨ ਪੁਆਉਣੇ ਹਨ ਜਾਂ ਖ਼ੁਸ਼ੀਆਂ ਲੈਣੀਆਂ ਹਨ?" ਉਹ ਨਿਰੁਤਰ ਸੀ।

ਇਹ ਸਮਝਣਾ ਭਾਵੇਂ ਬੜਾ ਔਖਾ ਹੈ ਪਰ ਹੈ ਜ਼ਰੂਰੀ ਕਿ ਸਤਿਗੁਰੂ ਜੀ ਦੀ ਕੀ ਰਜ਼ਾ ਹੈ? ਉਹਨਾਂ ਦੀਆਂ ਖ਼ੁਸ਼ੀਆਂ ਕਿਸ ਵਿਚ ਹਨ? ਅਸੀਂ ਤਾਂ ਉਹਨਾਂ ਉਤੇ ਆਪਣਾ ਹੱਕ ਜਮਾਉਂਦੇ ਹਾਂ। ਪਰਵਾਰਕ ਸਾਂਝ ਹੋਣ ਕਰਕੇ, ਬਾਲ ਸਖਾਈ ਮਿੱਤਰ ਹੋਣ ਕਾਰਨ, ਉਹਨਾਂ ਦੀ ਸੇਵਾ ਕਰਨ ਦਾ ਮਾਣ ਹੋਣ ਕਰਕੇ ਜਾਂ ਉਹਨਾਂ ਵਲੋਂ ਸੌਂਪਿਆ ਕਿਸੇ ਤਰ੍ਹਾਂ ਦਾ ਪੰਥਕ ਕੰਮ ਕਰਨ ਕਰਕੇ ਤੇ ਇੰਜ ਸਮਝਦੇ ਹਾਂ ਜਿਵੇਂ ਅਸੀਂ ਉਸ ਸਾਂਝ ਦਾ ਮੁੱਲ ਮੰਗ ਰਹੇ ਹੋਈਏ, ਸਿਮਰਨ, ਸੇਵਾ ਜਾਂ ਕਾਰਜ ਦੀ ਉਜਰਤ ਮੰਗ ਰਹੇ ਹੋਈਏ, ਉਹਨਾਂ ਪ੍ਰਤੀ ਮੰਗ ਪੱਤਰ ਪੇਸ਼ ਕਰ ਰਹੇ ਹੋਈਏ, ਧੰਨੇ ਭਗਤ ਵਾਂਗ। ਜਾਂ ਫਿਰ ਗੁਰਗੱਦੀ ਉਤੇ ਆਪਣਾ ਹੱਕ ਜਤਾ ਰਹੇ ਹੋਈਏ, ਪੁੱਤ ਪ੍ਰਿਥੀਏ ਵਾਂਗ ਜਾਂ ਪੋਤਰੇ ਰਾਮ ਰਾਏ ਵਾਂਗ। ਕਰੀਤਰਨੀਏ ਹੋ ਕੇ ਵੀ ਅਸੀਂ ਰੁੱਸ ਸਕਦੇ ਹਾਂ, ਸੱਤੇ ਬਲਵੰਡੇ ਵਾਂਗ।

ਇਕ ਹੋਰ ਮਿਸਾਲ ਹੈ:

ਇਕ ਵਾਰ ਇਕ ਵਡੇਰੀ ਉਮਰ ਦਾ ਸਿੱਖ, ਸੇਵਕਾਂ ਕੋਲੋਂ ਪੁੱਛ ਕੇ ਸਤਿਗੁਰੂ ਜੀ ਕੋਲੋਂ ਇਜ਼ਾਜਤ ਲੈ ਕੇ, ਮਸਤਾਨਗੜ੍ਹ (ਸਰਸਾ) ਸਤਿਗੁਰੂ ਜੀ ਨੂੰ ਅਰਜ਼ ਕਰਨ ਲੱਗਾ,

"ਸੱਚੇ ਪਾਤਸ਼ਾਹ! ਐਨਾ ਚਿਰ ਹੋ ਗਿਆ ਭਜਨ ਕਰਦਿਆਂ, ਕੁਝ ਦਿਓ।"

"ਕੀ ਦਿਆਂ?"

"ਕੋਈ ਜ਼ਮੀਨ ਜਾਇਦਾਦ।" ਮੈਂ ਕੋਲ ਬੈਠਾ ਸੋਚ ਰਿਹਾ ਸਾਂ ਇਸ ਬਜ਼ੁਰਗ ਨੇ ਬਿਰਧ ਅਵਸਥਾ ਵਿਚ ਕਿਸ ਪਾਸੇ ਧਿਆਨ ਕੀਤਾ ਹੈ। ਮੰਗਣਾ ਨਾਮ-ਦਾਨ ਤੇ ਮੁਕਤੀ ਚਾਹੀਦੀ ਸੀ, ਮੰਗ ਰਿਹਾ ਹੈ ਕੁਝ ਹੋਰ। ਗੁਰੂ ਘਰ ਵਿਚ ਲੋੜਵੰਦਾਂ ਲਈ ਲੰਗਰ-ਪਾਣੀ, ਲੀੜਾ-ਕੱਪੜਾ, ਰਹਿਣ ਲਈ ਥਾਂ ਅਤੇ ਬਿਰਧਾਂ ਤੇ ਇਲਾਜ ਲਈ ਪ੍ਰਬੰਧ ਦਾ ਘਾਟਾ ਨਹੀ ਹੁੰਦਾ। ਫਿਰ ਲਾਲਚ ਹੀ ਹੈ ਨਾ ਜੋ ਜ਼ਮੀਨ ਮੰਗ ਰਿਹਾ ਹੈ। ਉਹ ਬਿਰਧ ਨੇ ਵਾਹ ਥੋੜਾ ਲੈਣੀ ਹੈ! ਪੁੱਤਰਾਂ ਪੋਤਰਿਆਂ ਲਈ ਲਾਲਚ ਕਰ ਰਿਹਾ ਹੋਵੇਗਾ। ਭਲਾ ਕੀ ਖੱਟ ਰਿਹਾ ਹੈ?

ਪਰ ਅਸੀਂ ਭਾਈ ਭਿਖਾਰੀ ਵਰਗੇ ਗੁਰੂ ਘਰ ਦੇ ਸਿੱਖ ਨਹੀ ਬਣਨਾ ਚਾਹੁੰਦੇ। ਉਸ ਨੇ ਪੁੱਤਰ ਧਾੜਵੀਆਂ ਹੱਥੋਂ ਮਾਰੇ ਜਾਣ ਤੋਂ ਪਹਿਲਾਂ ਅਫ਼ਸੋਸ ਕਰਨ ਆਇਆਂ ਦੇ ਬਿਠਾਉਣ ਲਈ ਤੱਪੜ ਵਿਛਾ ਲਏ ਸਨ। ਉਸ ਨੂੰ ਅੰਤਰਜਾਮੀ ਮੰਨ ਕੇ ਭਾਈ ਗੁਰਮੁਖ ਨੇ ਉਸ ਤੋਂ ਪੁਛਿਆ ਕਿ, ਤੁਸਾਂ ਸਤਿਗੁਰੂ ਅਰਜਨ ਦੇਵ ਜੀ ਤੋਂ ਪੁੱਤਰ ਦੀ ਲੰਮੀ ਉਮਰ ਨਹੀ ਮੰਗੀ। ਉਸ ਕਿਹਾ, "ਕਰਤਾਰ ਦੇ ਭਾਣੇ ਵਿਚ ਕੁਤਰਕ ਕਰਨੀ ਪਾਪ ਹੈ, ਅਤੇ ਸਤਿਗੁਰਾਂ ਤੋਂ ਆਤਮ ਵਿਚਾਰ ਦੀ ਦਾਤ ਮੰਗਣੀ ਲੋੜੀਏ

Sri Satguru Jagjit Singh Ji Elibrary NamdhariElibrary@gmail.com

ਨਾ ਕਿ ਮਿਥਿਆ ਪਦਾਰਥਾਂ ਲਈ ਅਰਦਾਸ ਕਰਨੀ ਚਾਹੀਦੇ" —ਮਹਾਨ ਕੋਸ਼।

ਭਾਈ ਮੰਝ ਵਰਗਾ ਗੁਰੂ ਦਾ ਸਿੱਖ ਵੀ ਹੋਰ ਹੁੰਦਾ ਹੈ। ਜਿਹੜਾ ਸਤਿਗੁਰੂ ਦੀ ਸ਼ਰਨ ਆਉਣ ਪਿਛੋਂ ਸੁਲਤਾਨੀਆ ਨਹੀਂ ਰਿਹਾ। ਲੰਗਰ ਦੇ ਬਾਲਣ ਦੇਣ ਦੀ ਸੇਵਾ ਕਰਦਾ ਰਿਹਾ। ਝੱਖੜ ਵਿਚ ਉਸ ਨੂੰ ਖੂਹ ਵਿਚ ਡਿੱਗੇ ਨੂੰ ਆਪਣੇ ਆਪ ਦੀ ਨਹੀਂ, ਸਿਰ ਉਤੇ ਚੁੱਕੇ ਲੰਗਰ ਲਈ ਲਿਆਂਦੇ ਜਾਣ ਵਾਲੇ ਸੁੱਕੇ ਬਾਲਣ ਦੀ ਪਰਵਾਹ ਸੀ।

ਸਿੱਖ ਉਹ ਵੀ ਹੋਏ ਹਨ ਜਿਨ੍ਹਾਂ ਭੁੱਖਾਂ ਝਾਗ ਕੇ, ਲੰਮੇ ਸਫ਼ਰ ਤੈਅ ਕਰ ਕੇ ਰੰਗੂਨ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ। ਗੁਰੂ ਦੇ ਲੰਗਰ ਲਈ ਵਿਤੋਂ ਵੱਧ ਮਾਇਆ ਦਿੱਤੀ। ਗੁਰੂ ਘਰ ਨੂੰ ਦਿੱਤਾ, ਲਿਆ ਨਹੀਂ। ਗੁਰੂ ਨਾਲ ਮੁਕਾਬਲਾ ਨਹੀਂ ਕੀਤਾ, ਉਹਨਾਂ ਨਾਲ ਬਹਿਸ ਨਹੀਂ ਕੀਤੀ। ਉਹਨਾਂ ਦਾ ਬਚਨ ਮੰਨਿਆਂ।

ਸਤਿਗੁਰੂ ਕਦੀ ਛੋਟਾ ਨਹੀਂ ਹੁੰਦਾ। ਉਹ ਦਰਯੋਧਨ ਦੇ ਦਰਬਾਰ ਵਿਚ ਗਿਆ, ਅਮਨ ਏਕਤਾ ਲਈ ਆਪਣਾ ਅਪਮਾਨ ਸਹਿੰਦਾ ਵੀ ਓਡਾ ਹੀ ਵੱਡਾ ਹੈ। ਕਿਉਂਕਿ ਉਹ "ਵੱਡਾ ਨਾ ਹੋਵੈ ਘਾਟਿ ਨ ਜਾਇ।" ਮਹਲਾ 1 ॥ ਉਹ ਸਰਗੁਣ ਹੈ ਜਾਂ ਨਿਰਗੁਣ ਕੋਈ ਫ਼ਰਕ ਨਹੀਂ, ਸਾਨੂੰ ਭੁਲੇਖਾ ਹੀ ਪੈਂਦਾ ਹੈ।

ਅਸੀਂ ਉਸ ਨੂੰ ਆਪਣੀ ਗੱਲ ਮਨਾ ਕੇ ਵੀ ਵੱਡੇ ਨਹੀਂ ਹੁੰਦੇ। ਕਈ ਵਾਰ ਤਾਂ ਵੱਧ ਦੁਖ ਸਹਿੰਦੇ ਹਾਂ। ਜੇ ਅਨੰਦਪੁਰ ਦੇ ਕਿਲ੍ਹੇ ਵਿਚ ਮਝੈਲ ਸਿੱਖ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਦੇ ਕੇ ਨਾ ਆਉਂਦੇ ਤਾਂ, ਉਹਨਾਂ ਦੇ ਮਨ ਦੀ ਅਵਸਥਾ ਹੋਰ ਹੁੰਦੀ। ਕਿਸੇ ਨੂੰ ਅੰਤਮ ਸਾਹਾਂ ਸਮੇਂ ਬੇਦਾਵਾ ਪਾੜਨ ਦੀ ਅਰਜ਼ ਨਾ ਕਰਨੀ ਪੈਂਦੀ। ਗੁਰੂ ਤਾਂ ਦਿਆਲ ਹੈ ਉਸਨੇ ਤਾਂ ਬਖ਼ਸ਼ ਦੇਣਾ ਹੁੰਦਾ ਹੈ। ਪਰ ਅਸੀਂ ਆਪਣੇ ਅੰਦਰ ਝਾਤੀ ਮਾਰੀਏ। ਅਸੀ ਸੋਚੀਏ ਗੁਰੂ ਤੋਂ ਕੀ ਲੈਣ ਵਿਚ ਸੁਖ ਹੈ। ਉਹ ਤਾਂ ਮਨ ਇੱਛੇ ਫਲ ਦੇ ਸਕਦਾ ਹੈ ਕਿਉਂਕਿ :

ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥
(ਮਹਲਾ – 5)

ਸਾਨੂੰ ਫਲ ਸਾਡੀ ਇੱਛਾ ਅਨੁਸਾਰ ਮਿਲਣੇ ਹਨ, ਅਸੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਸਮੇਂ ਕਿਸ ਭਾਵਨਾ ਨਾਲ ਉਸ ਵਲ ਤੱਕਦੇ ਹਾਂ। ਪਿਤਾ, ਭਰਾ-ਪਤੀ, ਮਿੱਤਰ ਜਾਂ ਸਤਿਗੁਰੂ ਸੱਚੇ ਪਾਤਸ਼ਾਹ ਦੀ ਭਾਵਨਾ ਨਾਲ। ਅਸੀਂ ਉਸ ਤੋਂ ਕੀ ਮੰਗਦੇ ਹਾਂ ਨਾਮ, ਦਾਨ, ਇਸ਼ਨਾਨ, ਸਬਰ, ਸੰਤੋਖ ਜਾਂ ਕੁਝ ਹੋਰ।

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨਾ ਹੋਇ ॥
(ਮਹਲਾ-5)

ਸਾਨੂੰ ਇਛਾ ਕਰਨੀ ਚਾਹੀਦੀ ਹੈ, ਕਾਮ, ਕਰੋਧ, ਲੋਭ, ਮੋਹ, ਹੰਕਾਰ ਛੱਡਣ

Sri Satguru Jagjit Singh Ji Elibrary NamdhariElibrary@gmail.com

ਦੀ, ਸੁਖ ਦੀ ਪ੍ਰਾਪਤੀ ਦੀ, ਤ੍ਰਿਸ਼ਨਾ ਤੇ ਭੁਖ ਮਿਟਾਉਣ ਦੀ, ਦੁਰਮਤ ਦੀ ਮੈਲ ਉਤਾਰਨ ਦੀ, ਮਨ ਨੂੰ ਵੱਸ ਕਰਨ ਦੀ, ਦੁਖਾਂ ਭਰਮਾਂ ਤੇ ਦੁਬਿਧਾ ਦਾ ਨਾਸ ਕਰਨ ਦੀ, ਗ੍ਰਿਸਤ ਵਿਚ ਉਦਾਸ ਰਹਿਣ ਦੀ, ਬੰਧਨਾਂ ਤੋਂ ਟੁੱਟਣ ਅਤੇ ਮੁਕਤੀ ਪ੍ਰਾਪਤ ਕਰਨ ਦੀ, ਦੇਹ ਅੰਦਰ ਨਾਮ ਦਾ ਵਾਸ ਹੋਣ ਦੀ, ਸੰਸਾਰ ਸਾਗਰ ਤੋਂ ਤਰ ਜਾਣ ਦੀ, ਜਮ ਦਾ ਭੈਅ ਦੂਰ ਹੋ ਜਾਣ ਦੀ, ਆਪਣੀਆਂ ਕੁੱਲਾਂ ਦਾ ਉਧਾਰ ਕਰਨ ਦੀ। ਸਾਨੂੰ ਇੱਛਾ ਕਰਨੀ ਚਾਹੀਦੀ ਹੈ ਗਿਆਨ ਤੇ ਸੋਝੀ ਪ੍ਰਾਪਤ ਕਰਨ ਦੀ, ਸਹਿਜ ਗਤੀ ਦੀ ਪ੍ਰਾਪਤੀ ਦੀ, ਸੱਚੇ ਮਾਲਕ ਨਾਲ ਮੇਲ ਹੋਣ ਦੀ।

ਅਕਾਲ ਪੁਰਖ ਨਾਲ ਮੇਲ ਬਾਰੇ ਗੁਰੂ ਅਮਰ ਦਾਸ ਜੀ ਦੀ ਬਾਣੀ ਵਿਚ ਆਇਆ ਹੈ:

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ।
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥

ਅਸੀ ਕਿਰਤ ਵਿਰਤ ਕਰਕੇ ਪੈਸਾ ਕਮਾ ਸਕਦੇ ਹਾਂ, ਖਾਣਾ-ਪੀਣਾ, ਸ਼ੁਧ, ਸਵੱਛ ਤੇ ਪਵਿੱਤਰ ਰਖ ਕੇ ਦੇਹ ਅਰੋਗ ਰੱਖ ਸਕਦੇ ਹਾਂ। ਆਪਣੇ ਮਿਲਾਪੜੇ, ਦੂਜੇ ਦੇ ਕੰਮ ਆਉਣ ਵਾਲੇ ਤੇ ਤਿਆਗ ਭਾਵਨਾ ਦੇ ਸੁਭਾ ਕਰਕੇ ਆਪਣੇ ਸੰਬੰਧੀਆਂ ਤੇ ਮਿੱਤਰਾਂ ਵਿਚ ਪਛਾਣ ਕਾਇਮ ਕਰ ਸਕਦੇ ਹਾਂ। ਹੋਰ ਦੁਨਿਆਵੀ ਪਦਾਰਥ ਵੀ ਆਪਣੀ ਸਮਰਥਾ ਅਨੁਸਾਰ ਕਿਸੇ ਨਾ ਕਿਸੇ ਤਰ੍ਹਾਂ ਪ੍ਰਾਪਤ ਕਰ ਸਕਦੇ ਹਾਂ। ਫਿਰ ਇਸ ਤਰ੍ਹਾਂ ਦਾ ਕੁਝ ਕਿਉਂ ਮੰਗੀਏ? ਲਾਹਾ ਲੈਣ ਆਏ ਹਾਂ। ਸਾਨੂੰ ਇਹ ਸੋਝੀ ਹੋਣੀ ਚਾਹੀਦੀ ਹੈ:

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ॥
ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ॥
(ਮਹਲਾ 3)

ਲਾਹਾ ਤਾਂ ਹੀ ਲਿਆ ਜਾ ਸਕਦਾ ਹੈ ਜੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਸਮੇਂ ਕੋਈ ਮੰਗ ਪੈਦਾ ਨਾ ਹੋਵੇ। ਇਹੀਂ ਮਨ ਵਿਚ ਆਵੇ:

ਸਾਚੇ ਸਤਿਗੁਰੂ ਦਾਤਾਰਾ॥
ਦਰਸਨੁ ਦੇਖਿ ਸਗਲ ਦੁਖ ਨਾਸਹਿ ਚਰਨ ਕਮਲ ਬਲਿਹਾਰਾ॥
(ਮਹਲਾ 5)

ਇਸ ਅਵਸਥਾ ਵਾਲਿਆਂ ਨੂੰ ਇਸ ਪ੍ਰਸ਼ਨ ਦਾ ਕਈ ਸਾਮ੍ਹਣਾ ਨਹੀ ਕਰਨਾ ਪਏਗਾ ਕਿ ਅਸਾਂ ਕੀ ਖੱਟਿਆ?

Sri Satguru Jagjit Singh Ji Elibrary NamdhariElibrary@gmail.com

ਬੋਲੁ ਕੁਬੋਲ ਸਹਿ ਜਾਣਾ ਸਭ ਦਾ

ਸਤਿਗੁਰੂ ਰਾਮ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਐ, "ਬੋਲ ਕਬੋਲ ਸਹਿ ਜਾਣਾ ਸਭ ਦਾ" ਅਤੇ ਰਹਿਤਨਾਮੇ ਵਿਚ ਰਹਿਤ ਦੱਸੀ ਹੈ, ਇਸ਼ਨਾਨ ਪਾਣੀ ਕਰਕੇ ਬਾਣੀ ਪੜ੍ਹਨ ਦੀ, ਨਿਤਨੇਮ ਕਰਨ ਦੀ। ਹਵਨ ਕਰਨ ਦੀ, ਸਮਾਜਕ ਸਾਂਝ ਰੱਖਣ ਦੀ ਤੇ ਮਿੱਤਰ ਵੈਰੀ ਨਾਲ ਵਿਹਾਰ ਸਹੀ ਰੱਖ ਕੇ ਸਦਾਚਾਰ ਉੱਚਾ ਸੁੱਚਾ ਰੱਖਣ ਦੀ। ਗੁਰੂ ਦੇ ਸਿੱਖ ਕਿਸੇ ਨੂੰ ਵੈਰੀ ਨਹੀਂ ਸਮਝਦੇ ਸਗੋਂ ਜੇ ਕੋਈ ਉਹਨਾਂ ਪ੍ਰਤੀ ਵੈਰ ਭਾਵ ਰਖਦਾ ਹੈ ਤਾਂ ਉਸ ਪ੍ਰਤੀ ਵੀ ਸਿੱਖਾਂ ਦਾ ਰਵੱਈਆ ਕੈਸਾ ਹੋਵੇ, ਦਾ ਉੱਤਰ ਬੋਲ ਕੁਬੋਲ ਸਹਿਣ ਵਿਚ ਹੈ।

ਬੋਲ ਕੁਬੋਲ ਸ਼ੁਭ ਬਚਨ ਨਹੀਂ ਹੁੰਦੇ। ਇਹ ਤਾਂ ਅਸ਼ੁਭ ਬਚਨ ਹੁੰਦੇ ਹਨ। ਇਹ ਹਿਰਦੇ ਵੇਦਕ ਹੁੰਦੇ ਹਨ। ਬੋਲ ਕੁਬੋਲ ਬੋਲਣ ਵਾਲਾ ਮੰਦਾ ਬੋਲਦਾ ਹੈ, ਤੇ ਨੁਕਸ ਕੱਢਦਾ ਹੈ। ਉਸਦੇ ਦੁਰਬਚਨ ਸੂਲਾਂ ਵਾਂਗ ਚੁੱਭਣ ਵਾਲੇ ਹੁੰਦੇ ਹਨ। ਬਸ ਇਹ ਸਮਝਿਆ ਜਾਏ ਕਿ ਦੂਸਰੇ ਦਾ ਦਿਲ ਦੁਖਾਉਣ ਲਈ, ਉਹ ਜਾਣ ਕੇ, ਉਚੇਚੇ ਤੌਰ 'ਤੇ ਅਪਸ਼ਬਦ ਕਹਿੰਦਾ ਹੈ।

ਬੋਲ ਕੁਬੋਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜਿਵੇਂ ਵੀ ਬੋਲੇ ਜਾਂਦੇ ਹਨ ਉਹਨਾਂ ਰਾਹੀਂ, ਜਿਸ ਪ੍ਰਤੀ ਬੋਲੇ ਜਾਂਦੇ ਹਨ ਉਸ ਨੂੰ ਹੀ ਨਹੀਂ, ਉਸ ਦੀ ਧੀ-ਭੈਣ, ਬਾਲ-ਬੱਚੇ, ਕੁੱਲ ਜਾਂ ਖਾਨਦਾਨ ਨੂੰ ਵੀ ਭੈੜਾ ਆਖਿਆ ਜਾਂਦਾ ਹੈ। ਜਿਸ ਧਰਮ ਜਾਂ ਸੰਸਥਾ ਨਾਲ ਉਹ ਜੁੜਿਆ ਹੈ ਬੋਲ ਕੁਬੋਲ ਕਰਨ ਵਾਲਾ ਉਸ ਸੰਸਥਾ, ਉਸਦੇ ਆਗੂ, ਗੁਰੂ-ਪੀਰ ਪ੍ਰਤੀ ਵੀ ਅਪਸ਼ਬਦ ਵਰਤਦਾ ਹੈ। ਭਾਵੇਂ ਉਸ ਨਾਲ ਉਸਦਾ ਵਾਸਤਾ ਕੋਈ ਨਾ ਹੋਵੇ। ਫਿਰ ਵੀ ਉਸ ਨੂੰ ਊਜਾਂ ਲਾਉਂਦਾ ਹੈ। ਉਸ ਵੱਲ ਉਂਗਲ ਕਰਦਾ ਹੈ, ਉਸਦੇ ਨੁਕਸ ਕੱਢਦਾ ਹੈ, ਉਸ ਨੂੰ ਮਾੜਾ ਭੈੜਾ ਕਹਿੰਦਾ ਹੈ।

ਬੋਲ ਕੁਬੋਲ ਸੁਣਨ ਵਾਲਾ ਆਮ ਤੌਰ 'ਤੇ ਦੁਖੀ ਹੁੰਦਾ ਹੈ, ਔਖਾ ਹੁੰਦਾ ਹੈ, ਉਸ ਦੇ ਤਨ ਮਨ ਵਿਨ੍ਹਿਆਂ ਜਾਂਦਾ ਹੈ। ਅੰਦਰ ਬੇਚੈਨੀ ਹੁੰਦੀ ਹੈ। ਬੇਇੱਜ਼ਤ ਜਿਹਾ ਮਹਿਸੂਸ ਕਰਦਾ ਹੈ। ਕੁਝ ਕਰ ਬੈਠਦਾ ਹੈ। ਉਹ ਬੋਲ ਕੁਬੋਲ ਬੋਲਣ ਵਾਲੇ ਨਾਲ ਲੜਾਈ ਝਗੜਾ ਕਰਦਾ ਹੈ। ਕਈ ਵਾਰੀ ਡਾਂਗ ਸੋਟਾ ਚਲਦਾ ਹੈ। ਜਾਨੀ ਨੁਕਸਾਨ ਹੁੰਦਾ ਹੈ। ਮਾਲੀ ਤਾਂ ਹੋਣਾ ਹੀ ਹੁੰਦਾ ਹੈ। ਫਿਰ ਇਹ ਗੱਲ ਏਥੇ ਹੀ ਨਹੀਂ ਮੁਕਦੀ ਕਈ ਹਾਲਤਾਂ ਵਿਚ ਲੜਾਈ ਪੀੜ੍ਹੀ-ਦਰ-ਪੀੜ੍ਹੀ, ਅਗੇ ਚਲਦੀ ਜਾਂਦੀ ਹੈ। ਦੁਸ਼ਮਣੀ ਘਰ ਕਰ ਜਾਂਦੀ ਹੈ। ਜੇ ਕੋਈ ਚੁੱਪ ਕਰਕੇ ਬਹਿਣਾ ਵੀ ਚਾਹੇ ਤਾਂ ਬੋਲੀ ਮਾਰਨ ਵਾਲੇ ਫਿਰ ਭੂਬਲ ਦੀ ਅੱਗ ਭਖਾ ਦੇਂਦੇ

Sri Satguru Jagjit Singh Ji Elibrary NamdhariElibrary@gmail.com

ਹਨ। ਖਾਨਦਾਨੀ ਦੁਸ਼ਮਣੀ ਫਿਰ ਨਵਾਂ ਰੂਪ ਧਾਰਦੀ ਹੈ ਅਤੇ ਅਣਸੋਚਿਆ ਨੁਕਸਾਨ ਹੁੰਦਾ ਹੈ।

ਕੋਈ ਕਮਜ਼ੋਰ ਬੰਦਾ, ਬੋਲ ਕੁਬੋਲ ਤੋਂ ਦੁਖੀ ਹੁੰਦਾ ਹੈ, ਉਸ ਦੇ ਅੰਦਰ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ। ਉਹ ਸੜਦਾ ਕਰਿਝਦਾ ਰਹਿੰਦਾ ਹੈ। ਆਪਣੀ ਕਮੀ ਕਮਜ਼ੋਰੀ 'ਤੇ ਝੂਰਦਾ ਰਹਿੰਦਾ ਹੈ। ਪ੍ਰੇਸ਼ਾਨੀ ਉਸ ਦਾ ਪਿੱਛਾ ਨਹੀਂ ਛੱਡਦੀ। ਉਹ ਆਪਣਾ ਗੁੱਸਾ ਆਪਣੇ ਤੋਂ ਮਾੜੇ 'ਤੇ ਕੱਢਦਾ ਹੈ। ਮਾੜਿਆਂ ਵਿਚੋਂ ਮਾੜੇ ਛੋਟੇ, ਪਤਨੀ ਜਾਂ ਬੱਚੇ ਹੀ ਹੋ ਸਕਦੇ ਹਨ। ਇਸ ਦੇ ਨਤੀਜੇ ਵਜੋਂ ਘਰ ਦਾ ਅਮਨ ਚੈਨ ਕਾਫੂਰ ਹੋ ਜਾਂਦਾ ਹੈ।

ਜਾਂ ਫਿਰ ਜਦੋਂ ਆਪਣੇ ਆਪ 'ਤੇ ਹੀ ਭਾਰ ਪੈਂਦਾ ਹੈ। ਕਮਜ਼ੋਰ ਦੁਖੀ ਬੰਦਾ ਫਿਸ ਪੈਂਦਾ ਹੈ, ਰੋਂਦਾ ਹੈ, ਕੁਰਲਾਉਂਦਾ ਹੈ। ਟੱਕਰਾਂ ਮਾਰਦਾ ਹੈ ਤੇ ਪ੍ਰੇਸ਼ਾਨ ਹੋਇਆ ਸਮਝ ਨਹੀਂ ਸਕਦਾ ਕਿ ਉਸ ਨੇ ਤਾਂ ਕਿਸੇ ਦਾ ਕੁਝ ਨਹੀਂ ਵਿਗਾੜਿਆ ਫਿਰ ਵੀ ਉਸ ਪ੍ਰਤੀ ਬੋਲ ਕੁਬੋਲ ਕਿਉਂ ਬੋਲਿਆ ਜਾਂਦਾ ਹੈ। ਉਸ ਨੂੰ ਚੋਭਾਂ ਕਿਉਂ ਲਗਾਈਆਂ ਜਾਂਦੀਆਂ ਹਨ।

ਬੋਲ ਕੁਬੋਲ ਕਰਨ ਵਾਲੇ ਨੂੰ ਬਿਨਾਂ ਗੱਲੇ ਦੂਜੇ ਦਾ ਵਿਹਾਰ ਬੁਰਾ ਲੱਗਦਾ ਹੈ, ਅਨੁਚਿਤ ਲੱਗਦਾ ਹੈ। ਉਹ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ। ਭਾਵੇਂ ਉਸ ਨੂੰ ਦੂਜੇ ਦੇ ਚੰਗੇ ਵਿਹਾਰ ਦੀ ਸਮਝ ਤਾਂ ਹੁੰਦੀ ਨਹੀਂ ਫਿਰ ਵੀ ਉਸ ਜ਼ਬਾਨ ਮੂੰਹ ਵਿਚ ਨਹੀਂ ਪਾਉਂਦਾ, ਜਿਵੇਂ ਬੋਲ ਕੁਬੋਲ ਕਰਨ ਵਾਲਾ ਸੂਰਜ ਗ੍ਰਹਿਣ ਸਮੇਂ ਉਡਦਾ ਪੰਛੀ ਹੋਵੇ, ਬੇ-ਸਮਝ ਅਗਿਆਨੀ। ਜਦੋਂ ਸੂਰਜ ਗ੍ਰਹਿਣ ਲਗਦਾ ਹੈ ਤਾਂ ਸੂਰਜ ਤੇ ਧਰਤੀ ਵਿਚ ਚੰਦਰਮਾ ਆਉਣ ਨਾਲ ਪ੍ਰਿਥਵੀ ਉਤੇ ਸੂਰਜ ਦਾ ਪ੍ਰਕਾਸ਼ ਬਿਲਕੁਲ ਨਹੀਂ ਪੈਂਦਾ। ਪੂਰਨ ਸੂਰਜ ਗ੍ਰਹਿਣ ਤੋਂ ਪਹਿਲਾਂ ਸੂਰਜ ਦੇ ਰੋਸ਼ਨ ਹੋਣ ਸਮੇਂ ਅਲ੍ਹਣਿਆਂ ਤੋਂ ਪੰਛੀ ਬਾਹਰ ਉੱਡ ਜਾਂਦੇ ਹਨ। ਪਰ ਗ੍ਰਹਿਣ ਕਾਰਨ ਛੇਤੀ ਹਨੇਰਾ ਹੋਣ ਲੱਗਦਾ ਹੈ। ਸੋ ਉਹ ਬੇਚੈਨ ਹੋ ਜਾਂਦੇ ਹਨ ਤੇ ਆਲ੍ਹਣਿਆਂ ਨੂੰ ਮੁੜਨ ਲੱਗਦੇ ਹਨ। ਬੋਲ ਕੁਬੋਲ ਕਰਨ ਵਾਲਾ ਐਸੇ ਪੰਛੀਆਂ ਵਾਂਗ ਗ੍ਰਹਿਣੀ ਬੁੱਧੀ ਕਾਰਨ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੂੰ ਵੀ ਬੋਲ ਕੁਬੋਲ ਕਰਨ ਵਾਲਿਆਂ ਦੀਆਂ ਗੱਲਾਂ ਸੁਣਨੀਆਂ ਪਈਆਂ। ਆਪ ਨੇ ਮਾਰੂ ਰਾਗ ਵਿਚ ਲਿਖਿਆ ਹੈ :

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ (ਮਹਲਾ 1)

ਪਰ ਅਸਲ ਸਥਿਤੀ ਇਹ ਸੀ :

ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਣਾ ॥ (ਮਹਲਾ 1)

Sri Satguru Jagjit Singh Ji Elibrary NamdhariElibrary@gmail.com

ਇਹ ਦਾ ਕਾਰਨ ਵੀ ਸਪਸ਼ਟ ਹੈ:

ਭਗਤਾ ਤੈ ਸੰਸਾਰੀਆ ਜੋੜੁ ਕਦੇ ਨਾ ਆਇਆ ॥ (ਗੁਰੂ ਨਾਨਕ)

ਸੰਸਾਰੀ, ਭਗਤਾਂ ਪ੍ਰਤੀ ਬੋਲ ਕੁਬੋਲ ਬੋਲਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਨਸ਼ਿਆਂ ਪੱਤਿਆਂ ਵਿਚ ਲੱਗੇ ਲੋਕਾਂ ਦਾ ਨਸ਼ੇ ਛਡਣ ਲਈ ਮਨੋਬਲ ਵਧਾਇਆ ਉਹਨਾਂ ਦਾ ਸਦਾਚਾਰ ਉੱਚਾ ਕੀਤਾ। ਉਹਨਾਂ ਨੂੰ ਸਮਾਜ ਵਿਚ ਮਾਣ ਦੁਆਇਆ। ਉਹਨਾਂ ਅੰਦਰ ਪ੍ਰਭੂ-ਭਗਤੀ ਦੇ ਨਾਲ ਦੇਸ-ਭਗਤੀ ਉਜਾਗਰ ਕੀਤੀ। ਜਿਸ ਦੇ ਸਿੱਟੇ ਵਜੋਂ ਲੱਖਾਂ ਲੋਗ ਉਹਨਾਂ ਦੇ ਝੰਡੇ ਹੇਠ ਆ ਕੇ ਪਸ਼ੂ ਪ੍ਰੇਤਾਂ ਦਾ ਜੀਵਨ ਛੱਡ ਕੇ ਦੇਵਤਿਆਂ ਵਰਗਾ ਜਿਉਣ ਲੱਗੇ। ਉਹ ਸੰਤ ਬਣ ਗਏ।

ਆਮ ਸਮਝ ਵਾਲੇ ਜਾਂ ਈਰਖਾਲੂ ਉਹਨਾਂ ਨੂੰ ਗੱਲਾਂ ਕਰਨ ਲੱਗੇ।

ਇਹ ਖ਼ਦਸ਼ਾ ਸੀ ਕਿ ਜੇ ਭਜਨ ਬੰਦਗੀ ਵੱਲ ਲੱਗੇ ਵਿਅਕਤੀ ਲੋਕਾਂ ਦੀਆਂ ਗੱਲਾਂ ਸੁਣ ਕੇ, ਉਹਨਾਂ ਦਾ ਬੋਲ ਕੁਬੋਲ ਸੁਣ ਕੇ, ਵਿਚਲਿਤ ਹੋ ਗਏ ਤਾਂ ਭਜਨੀਕ ਆਪਣੇ ਮਾਰਗ ਤੋਂ ਭਟਕ ਜਾਣਗੇ। ਉਹ ਖ਼ੁਦ ਬੋਲ ਕੁਬੋਲ ਕਹਿਣ ਲੱਗ ਜਾਣਗੇ। ਇਸ ਨਾਲ ਉਹਨਾਂ ਦੀ ਸਾਤਵਿਤ ਬਿਰਤੀ ਪ੍ਰਭਾਵਿਤ ਹੋਵੇਗੀ, ਉਹਨਾਂ ਦੀ ਇਕਾਗਰਤਾ ਭੰਗ ਹੋਵੇਗੀ। ਉਹ ਕਈ ਕਮੀਆਂ ਕਮਜ਼ੋਰੀਆਂ ਦਾ ਸਾਮ੍ਹਣਾ ਕਰਨ ਦੀ ਥਾਂ ਉਹਨਾਂ ਦਾ ਸ਼ਿਕਾਰ ਹੋ ਜਾਣਗੇ।

ਸਤਿਗੁਰੂ ਸਿੱਖਾਂ ਨੂੰ ਮੰਦੇ ਕਰਮ ਕਰਨੋ, ਮੰਦੇ ਪਾਸੇ ਜਾਣੋ, ਮੰਦੀ ਸੰਗਤ ਕਰਨੋ, ਮੰਦਾ ਖਾਣੋ-ਪੀਣੋ ਵਰਜਦਾ ਹੈ ਤਾਂਕਿ ਉਸ ਦਾ ਸਿੱਖ ਆਪਣੇ ਸਹੀ ਮਾਰਗ ਤੋਂ ਭਟਕੇ ਨਾ। ਸਤਿਗੁਰੂ ਰਾਮ ਸਿੰਘ ਜੀ ਨੇ ਇਹੀ ਕੀਤਾ। ਆਪਣੇ ਰਹਿਤਨਾਮੇ ਵਿਚ ਲਿਖ ਕੇ ਭੇਜਿਆ ਕਿ "ਬੋਲੁ ਕੁਬੋਲ ਸਹਿ ਜਾਣਾ ਸਭ ਦਾ।"

ਰਹਿਤ ਵਿਚ ਬੋਲ ਕੁਬੋਲ ਸਹਿ ਜਾਣ ਨੂੰ ਸ਼ਾਮਲ ਕਰਨ ਦਾ ਮਤਲਬ, ਪਰਚਾ ਸ਼ਹਿਨਸ਼ੀਲਤਾ ਦਾ। ਜਦ ਸ਼ਹਿਨਸ਼ੀਲਤਾ ਆ ਜਾਂਦੀ ਹੈ ਤਾਂ ਵਿੱਥਾਂ ਹੱਦਬੰਦੀਆਂ ਮਿਟ ਜਾਂਦੀਆਂ ਹਨ, ਕੋਈ ਬਿਗਾਨਾ ਨਹੀਂ ਰਹਿੰਦਾ। ਕੁਬੋਲ ਬੋਲਣ ਕਰਨ ਵਾਲੇ ਨੂੰ ਉੱਤਰ ਵਿਚ ਜੇ ਕੁਝ ਕਿਹਾ ਹੀ ਨਹੀਂ ਜਾਣਾ ਤਾਂ ਉਸ ਨੇ ਸ਼ਰਮਿੰਦਾ ਹੋਣਾ ਹੈ। ਉਂਜ ਸਹਿਣ ਕਰਨਾ ਬਹੁਤ ਉੱਚੀ ਅਵਸਥਾ ਦੀ ਗੱਲ ਹੈ।

ਇਕ ਘਟਨਾ ਹੈ ਮਹਾਤਮਾ ਬੁੱਧ ਨਾਲ ਸੰਬੰਧਿਤ। ਮਹਾਤਮਾ ਬੁੱਧ ਨੂੰ ਕਿਸੇ ਮੰਦਾ ਫਿੱਕਾ ਬੋਲਿਆ। ਉਹ ਚੁੱਪ ਕਰ ਰਹੇ। ਇਸ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਕਿਸੇ ਕੋਲੋਂ ਖ਼ੈਰ ਮੰਗਣ ਜਾਈਏ, ਜੇ ਖ਼ੈਰ ਮੰਗਣ ਵਾਲਾ ਭਿੱਛਿਆ ਝੋਲੀ ਨਹੀਂ ਪੁਆਉਂਦਾ ਤਾਂ ਉਹ ਭਿੱਛਿਆ ਮੰਗਣ, ਵਾਲੇ ਕੋਲ ਰਹੀ ਨਾ! ਏਸੇ ਤਰ੍ਹਾਂ ਮੰਦਾ ਫਿੱਕਾ ਬੋਲਿਆ ਉਸ ਕੋਲ ਹੀ ਰਿਹਾ। ਭਾਵੇਂ ਇਸ ਦਲੀਲ ਨਾਲ ਮੰਦਾ ਬੋਲਣ ਵਾਲੇ ਨੂੰ ਸਮਝ ਆ ਗਈ। ਉਸ ਪਸ਼ਚਾਤਾਪ ਕੀਤਾ। ਪਰ ਨਰਮ ਸ਼ਬਦਾਂ ਵਿਚ ਹੀ ਸਹੀ, ਇਸ ਵਿਚ ਮੰਦਾ ਬੋਲਣ ਵਾਲੇ ਪ੍ਰਤੀ ਪ੍ਰਗਟ ਕੀਤਾ

Sri Satguru Jagjit Singh Ji Elibrary NamdhariElibrary@gmail.com

ਪ੍ਰਤੀਕਰਮ ਤਾਂ ਹੈ। ਸਹਿ ਜਾਣਾ ਇਸ ਤੋ ਉੱਚੀ ਅਵਸਥਾ ਹੈ।

ਬੋਲ ਕੁਬੋਲ ਸਹਿਣ ਦੀ ਅਵਸਥਾ ਔਖੀ ਬਣਦੀ ਹੈ। ਪਰ ਸੁਖ ਵੀ ਤਾਂ ਉਚਾਈਆਂ ਨੂੰ ਛੂਹਣ ਵਿਚ ਹੈ। ਨਾਮਧਾਰੀ ਸਿੱਖਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਉੱਚੀ ਅਵਸਥਾ ਵਾਲੇ ਭਜਨੀਕ ਸੰਤ ਹੋਏ ਹਨ। ਉਹਨਾਂ ਤਪ ਤੇਜ ਵਾਲੇ ਸੰਤਾਂ ਅੰਦਰ ਸਹਿਨਸ਼ੀਲਤਾ, ਸੁਹਿਰਦਤਾ, ਨਿਮਰਤਾ ਮਿੱਠਤ ਰਹੀ ਹੈ। ਉਹਨਾਂ ਪੰਜਾਂ ਸੂਰਬੀਰਾਂ ਨੂੰ ਵੀ ਮਾਰਿਆ ਹੈ। ਸਤਿਗੁਰ ਦੇ ਚਰਨਾਂ ਉਤੇ ਭਰੋਸਾ ਰੱਖਿਆ ਹੈ, ਬੁਰੇ ਦਾ ਭਲਾ ਕੀਤਾ ਹੈ, ਗੁੱਸਾ ਨਹੀਂ ਹੰਢਾਇਆ। ਉਹਨਾਂ ਗਵਾਇਆ ਕੁਝ ਵੀ ਨਹੀਂ, ਖੱਟਿਆ ਕਮਾਇਆ ਹੈ। ਉਹਨਾਂ ਕਿਸੇ ਦੇ ਕੌਲ ਕੁਬੋਲ ਦਾ ਗੁੱਸਾ ਨਹੀਂ ਕੀਤਾ, ਖਿਮਾ ਕੀਤਾ ਹੈ।

ਅੱਜ ਵੀ ਐਸੇ ਸਿੱਖ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਹੋਇਆ ਹੈ ਕਿ ਰਹਿਤਨਾਮੇ ਦਾ ਨਿਤਾ-ਪ੍ਰਤੀ ਪਾਠ ਕਰਨਾ ਹੈ। ਇਸੇ ਨਾਲ ਸ਼ਬਦਾਂ ਦੇ ਅਰਥ ਸਮਝ ਵਿਚ ਆਉਣਗੇ। ਫਿਰ ਹੁਕਮ ਮੰਨਣ ਦੀ ਪੌੜੀ ਚੜ੍ਹ ਕੇ, ਬੋਲ ਕੁਬੋਲ ਸਹਿ ਕੇ, ਸੁਖ ਵੰਡ ਸਕੀਦਾ ਹੈ, ਸੁਖ ਵਿਹਾਜ ਸਕੀਦਾ ਹੈ, ਲੜਾਈ ਝਗੜੇ ਮੁਕਾ ਸਕੀਦੇ ਹਨ, ਸਭ ਝਗੜੇ ਝਾਂਜੇ ਛੁੱਟ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਸਭ ਆਪਣੇ ਮੀਤ ਹੋਣਗੇ, ਸਾਰਾ ਸੰਸਾਰ ਚੰਗਾ ਚੰਗਾ, ਪਿਆਰਾ ਪਿਆਰਾ ਲਗੇਗਾ। ਇਸ ਸਮੇਂ ਸਿਮਰਨ ਕਰਨ ਸਮੇਂ ਬਿਰਤੀ ਟਿਕੇਗੀ, ਕਿਉਂਕਿ ਕੋਈ ਵਿਚਾਰ ਇਸ ਨੂੰ ਡੁਲਾਉਣ ਵਾਲਾ ਨਹੀਂ ਹੋਏਗਾ। ਆਪੇ ਅਵਸਥਾ ਇੱਕ ਚਿੱਤ ਹੋ ਕੇ ਧਿਆਉਣ ਵਾਲੀ ਬਣੀ ਰਹੇਗੀ। ਇਸ ਅਵਸਥਾ ਲਈ ਸਤਿਗੁਰੂ ਸੱਚੇ ਪਾਤਸ਼ਾਹ ਜੀ ਕਿਰਪਾ ਕਰਨਗੇ ਅਤੇ ਆਪ ਸਹਾਈ ਹੋਣਗੇ। ਬੱਸ! ਸਿੱਖਾਂ ਨੇ ਤਾਂ ਬੋਲ ਕੁਬੋਲ ਸਹਿਣ ਦੀ ਗੰਢ ਪੀਢੀ ਕਰਕੇ ਬੰਨ੍ਹ ਲੈਣੀ ਹੈ।

Sri Satguru Jagjit Singh Ji Elibrary NamdhariElibrary@gmail.com

ਜਪਿ ਅੰਮ੍ਰਿਤ ਹਰ ਰਸਨਾ

ਅਧਿਆਤਮਕ ਚੇਤਨਾ ਅਤੇ ਸੁਤੰਤਰਤਾ ਦੀ ਜੋਤ ਜਗਾਉਣ ਵਾਲੇ ਪਿੰਡ ਸ੍ਰੀ ਭੈਣੀ ਸਾਹਿਬ (ਪੰਜਾਬ) ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਾਧ ਸੰਗਤ ਹਰ ਸਾਲ ਅੱਸੂ ਦਾ ਮਹੀਨਾ ਜਪ-ਪ੍ਰਯੋਗ ਕਰਦੇ ਹਨ। ਅੰਮ੍ਰਿਤ ਵੇਲੇ ਦੋ ਵਜੇ ਪਿਛਲੇ ਕੁਝ ਸਾਲਾਂ ਤੋਂ ਮੁੱਖ ਹਜ਼ੂਰੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਜੀ ਨੇ ਧੂਪ, ਦੀਪ, ਕੁੰਭ ਸਮਗਰੀ ਸੰਯੁਕਤ ਜਪ-ਪ੍ਰਯੋਗ ਅਰੰਭ ਕਰਨ ਦੀ ਅਰਦਾਸ ਕਰਦੇ ਹਨ। ਅਰਦਾਸ ਵਿਚ ਅਰਜ਼ ਕੀਤੀ ਜਾਂਦੀ ਹੈ ਕਿ "ਸਤਿਗੁਰੂ ਰਾਮ ਸਿੰਘ ਜੀ! ਜਪ-ਪ੍ਰਯੋਗ ਆਪ ਜੀ ਦੇ ਦਰਸ਼ਨ ਨਮਿਤ ਅਰੰਭ ਕੀਤਾ ਹੈ ਕਿਰਪਾ ਕਰਕੇ ਆਪਣੇ ਸਰਗੁਣ ਸਰੂਪ ਦੇ ਦਰਸ਼ਨ ਬਖਸ਼ੋ।"

ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤੇ ਉਹਨਾਂ ਦੇ ਮਾਰਗ ਉਤੇ ਚੱਲਣ ਲਈ 1000 ਤੋਂ ਵੱਧ ਸਰੀਰ ਦੋ ਵਜੇ ਜਪ-ਪ੍ਰਯੋਗ ਅਰੰਭ ਹੋਣ ਸਮੇਂ ਹਰੀ ਮੰਦਰ ਵਿੱਚ ਹਾਜ਼ਰ ਹੁੰਦੇ ਹਨ। ਇਹਨਾਂ ਵਿਚੋਂ ਸਾਢੇ ਚਾਰ-ਪੰਜ ਸੌ ਪੁਰਸ਼ ਅਤੇ ਬਾਕੀ ਇਸਤਰੀਆਂ-ਬੱਚੇ ਹੁੰਦੇ ਹਨ। ਸਭ ਸੋਧੀ ਹੁੰਦੇ ਹਨ। ਸਭ ਅਕਾਲ ਪੁਰਖ ਨਾਲ ਇਕਾਗਰ ਚਿੱਤ ਹੋ ਕੇ, ਨਾਮ ਸਿਮਰਨ ਸ਼ੁਰੂ ਕਰ ਦੇਂਦੇ ਹਨ। ਉਹਨਾਂ ਚਾਰ ਘੰਟੇ ਨਾਮ ਜਪਣਾ ਹੁੰਦਾ ਹੈ। ਇਹਨਾਂ ਚਹੁੰ ਘੰਟਿਆਂ ਵਿੱਚ ਕੁਝ ਹੋਰ ਸਿੱਖ ਸ਼ਾਮਲ ਹੋ ਕੇ ਗਿਣਤੀ ਵਧਾ ਦੇਂਦੇ ਹਨ।

ਨਾਸ਼ਤਾ ਪਾਣੀ ਕਰਕੇ, ਕੁਝ ਸੁਸਤਾ ਕੇ ਸਭ ਦੁਬਾਰਾ ਦੁਪਹਿਰ 12 ਵਜੇ ਨਾਮ ਜਪਣ ਲਈ ਬੈਠਦੇ ਹਨ। ਉਹ ਚੌਂਕੜਾ ਵੀ ਚਾਰ ਘੰਟੇ ਦਾ ਲੱਗਦਾ ਹੈ। ਫਿਰ ਕੁਝ ਸਮੇਂ ਲਈ ਆਰਾਮ ਕਰਨਾ, ਪ੍ਰਸ਼ਾਦਾ-ਪਾਣੀ ਛਕਣਾ ਤੇ ਸੌਣਾ ਆਦਿ ਹੁੰਦਾ ਹੈ। ਇਸ ਸਮੇਂ ਵਿਚ ਕਥਾ-ਕੀਰਤਨ ਦਿਵਾਨਾਂ ਦਾ ਪ੍ਰਵਾਹ ਚੱਲਦਾ ਰਹਿਣਾ ਹੈ। ਉਸ ਨੂੰ ਸੁਣ ਕੇ ਵੀ ਸਿੱਖ ਚੰਗੇ ਵਿਚਾਰ ਗ੍ਰਹਿਣ ਕਰਦੇ ਹਨ। ਇਹ ਭਜਨ ਬੰਦਗੀ ਦਾ ਸਿਲਸਿਲਾ ਮਹੀਨੇ ਭਰ ਦਾ ਹੈ। ਸਿੱਖ-ਸਾਧ ਮਹੀਨਾ ਭਰ ਚੱਲਣ ਵਾਲੇ ਜਪ-ਪ੍ਰਯੋਗ ਵਿਚ ਹਿੱਸਾ ਲੈਂਦੇ ਰਹਿੰਦੇ ਹਨ।

ਸ੍ਰੀ ਭੈਣੀ ਸਾਹਿਬ ਭਾਵੇਂ ਪਿੰਡ ਬਹੁਤ ਵੱਡਾ ਨਹੀਂ। ਚਹੁੰ ਸਤਿਗੁਰੂ ਸਾਹਿਬਾਨ ਸਮੇਂ, ਸਿੱਖੀ ਦਾ ਕੇਂਦਰ ਹੋਣ ਕਰਕੇ ਇਸਦੀ ਮਹਾਨਤਾ ਵੱਡੀ ਹੈ। ਇਤਿਹਾਸਕ ਪਰੰਪਰਾ ਅਨੁਸਾਰ ਏਥੇ ਭਗਵਾਨ ਰਾਮ ਅਤੇ ਲੱਛਮਣ ਜਤੀ ਵੀ ਸਾਧਨਾ ਕਰਦੇ ਰਹੇ ਹਨ।

ਇਕ ਵਾਰ 3-4 ਜਣੇ ਸ੍ਰੀ ਭੈਣੀ ਸਾਹਿਬ ਜੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਅਸ਼ੀਰਵਾਦ ਲੈਣ ਗਏ। ਉਹ ਰਾਤ ਜਿਸ ਘਰ ਠਹਿਰੇ ਸਨ ਉਹਨਾਂ ਕਿਹਾ,

Sri Satguru Jagjit Singh Ji Elibrary NamdhariElibrary@gmail.com

"ਵੇਲੇ ਸਿਰ ਸੌ ਜਾਓ। ਏਥੇ ਇਕ ਵਜੇ ਆ ਕੇ ਉਠਾ ਦਿੱਤਾ ਜਾਂਦਾ ਹੈ।" ਕਾਰਨ. ਇਸ਼ਨਾਨ ਪਾਣੀ ਕਰਕੇ ਦੋ ਵਜੇ ਸ਼ੁਰ ਹੋਣ ਵਾਲੇ ਨਿਤਨੇਮ ਵਿਚ ਸ਼ਾਮਲ ਹੋਇਆ ਜਾ ਸਕੇ।

ਹੋਇਆ ਵੀ ਇੰਜ ਹੀ। ਅਗਲੇ ਦਿਨ ਅੰਮ੍ਰਿਤ ਵੇਲੇ ਗੁਰੂ ਕੀ ਨਗਰੀ ਰਹਿਣ ਵਾਲੇ ਬੁੱਢੇ-ਬਾਲੇ, ਇਸਤਰੀ-ਪੁਰਸ਼ ਸਕੇਸ਼ ਇਸ਼ਨਾਨ ਕਰਕੇ ਹਰੀ ਮੰਦਰ ਪਹੁੰਚਣ ਲਈ ਕਾਹਲੇ ਕਦਮੀ ਤੁਰ ਰਹੇ ਸਨ ਤਾਂ ਕਿ ਦੋ ਵਜੇ ਲੱਗਣ ਵਾਲੀ ਹਾਜ਼ਰੀ ਸਮੇਂ ਲੇਟ ਨਾ ਪਹੁੰਚਣ ਅਤੇ ਸਤਿਗੁਰੂ ਦੀਆਂ ਖ਼ੁਸ਼ੀਆਂ ਤੋਂ ਵਾਂਝੇ ਨਾ ਰਹਿਣ।

ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ ਦਾ ਲਾਭ ਦੱਸਦਿਆਂ ਹੋਇਆਂ, ਇਸ ਦਾ ਉਪਦੇਸ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਦਿੱਤਾ ਹੈ:

ਝਾਲਾਗੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥

ਸਤਿਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਪਰਮਾਤਮਾ ਦੇ ਨਾਮ ਬਾਰੇ ਲਿਖਿਆ ਹੈ:

"ਆਖਾ ਜੀਵਾ ਵਿਸਰੈ ਮਰਿ ਜਾਉ ॥" ਪਰ
"ਆਖਣਿ ਅਉਖਾ ਸਾਚਾ ਨਾਉ ॥"

ਸਤਿਗੁਰੂ ਜਗਜੀਤ ਸਿੰਘ ਜੀ ਉਸ ਔਖੇ ਨੂੰ ਔਖਾ ਨਹੀਂ ਰਹਿਣ ਦਿੱਤਾ। ਉਹ ਨਾਮ ਦਾ ਪ੍ਰਵਾਹ ਚਲਾ ਰਹੇ ਹਨ। ਅਖੰਡ ਵਰਨੀਆਂ ਚੱਲ ਰਹੀਆਂ ਹਨ। ਅਤੇ ਜਪ-ਪ੍ਰਯੋਗ ਵਿਚ ਹਜ਼ਾਰਾਂ ਸਰੀਰਾਂ ਦਾ ਮਰਯਾਦਾ ਵਿਚ ਰਹਿ ਕੇ ਰੋਜ਼ਾਨਾ ਅੱਠ ਘੰਟੇ ਨਾਮ ਸਿਮਰਨ ਕਰਨਾ ਆਪ ਜੀ ਦੀ ਹੋਰ ਵੱਡੀ ਕਿਰਪਾ ਹੈ।

ਜਪ ਦੀ ਪਰੰਪਰਾ ਬਹੁਤ ਪੁਰਾਣੀ ਹੈ। ਜਪ ਮੰਤਰ ਸਿੱਧੀ ਲਈ ਕੀਤੀ ਜਾਂਦਾ ਰਿਹਾ ਹੈ। ਸੰਪਟ, ਅਨੁਲੋਮ ਜਾਂ ਵਿਲੋਮ ਅਨੁਸਾਰ ਕਈ ਜਪ ਕਰਦੇ ਰਹੇ ਹਨ। ਉਹਨਾਂ ਦਾ ਉਦੇਸ਼ ਦੇਵੀ ਦੇਵਤੇ ਤੋਂ ਸ਼ਕਤੀਆਂ ਜਾਂ ਸਿੱਧੀਆਂ ਪ੍ਰਾਪਤ ਕਰਨਾ ਰਿਹਾ ਹੈ।

ਸਾਡੇ ਰਿਸ਼ੀ-ਮੁਨੀ, ਸਾਧੂ-ਸੰਤ ਯੁਗਾਂ ਤੋਂ ਜਪ ਕਰਦੇ ਰਹੇ ਹਨ। ਉਹਨਾਂ ਵਿਚੋਂ ਬਹੁਤੇ ਤਾਂ ਘਰ-ਗ੍ਰਿਸਤ ਤੋਂ ਦੂਰ ਰਹਿ ਕੇ ਇਕਾਂਤ ਉਜਾੜ ਬੀਆਬਾਨਾਂ ਵਿਚ, ਨਦੀ ਜਾਂ ਸਾਗਰ ਕਿਨਾਰੇ ਜਾਂ ਪਹਾੜਾਂ ਵਿਚ ਬੈਠ ਕੇ ਜਪ ਕਰਦੇ ਰਹਿੰਦੇ ਸਨ। ਉਸ ਪਰੰਪਰਾ ਬਾਰੇ ਅਗਨੀ ਪੁਰਾਣ ਦੇ ਤੰਤਰ ਸਾਰ ਅਨੁਸਾਰ – ਇਕਾਂਤ ਥਾਂ ਉਤੇ ਇਕਾਗਰ ਚਿੱਤ ਹੋ ਕੇ ਦੇਵਤਿਆਂ ਦਾ ਚਿੰਤਨ ਕਰਨਾ ਜਪ ਹੁੰਦਾ ਸੀ। ਇਸ ਨਾਲ ਦੇਵਤਿਆਂ ਪ੍ਰਤੀ ਪ੍ਰੀਤੀ ਦਾ ਆਭਾਸ ਹੁੰਦਾ ਸੀ। ਪਰ ਜਪ ਕਰਨ ਵਾਲੇ ਦੇ ਮੂੰਹ ਵਿਚੋਂ ਬਦਬੋ ਨਹੀ ਆਉਣੀ ਚਾਹੀਦੀ, ਬਾਣਾ ਮਲੀਨ ਨਹੀਂ ਹੋਣਾ ਚਾਹੀਦਾ। ਸਰੀਰ ਅਪਵਿੱਤਰ ਨਹੀ ਹੋਣਾ ਚਾਹੀਦਾ। ਨਾ ਹੀ ਜਪੀ ਆਲਸ ਕਰੇ, ਉਬਾਸੀ ਲਵੇ, ਨੀਂਦ ਵਿਚ ਉਂਘਲਾਏ, ਗੁੱਸਾ ਕਰੇ ਜਾਂ ਸਰੀਰ ਨੂੰ ਅਣ-ਸੋਧਿਆ ਰੱਖੇ। ਇਹ ਕੁਝ ਅੱਜ ਵੀ ਜਪ ਕਰਨ ਵੇਲੇ ਜ਼ਰੂਰੀ ਪ੍ਰਤੀਤ ਹੁੰਦਾ ਹੈ। ਏਸੇ ਕਰਕੇ ਜੰਗਲ ਮੈਦਾਨ ਜਾ ਕੇ

Sri Satguru Jagjit Singh Ji Elibrary NamdhariElibrary@gmail.com

ਸੋਧ ਦਾ ਇਸ਼ਨਾਨ ਪਾਣੀ ਕਰਕੇ ਜਪ-ਪ੍ਰਯੋਗ ਵਿਚ ਬੈਠਣ ਦਾ ਹੁਕਮ ਹੈ। ਇਸ ਨਾਲ ਸਰੀਰ ਚੁਸਤ, ਪਵਿੱਤਰ ਤੇ ਸੁੱਚਾ ਹੋ ਜਾਂਦਾ ਹੈ। ਮਨ ਨਿਰਮਲ ਤੇ ਸ਼ਾਂਤ ਹੋ ਜਾਂਦਾ ਹੈ।

ਪੁਰਾਣਾਂ ਅਨੁਸਾਰ ਜਪ ਤਿੰਨ ਪ੍ਰਕਾਰ ਦਾ ਹੁੰਦਾ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਦੇ ਫਰੀਦਕੋਟ ਵਾਲੇ ਟੀਕੇ ਦੇ ਟੀਕਾਕਾਰਾਂ ਨੇ ਜਪੁਜੀ ਬਾਰੇ ਜਾਣਕਾਰੀ ਦੇਂਦਿਆਂ ਜਪਣ ਜਪਾਉਣ ਬਾਰੇ ਲਿਖਿਆ ਹੈ:

"ਇਸ ਅਸਥਾਨ ਮੈ ਏਹ ਸਮਝਨਾ ਕਿ ਜਪੁ ਤੀਨ ਪ੍ਰਕਾਰ ਕਾ ਹੋਤਾ ਹੈ, ਵਾਚਿਕ, ਉਪਾਂਸੂ ਅਰ ਮਾਨਸ। ਤਿਨ ਮੈ ਜੇ ਸਪਸ਼ਟ ਬਾਣੀ ਸੇ ਮੰਤ੍ਰ ਉਚਾਰਨ ਕਰਣਾ ਸੋ ਵਾਚਕ ਜਪੁ ਹੈ। ਔਰ ਜਿਹਵਾ ਹੋਠ ਚਲਾ ਕਰ ਧੀਰੇ ਧੀਰੇ ਜਪੁ ਕਰਨਾ ਉਪਾਂਸੂ ਜਪੁ ਹੈ। ਅਰਥ ਇਹ ਹੈ ਜਿਸ ਕੇ ਦੂਸਰਾ ਪੁਰਖ ਪਾਸ ਬੈਠਾ ਥੋੜਾ ਸਾ ਸੁਨ ਸਕੇ। ਇਸ ਜਪੁ ਕਾ ਫਲੁ ਵਾਚਕ ਜਸ ਸੇ ਦਸ ਗੁਣਾਂ ਅਧਿਕ ਹੋਤਾ ਹੈ। ਔਰ ਜੇ ਕਰ ਹੋਠ ਭੀ ਨਾ ਹਲੇਂ ਕੇਵਲ ਜਿਹਬਾ ਸੇ ਕੀਆ ਜਾਵੇ ਸੇ ਜਪ ਵਾਚਕ ਤੇ ਸੌ ਗੁਣਾ ਅਧਿਕ ਫਲੁ ਕਾ ਜਨਕ ਹੈ। ਔਰ ਜੇ ਅਰਥ ਕਾ ਅਨੁਸੰਧਾਨ ਕਰਕੇ ਕੇਵਲ ਬੁਧੀ ਸੇ ਅਖਰੋਂ ਕੀ ਆਵਿਰਤੀ ਹੈ ਤਿਸਕੋ ਮਾਨਸ-ਜਪੁ ਕਹਤੇ ਹੈ।"

ਸਤਿਗੁਰੂ ਜੀ ਵਲੋਂ ਰਚਨਾ ਹਿਲਾ ਕੇ ਭਜਨ ਕਰਨ ਦਾ ਹੁਕਮ ਹੈ। ਅਤੇ ਜਿਸ ਮੰਤਰ ਦਾ ਜਪ ਕਰਨਾ ਹੁੰਦਾ ਹੈ ਉਹ ਮੰਤਰ ਵੀ ਕੰਨ ਵਿਚ ਦਿੱਤਾ ਜਾਂਦਾ ਹੈ। ਇਹ ਗੁਰਸਿੱਖੀ ਪਰੰਪਰਾ ਹੈ:

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ ॥ (ਮਹਲਾ 5)

ਉੱਚੀ ਜਪ ਕਰਨਾ ਬਹੁਤਾ ਚੰਗਾ ਨਹੀਂ ਸੋ ਵਾਚਕ ਦੀ ਥਾਂ ਉਪਾਂਸੂ ਤੇ ਬਲ ਦਿੱਤਾ ਜਾਂਦਾ ਹੈ ਜਿਸ ਤੋਂ ਅੱਗੇ ਵੱਧ ਕੇ ਸਿੱਖ-ਸਾਧ ਜਪ ਦੇ ਸਭ ਤੋਂ ਉਤਮ ਰੂਪ ਮਾਨਸ ਨੂੰ ਵੀ ਅਮਲ ਵਿਚ ਲਿਆਉਣ ਜੋਗੇ ਹੋ ਜਾਂਦੇ ਹਨ।

ਪੁਰਾਣ ਅਨੁਸਾਰ ਜਪ ਕਰਨ ਲਈ ਉਤਮ ਥਾਂ ਪੁੰਨ-ਖੇਤਰ ਪਹਾੜਾਂ, ਨਦੀਆਂ ਸਾਗਰਾਂ ਦੇ ਕੰਢੇ, ਦੇਵ ਸਥਾਨ ਜਾਂ ਜਿਥੇ ਚਿੱਤ ਪ੍ਰਸੰਨ ਹੋਵੇ ਹੁੰਦੇ ਹਨ। ਇਕਾਂਤ ਵਿਚ ਜਪ ਕਰਨ ਦਾ 100 ਗੁਣਾਂ, ਕਿਸੇ ਨਦੀ ਕਿਨਾਰੇ ਲੱਖ ਗੁਣਾਂ ਅਤੇ ਦੇਵ ਸਥਾਨ ਤੇ ਕਰੋੜ ਗੁਣਾਂ ਪੁੰਨ ਹੁੰਦਾ ਹੈ। ਸਤਿਗੁਰੂ ਜੀ ਦੇ ਬੈਠਣ ਨਾਲ ਸੁਹਾਇਆ ਥਾਂ ਦੇਵ ਸਥਾਨ ਹੀ ਹੈ ਸੋ ਏਥੇ ਜਪ ਕਰਨਾ ਪੁੰਨ ਹੀ ਪੁੰਨ ਹੈ।

ਪੁਰਾਣੇ ਵਿਚ ਇਹ ਵੀ ਲਿਖਿਆ ਹੈ ਕਿ ਗੁਰੂ ਦੇ ਮੁਖ ਤੋਂ ਪ੍ਰਾਪਤ ਮੰਤਰ ਹੀ ਸਰਬਸਿਧੀ ਦਾਇਕ ਹੈ। ਜੇ ਕੋਈ ਪੁਸਤਕ ਵਿਚ ਲਿਖਿਆ ਮੰਤਰ ਦੇਖ ਕੇ ਜਪ ਕਰਦਾ ਹੈ ਤਾਂ ਉਸ ਨੂੰ ਬ੍ਰਹਮ ਹੱਤਿਆ ਵਰਗਾ ਪਾਪ ਲੱਗਦਾ ਹੈ।

ਜਪ ਦੀ ਗਿਣਤੀ ਕਰਨੀ ਜ਼ਰੂਰੀ ਹੈ। ਇਸ ਗਿਣਤੀ ਦਾ ਸਾਧਨ ਜਪ-ਮਾਲਾ ਰਹੀ ਹੈ। ਸਨਾਤਨ ਪਰੰਪਰਾ ਅਨੁਸਾਰ ਜਪ ਮਾਲਾ ਤਿੰਨ ਪ੍ਰਕਾਰ ਦੀ ਹੁੰਦੀ ਹੈ। ਇੱਕ ਮਾਲਾ ਕਰ ਮਾਲਾ, ਜਿਸ ਵਿਚ ਚਹੁੰ ਉਂਗਲਾਂ ਦੇ ਪੋਟਿਆਂ ਤੇ ਦਸ ਦਸ ਕਰਕੇ

Sri Satguru Jagjit SIngh Ji Elibrary NamdhariElibrary@gmail.com

ਸੌ ਤੱਕ ਗਿਣਤੀ ਗਿਣੀ ਜਾਂਦੀ ਹੈ। ਮਧਿਅਮਾ ਇੱਕ ਪੋਟਾ ਬਾਕੀ ਉਂਗਲਾਂ ਦੇ ਤਿੰਨੇ ਤਿੰਨੇ ਪੋਟੇ। ਦੂਸਰੀ ਵਰਨਮਾਲਾ ਹੁੰਦੀ ਹੈ। ਇਸ ਅਨੁਸਾਰ ਅੱਖਰਾਂ ਦੀ, ਇੱਕ ਮਾਲਾ ਵਾਂਗ ਕਲਪਨਾ ਕੀਤੀ ਜਾਂਦੀ ਹੈ—ਅੱਖਰ 50 ਗਿਣੇ ਜਾਂਦੇ ਹਨ। ਜਿਨ੍ਹਾਂ ਦੀ ਸਿੱਧੀ ਪੁੱਠੀ ਗਿਣਤੀ ਕੀਤੀ ਜਾਂਦੀ ਹੈ ਅਤੇ ਹਰ ਵਰਗ ਦਾ ਪਹਿਲਾ ਅੱਖਰ ਵੱਖਰਾ ਗਿਣਿਆ ਜਾਂਦਾ ਹੈ। ਤੀਜੀ ਮਣਕਿਆਂ ਦੀ ਮਾਲਾ ਹੁੰਦੀ ਹੈ 108 ਮਣਕਿਆਂ ਦੀ ਮਾਲਾ। ਸਤਿਗੁਰੂ ਜੀ ਨੇ ਚਿੱਟੀ ਉੱਨ ਦੀ ਮਾਲਾ ਨੂੰ ਪ੍ਰਵਾਨਗੀ ਦਿੱਤੀ ਹੈ।

ਗੁਰਮਤਿ ਅਨੁਸਾਰ ਸਿੱਖ ਨੂੰ ਜਪ ਕਰਕੇ ਕੋਈ ਬਾਹਰਲੀ ਸ਼ਕਤੀ ਪ੍ਰਾਪਤ ਕਰਨ ਦੀ ਲੋੜ ਨਹੀਂ। ਉਸ ਨੂੰ ਦੁਨਿਆਵੀ ਸੁਖ ਸੁਵਿਧਾ, ਧਨ ਪਦਾਰਥ ਲਈ ਕਿਸੇ ਵੀ ਦੇਵਤੇ ਅੱਗੇ ਮੱਥੇ ਰਗੜਨ, ਆਰਤੀ ਕਰਨ, ਉਸ ਨੂੰ ਭੋਗ ਲੁਆਉਣ, ਉਸਤੋਂ ਮੰਤਰ ਸਿੱਧੀ ਰਾਹੀਂ ਵਰ ਲੈਣ ਦੀ ਲੋੜ ਨਹੀਂ। ਇਸ ਨਾਲ ਭੁੱਖ ਵੱਧਦੀ ਹੈ, ਮਨ ਭਟਕਦਾ ਹੈ, ਲੋਭ, ਲਾਲਚ ਖਹਿੜਾ ਨਹੀਂ ਛੱਡਦੇ ਅਤੇ ਬਿਰਤੀ ਵਿਚ ਟਿਕਾਅ ਨਹੀਂ ਆਉਂਦਾ, ਬਿਰਤੀ ਵੀ ਉਖੜ ਜਾਂਦੀ ਹੈ। ਗੁਰਬਾਣੀ ਵਿਚ ਤਾਂ ਨਾਮ ਦਾ ਲਾਹਾ ਲੈਣ ਬਾਰੇ ਲਿਖਿਆ ਹੈ:

ਲਾਹਾ ਨਾਮੁ ਰਤਨੁ ਜਪਿ ਸਾਰੁ ॥
ਲਬੁ, ਲੋਭੁ, ਬੁਰਾ ਅਹੰਕਾਰੁ ॥ (ਮਹਾਲਾ 1)

ਨਾਮ ਰਤਨ ਦਾ ਜਪ ਕਰਕੇ ਲਾਹਾ ਲੈਣ ਦਾ ਵਿਚਾਰ ਵੇਦਾਂ ਤੋਂ ਆਇਆ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਲਿਖਿਆ ਹੈ:

ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥

ਸਤਿਗੁਰੂ ਗੋਬਿੰਦ ਸਿੰਘ ਜੀ ਦਾ ਵੀ ਉਪਦੇਸ ਹੈ—ਜਪਿ ਤੂ ਇਕ ਮਨ ਹੋਇ, ਆਨ ਨਾਮ ਜਪਣਾ ਨਹੀਂ। ਇਹ ਕਲਿਆਣਕਾਰੀ, ਅੰਮ੍ਰਿਤ ਰੂਪ ਨਾਮ ਜਪਣਾ ਵੀ ਰਸਨਾ ਕਰਕੇ ਹੈ:

"ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥" (ਭਗਤ ਕਬੀਰ)

ਅੰਮ੍ਰਿਤ ਨਾਮ ਜਪਣਾ, ਇਸ ਲਈ ਹੈ ਕਿ ਇਸ ਨੂੰ ਜਪਣ ਬਾਰੇ ਉਦਮ ਕਰਦਿਆਂ ਹੀ ਆਨੰਦਿਤ ਹੋ ਜਾਈਦਾ ਹੈ। ਜਦ, ਸਿਮਰਨ ਕਰਨ ਲੱਗੀਦਾ ਹੈ ਤਾਂ ਸੁੱਖਾਂ ਦੀ ਅਸਲੀਅਤ ਦੀ ਸੋਝੀ ਆ ਜਾਂਦੀ ਹੈ।

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ (ਮਹਾਲਾ 5)

ਜਪ ਕਰਨ ਨਾਲ ਮਨੁੱਖ ਦੇ ਅੰਦਰ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਉਸ ਦਾ ਭਰਮ-ਭੁਲੇਖਿਆਂ ਤੋਂ ਛੁਟਕਾਰਾ ਹੋ ਜਾਂਦਾ ਹੈ। ਉਸਦਾ ਚੌਰਾਸੀ ਦਾ ਗੇੜ, ਜਨਮ

Sri Satguru Jagjit Singh Ji Elibrary NamdhariElibrary@gmail.com

ਮਰਨ ਦਾ ਚੱਕਰ ਮੁੱਕ ਜਾਂਦਾ ਹੈ। ਮਨੁੱਖ ਦਾ ਰੋਗਾਂ-ਸੋਗਾਂ, ਦੁਖ ਦਲਿੱਦਰ ਤੋਂ ਛੁਟਕਾਰਾ ਹੋ ਜਾਂਦਾ ਹੈ। ਉਸ ਨੂੰ ਸਮਸਤ ਜਗਤ ਵਿੱਚ ਪ੍ਰਭੂ ਪਸਰਿਆ ਹੋਇਆ ਨਜ਼ਰ ਆਉਂਦਾ ਹੈ। ਆਪਣੀ ਅਵਸਥਾ ਵੀ ਐਸੀ ਹੋ ਜਾਂਦੀ ਹੈ ਕਿ ਰੱਬ ਦੀ ਭਗਤੀ ਕਰਦਿਆਂ ਰੱਬ ਰੂਪ ਹੋ ਜਾਈਦਾ ਹੈ। ਮੌਤ ਤੋਂ ਛੁੱਟ ਮਨੁੱਖ, ਜ਼ਿੰਦਗੀ ਪਾਉਂਦਾ ਹੈ। ਮਨੁੱਖ ਦੀ ਅਵਸਥਾ ਸਹਿਜ ਹੋ ਜਾਂਦੀ ਹੈ।

ਇਸ ਜਪਣ ਨਾਲ ਜੁੜਨਾ, ਇੱਕ ਪ੍ਰਸ਼ਨ ਹੈ। ਉਸ ਤੋਂ ਵੱਡਾ ਪ੍ਰਸ਼ਨ ਹੈ ਨਾਮ ਕਿਹੜਾ ਹੈ ? ਉਹ ਕਿਥੋਂ ਲੱਭੀਏ ? ਵਿਦਵਾਨ ਤਾਂ ਪੜ੍ਹ ਪੜ੍ਹ ਕੇ ਭੰਬਲ ਭੂਸੇ ਪਏ ਰਹਿੰਦੇ ਹਨ ਕਿਉਂਕਿ ਗ੍ਰੰਥਾਂ ਵਿੱਚ ਕਈ ਮੰਤਰ ਲਿਖੇ ਹਨ। ਕਈ ਗ੍ਰੰਥ ਤਾਂ ਆਪਣੀ ਮਸ਼ਹੂਰੀ ਲਈ ਲਿਖਦੇ ਹਨ ਕਿ ਇਸ ਗ੍ਰੰਥ ਵਿਚ ਆਹ ਮੰਤਰ ਹਨ ਜਿਹਨਾਂ ਦਾ ਜਾਪ ਕਰਨ ਨਾਲ ਇਹ-ਇਹ ਸਿਧੀ ਪ੍ਰਾਪਤ ਹੁੰਦੀ ਹੈ। ਪਰ ਪੜ੍ਹ ਕੇ ਉਸ ਮੰਤਰ ਦਾ ਜਾਪ ਕਰਨ ਨਾਲ ਮੰਤਰ ਪੁੱਠਾ ਪੈ ਜਾਂਦਾ ਹੈ, ਨਫ਼ੇ ਦੀ ਥਾਂ ਨੁਕਸਾਨ ਹੋ ਜਾਂਦਾ ਹੈ।

ਸਿੱਖਾਂ ਨੂੰ ਭਟਕਣ ਦੀ ਲੋੜ ਨਹੀਂ। ਗੁਰਬਾਣੀ ਫ਼ੈਸਲਾ ਦੇ ਦੇਂਦੀ ਹੈ ਕਿ ਕਿਸ ਦਾ, ਕਿਹੜਾ ਮੰਤਰ ਜਪਿਆ ਜਾਏ। ਸਤਿਗੁਰੂ ਜੀ ਬਾਣੀ ਵਿਚ ਲਿਖਦੇ ਹਨ :

> ਸਤਿਗੁਰ ਆਖੈ ਸੋ ਕਾਰ ਕਮਾਵਨਿ ॥
> ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ (ਮਹਾਲਾ 4)

> ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥
> ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥ (ਮਹਲਾ 5)

ਇਸ ਸੰਸਾਰ ਤਾਂ ਉਜਾੜ ਹੈ ਬਹੁਤ ਵੱਡੀ ਜਾਂ ਫਿਰ ਅੱਗ ਦਾ ਦਰਿਆ ਹੈ। ਇਸ ਵਿਚ ਖ਼ੁਸ਼ੀ ਗ਼ਮੀ ਵਿਚ ਰਹਿਣਾ ਪੈਂਦਾ ਹੈ ਅਤੇ ਉਸ ਨੂੰ ਸਹਿਣ ਕਰਨਾ ਪੈਂਦਾ ਹੈ। ਜਿਹੜੇ ਵਿਅਕਤੀ ਸਤਿਗੁਰੂ ਦੀ ਸ਼ਰਨ ਆਉਂਦੇ ਹਨ, ਰਸਨਾ ਨਾਲ ਨਾਮ ਜਪਦੇ ਹਨ ਉਹਨਾਂ ਦਾ ਮਨ ਨਿਰਮਲ ਤੋਂ ਹੋ ਜਾਂਦਾ ਹੈ। ਗੁਰਬਾਣੀ ਵਿਚ ਆਇਆ ਹੈ :

> ਮਹਾ ਉਦਿਆਨ ਪਾਵਕ ਸਾਗਰ
> ਭਏ ਹਰਖ ਸੋਗ ਮਹਿ ਬਸਨਾ ॥
> ਸਤਿਗੁਰ ਭੇਟਿ ਭਇਆ ਮਨੁ ਨਿਰਮਲੁ
> ਜਪਿ ਅੰਮ੍ਰਿਤੁ ਹਰਿ ਰਸਨਾ ॥ (ਮਹਲਾ 5)

> ਜਪਤ ਰਹੋ ਦਿਨ ਰਾਤ ਸਤਿਗੁਰ ਸੰਸਾ ਮੇਟਿਯਾ ॥ (ਦਸਮ ਗ੍ਰੰਥ)

Sri Satguru Jagjit Singh Ji Elibrary NamdhariElibrary@gmail.com

ਚੜ੍ਹਿਆ ਸੋਧਣਿ ਧਰਤਿ ਲੁਕਾਈ

ਮਨੁੱਖ ਦੀ ਜੂਨ ਸਭ ਜੂਨਾਂ ਤੋਂ ਉਤਮ ਹੈ। ਪਰ ਉਤਮ ਤਾਂ ਹੀ ਹੈ ਜੇ ਮਨੁੱਖ ਚੰਗੇ ਕੰਮ ਕਰਦਾ ਹੈ। ਉਹ ਸ਼ੁਭ ਬਚਨ ਸੁਣਦਾ ਤੇ ਬੋਲਦਾ ਹੈ। ਕਿਰਤ ਕਮਾਈ ਕਰਦਾ ਹੈ, ਸਤਿਸੰਗ ਵਿਚ ਜਾਂਦਾ ਹੈ, ਵੰਡ ਕੇ ਛਕਦਾ ਹੈ, ਅਕਾਲ ਪੁਰਖ ਦਾ ਸਿਮਰਨ ਕਰਦਾ ਹੈ ਤੇ ਦੂਜੇ ਦਾ ਭਲਾ ਲੋਚਦਾ ਹੈ। ਪਰ ਜੇ ਮਨੁੱਖ ਦੂਜੇ ਤੇ ਜ਼ੁਲਮ ਕਰਦਾ ਹੈ, ਧਰਮ ਕਰਮ ਛੱਡ ਕੇ ਮੰਦੇ ਕੰਮਾਂ ਵਿਚ ਲੱਗਾ ਹੋਇਆ ਹੈ। ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੇ ਘੇਰਾ ਪਾਇਆ ਹੋਇਆ ਹੈ। ਉਹ ਆਪਣਾ ਜੀਵਨ ਮਨੋਰਥ ਭੁੱਲ ਬੈਠਾ ਹੈ ਤਾਂ ਉਸ ਨੂੰ ਸਿੱਧੇ ਰਸਤੇ ਪਾਉਣ ਦੀ ਲੋੜ ਹੈ। ਸਿੱਧੇ ਰਸਤੇ ਪਾਉਣ ਦਾ ਪਰਉਪਕਾਰ ਸਤਿਗੁਰੂ ਹੀ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਦੇਸ ਵਿਚ ਮਨੁੱਖ ਸੰਕਟ ਕਾਲ ਵਿਚੋਂ ਲੰਘ ਰਿਹਾ ਸੀ। ਸੰਸਾਰਕ ਤੌਰ 'ਤੇ ਉਹ ਰਾਜ ਪ੍ਰਬੰਧ ਦੀ, ਵਾੜ ਦੇ ਖੇਤ ਨੂੰ ਖਾਣ ਵਾਲੀ, ਅਵਸਥਾ ਕਰਕੇ ਸੰਕਟ ਗ੍ਰਸਤ ਸੀ। ਸਯਦ ਸੇਖ, ਮੁਗਲ, ਪਠਾਣ ਸਭ ਉਸ ਨੂੰ ਦੁਖ ਪਹੁੰਚਾਉਂਦੇ ਸਨ। ਉਹ ਅੱਤਿਆਚਾਰ ਕਰਦੇ ਸਨ, ਉਸ ਨੂੰ ਧਰਮ ਤੋਂ ਡੇਗਦੇ ਸਨ। ਲੋਕ ਆਪਣੇ ਮਨ ਕਰਕੇ ਵੀ ਸੰਕਟ ਗ੍ਰਸਤ, ਆਪਣੇ ਜੀਵਨ ਆਦਰਸ਼ ਨੂੰ ਭੁੱਲ ਚੁੱਕੇ ਸਨ, ਸੰਸਾਰ ਵਿਚ ਕੂੜ ਦਾ ਹਨੇਰਾ ਸੱਚ ਦੇ ਚੰਦ ਨੂੰ ਲੁਕਾਈ ਬੈਠਾ ਸੀ। ਲੋਕਾਂ ਨੂੰ ਸਿੱਧੇ ਰਾਹ ਪਾਉਣ ਵਾਲੇ ਧਾਰਮਿਕ ਆਗੂ ਸਿਧ, ਸਾਧਿਕ ਆਦਿ ਜਨ ਸਧਾਰਨ ਨੂੰ ਉਪਦੇਸ ਦੇਣ ਲਈ ਉਹਨਾਂ ਵਿਚ ਵਿਚਰਨ ਦੀ ਥਾਂ ਪਰਬਤਾਂ ਵਿਚ ਛੁਪੇ ਬੈਠੇ ਸਨ। ਲੁਕਾਈ ਨੂੰ ਉਪਦੇਸ ਕੌਣ ਦੇਵੇ। ਹਾਲਤ ਇਸ ਸੀ :

ਬਾਝ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥
(ਭਾਈ ਗੁਰਦਾਸ)

ਇਹ ਸਮੇਂ ਦੀ ਲੋੜ ਨੂੰ ਮਹਿਸੂਸ ਕਰਕੇ :

"ਆਪ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ ॥"

ਗੁਰੂ ਨਾਨਕ ਜੀ ਨੇ ਆਪ ਤਪ ਸਾਧਨਾ ਕੀਤੀ, ਕਲਜੁਗ ਨੂੰ ਤਾਰਨ ਲਈ ਬਾਲੇ ਮਰਦਾਨੇ ਨੂੰ ਨਾਲ ਲੈ ਕੇ ਉਦਾਸੀਆਂ ਕੀਤੀਆਂ। ਉਹ ਦਿਨ-ਦਿਹਾਰਾਂ ਤੇ ਤੀਰਥਾਂ ਵਿਚ ਕੱਠੇ ਹੁੰਦੇ ਲੋਕਾਂ ਵਿਚ ਗਏ ਉਹਨਾਂ ਨੇ ਵੇਖਿਆ ਕਿ ਲੋਕ ਤਾਂ ਅੰਧ ਵਿਸ਼ਵਾਸ ਕਾਰਨ ਇਕੱਠੇ ਹੁੰਦੇ ਸਨ, ਇਕ ਭੇੜ ਚਾਲ ਸੀ, ਭਾਉ ਭਗਤੀ ਕਿਸੇ

Sri Satguru Jagjit Singh Ji Elibrary NamdhariElibrary@gmail.com

ਦੇ ਮਨ ਵਿਚ ਨਹੀਂ ਸੀ। ਆਪ ਸੁਮੇਰ ਪਰਬਤ 'ਤੇ ਤਾੜੀ ਲਾ ਕੇ ਬੈਠੇ ਸਿਧਾਂ-ਨਾਥਾਂ ਕੋਲ ਵੀ ਪਹੁੰਚੇ। ਉਹਨਾਂ ਨਾਲ ਗੋਸ਼ਟ ਕੀਤੀ, ਉਹਨਾਂ ਨੂੰ ਮਾਤ ਲੋਕ ਦੀ ਸਥਿਤੀ ਦੱਸੀ ਕਿ :

"ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ ॥"

(ਭਾਈ ਗੁਰਦਾਸ)

ਰਾਜੇ ਪਾਪ ਕਰਦੇ ਸਨ, ਗੁਰੂ ਚੇਲਿਆਂ ਤੇ ਨਿਰਭਰ ਸਨ, ਪਰਜਾ ਗਿਆਨ ਹੀਨ ਸੀ। ਸਿਧ ਪਹਾੜਾਂ ਤੇ ਲੁਕੇ ਬੈਠੇ ਸਨ, ਲੋਕਾਂ ਨੂੰ ਰਾਹੇ ਕੌਣ ਪਾਵੇ ?

ਉਹ ਮੱਕੇ ਮਦੀਨੇ ਵੀ ਗਏ ਤੇ ਸਮਝਾਇਆ ਕਿ ਰੱਬ ਸਭ ਪਾਸੇ ਹੈ। ਗੁਰੂ ਨਾਨਕ ਜੀ ਨੇ ਉਹਨਾਂ ਦੇ ਹਿੰਦੂ ਮੁਸਲਮਾਨਾਂ ਵਿਚੋਂ ਵੱਡੇ ਹੋਣ ਦਾ ਸ਼ੰਕਾ ਇਹ ਕਹਿ ਕੇ ਨਵਿਰਤ ਕੀਤਾ ਕਿ, 'ਸੁਭ ਅਮਲਾ ਬਾਝਹੁ ਦੋਨੋ ਰੋਈ।'

ਗੁਰੂ ਨਾਨਕ ਦਾ ਉਪਦੇਸ ਸੁਣ ਕੇ ਸੱਜਣ ਠੱਗ, ਭੂਮੀਏ ਚੋਰ, ਕੌਡੇ ਰਾਕਸ਼ ਜਿਹੇ ਭੈੜੇ ਲੋਕ ਵੀ ਮੰਦੇ ਕਰਮ ਛੱਡ ਕੇ ਚੰਗੇ ਪਾਸੇ ਲੱਗ ਗਏ। ਉਹਨਾਂ ਨੂੰ ਰਿਦੈ ਸੱਚਾ ਹੋਣ ਦੀ ਗੱਲ ਸਮਝ ਆਈ। ਉਹ ਗਿਆਨ ਪ੍ਰਾਪਤੀ ਲਈ ਗੁਰੂ ਦੀ ਮਹਾਨਤਾ ਵੀ ਸਮਝਣ ਲੱਗੇ।

ਉਹ ਅਕਾਲ ਪੁਰਖ ਦਾ ਸਿਮਰਨ ਕਰਨ ਲੱਗੇ, ਨਾਮ ਜਪਣ ਲੱਗੇ, ਤੇ ਕਿਰਤ ਕਰਨ ਲੱਗੇ।

ਗੁਰੂ ਨਾਨਕ ਦੇਵ ਜੀ ਆਪਣੀਆਂ ਚਹੁੰ ਉਦਾਸੀਆਂ ਵਿੱਚ ਜਿਥੇ ਵੀ ਗਏ ਆਪਣਾ ਮਾਹੌਲ ਸਿਰਜ ਲੈਂਦੇ ਕਿਤੋਂ ਦੀ ਭਾਸ਼ਾ, ਕਿਸੇ ਦੇਸ ਦਾ ਖਾਣ-ਪੀਣ, ਰਹਿਣ-ਸਹਿਣ ਉਹਨਾਂ ਲਈ ਰੁਕਾਵਟ ਨਾ ਬਣਦੀ। ਉਹ ਖਸਮ ਦੀ ਬਾਣੀ ਉਚਾਰਦੇ ਗਿਆਨ ਕਰਦੇ ਤੇ ਨਾਮ ਦਾ ਛੱਟਾ ਦੇਂਦੇ। ਇਸ ਤਰ੍ਹਾਂ ਉਹਨਾਂ ਸੁਖੀ ਸੁਹੇਲਾ ਜੀਵਨ ਜਿਉਣ ਦੀ ਜਾਂਚ ਦੱਸੀ।

ਉਹਨਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ, ਗੁਰਮਤਿ ਸਿਧਾਂਤ ਦ੍ਰਿੜਾਉਣ ਲਈ ਗੁਰੂ ਅੰਗਦ ਨੂੰ ਗੁਰਗੱਦੀ ਦਿੱਤੀ :

ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ।
ਲਹਿਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ।

(ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ)

ਅਤੇ ਫਿਰ ਅਗੋਂ ਵੀ
ਜੁਗਿ ਜੁਗਿ ਸਤਿਗੁਰੂ ਧਰੇ ਅਵਾਤਰੀ।

(ਭਾਈ ਗੁਰਦਾਸ)

ਗੁਰੂ ਨਾਨਕ ਦੇ ਸਮੇਂ ਪਿਛੋਂ ਵੀ ਗੁਰੂ ਸਾਹਿਬਾਨ ਨੇ ਨਾਮ, ਦਾਨ, ਇਸ਼ਨਾਨ

Sri Satguru Jagjit Singh Ji Elibrary NamdhariElibrary@gmail.com

ਦ੍ਰਿੜਾਇਆ। ਜੇ ਸਮੇਂ ਦੀ ਲੋੜ ਸਮਝੀ ਤਾਂ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਵੀ ਪਹਿਨੀਆਂ। ਜੰਗ ਯੁੱਧ ਵੀ ਕੀਤੇ, ਕੁਰਬਾਨੀਆਂ ਵੀ ਦਿੱਤੀਆਂ। ਸਿੱਖੀ ਨੂੰ ਇੱਕ ਵਿਸ਼ੇਸ਼ ਪਹਿਚਾਣ ਦੇਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ, ਸਾਬਤ ਸੂਰਤ ਪੰਜ ਕਕਾਰ ਦੇ ਧਾਰਨੀ ਸਿੱਖ ਬਣਾਇਆ। ਗੁਰੂ ਰਾਮ ਸਿੰਘ ਨੇ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਅਤੇ ਹਕੂਮਤ ਨਾਲ ਟੱਕਰ ਲੈਣ ਤੇ ਦੇਸ ਅਜ਼ਾਦ ਕਰਾਉਣ ਲਈ ਨਾਮਿਲਵਰਤਨ ਤੇ ਸੁਦੇਸ਼ੀ ਦੇ ਹਥਿਆਰ ਦਿੱਤੇ। ਉਹਨਾਂ ਧਰਤਿ ਲੁਕਾਈ ਨੂੰ ਸੋਧ ਕੇ ਗੁਰਮਤਿ ਵਲ ਪ੍ਰੇਰਿਆ। ਨਾਮ ਜਪਣ ਵਲ ਲਾਇਆ।

ਉਸਤੋਂ ਬਾਅਦ ਵੀ ਇਹ ਸਿਲਸਿਲਾ ਜਾਰੀ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਨਾਮ ਜਪਣ ਦਾ ਉਪਦੇਸ ਦੇਂਦੇ ਹੋਏ ਦੌਰੇ ਕਰ ਰਹੇ ਹਨ। ਇੱਕ ਪਿੰਡ ਦੇ ਦੌਰੇ ਸਮੇਂ ਉਹਨਾਂ ਉਪਦੇਸ ਕੀਤਾ :

"ਤੁਹਾਨੂੰ ਇਹ ਚਾਹੀਦਾ ਹੈ ਕਿ ਤੁਹਾਡੇ ਪਿੰਡ ਵਿਚ ਜਿੰਨੇ ਵੀ ਸਿੱਖ ਹਨ। ਭਾਵੇਂ ਉਹ ਨਾਮਧਾਰੀ ਨੇ ਭਾਵੇਂ ਦੂਸਰੇ ਹਨ, ਜਿਨ੍ਹਾਂ ਜਿਨ੍ਹਾਂ ਨੇ ਆਪਣੇ-ਆਪਣੇ ਗੁਰੂ ਤੋਂ ਜੋ ਭਜਨ ਪੁੱਛਿਆ ਉਹ ਇੱਕ-ਇੱਕ ਘੰਟਾ, ਨਾਮ ਸਿਮਰਨ ਘੱਟ ਤੋਂ ਘੱਟ ਜ਼ਰੂਰ ਕਰਿਆ ਕਰਨ।"

ਇਹ ਸੰਜੋਗ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਤਿੰਨਾਂ-ਚਹੁੰ ਦਿਨਾਂ ਦੇ ਫਰਕ ਨਾਲ ਨੇੜੇ ਨੇੜੇ ਮਨਾਇਆ ਜਾਂਦਾ ਹੈ। ਕਤਕ ਸੁਦੀ ਇਕਾਦਮੀ ਤੇ ਕਤਕ ਸੁਦੀ ਪੂਰਨਮਾਸੀ ਨੂੰ। ਸਿੱਖਾਂ ਨੂੰ ਇਸ ਪੁਰਬ ਮਨਾਉਣ ਲਈ ਉਹਨਾਂ ਦੇ ਉਪਦੇਸਾਂ ਨੂੰ ਅਪਣਾਉਣਾ ਬਣਦਾ ਹੈ। ਇਸ ਨਾਲ ਸਹਿਜੇ ਹੀ ਉਹਨਾਂ ਦਾ ਸੁਖ ਅਨੰਦ ਤਾਂ ਬਣੇਗਾ ਹੀ ਉਹ ਸੰਸਾਰ ਦੇ ਹੋਰ ਜੀਵਾਂ ਨੂੰ ਵੀ ਸੁਖੀ-ਸੁਹੇਲਾ ਬਣਾਉਣ ਵਿਚ ਹਿੱਸਾ ਪਾ ਸਕਣਗੇ। ਜਿਸ ਲੁਕਾਈ ਨੂੰ ਸੋਧਨ ਲਈ ਗੁਰੂ ਸਾਹਿਬਾਨ ਉਦਾਸੀਆਂ ਜਾਂ ਦੌਰੇ ਕਰਦੇ ਆ ਰਹੇ ਹਨ। ਉਹ ਲੁਕਾਈ ਉਹਨਾਂ ਔਗੁਣਾਂ ਤੋਂ ਬਚੀ ਰਹੇਗੀ ਜਿਨ੍ਹਾਂ ਕਰਕੇ ਸਾਂਈ ਦੇ ਦਰਬਾਰ ਵਿਚ ਸ਼ਰਮਿੰਦਾ ਹੋਣਾ ਪੈਂਦਾ ਹੈ।

Sri Satguru Jagjit Singh Ji Elibrary NamdhariElibrary@gmail.com

ਸੁਦੇਸ਼ੀ, ਅਹਿੰਸਾ ਅਤੇ ਸਹਿਨਸ਼ੀਲਤਾ

ਸੁਦੇਸ਼ੀ, ਅਹਿੰਸਾ ਅਤੇ ਸਹਿਨਸ਼ੀਲਤਾ ਅਪਨਾਉਣ ਨਾਲ, ਮਨੁੱਖ ਆਪਣੇ ਦੇਸ ਨਾਲ ਜੁੜ ਕੇ, ਸੰਸਾਰ ਦੇ ਸਮੁੱਚੇ ਜੀਵ-ਜਗਤ ਪ੍ਰਤੀ ਪ੍ਰੇਮ ਭਾਵ ਰੱਖਣ ਦਾ ਧਾਰਨੀ ਹੋ ਜਾਂਦਾ ਹੈ।

ਸੁਦੇਸ਼ੀ ਦੇਸ ਵਿੱਚ ਬਣੀ ਹੋਈ ਤੇ ਅਪਣਾਈ ਗਈ ਪਰੰਪਰਾ ਅਤੇ ਵਸਤੂ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਸੁਦੇਸ਼ੀ ਦੇ ਕਲਾਵੇ ਵਿਚ ਕਿਸੇ ਵੀ ਦੇਸ ਦੀ ਸਮੁੱਚੀ ਪਰੰਪਰਾ ਆ ਜਾਂਦੀ ਹੈ। ਇਸ ਪਰੰਪਰਾ ਵਿਚ ਉਸ ਦੇਸ ਦਾ ਧਰਮ, ਸਾਹਿਤ, ਇਤਿਹਾਸ, ਸਮਾਜ, ਸਭਿਆਚਾਰ ਆਦਿ ਸਭ ਆ ਜਾਂਦਾ ਹੈ ਜਿੰਨੀ ਕਿਸੇ ਦੇਸ ਦੀ ਪਰੰਪਰਾ ਪੁਰਾਣੀ ਹੈ, ਨਰੋਈ ਹੈ ਓਨੀ ਹੀ ਉਹ ਮਾਣ ਕਰਨਯੋਗ ਸਮਝੀ ਜਾਂਦੀ ਹੈ। ਪੁਰਾਤਤਵ ਵਿਭਾਗ ਵਾਲੇ ਆਪਣੀ ਮਿਹਨਤ ਉਸ ਪਰੰਪਰਾ ਨੂੰ ਭਾਲਣ-ਸੰਭਾਲਣ ਲਈ ਹੀ ਕਰਦੇ ਹਨ। ਉਹ ਖੰਡਰਾਂ ਵਿਚੋਂ ਭਾਲ ਭਾਲ ਕੇ ਦੱਸਦੇ ਹਨ ਕਿ ਪੁਰਾਣੇ ਸਮੇਂ ਦੇ ਲੋਕਾਂ ਦਾ ਖਾਣ-ਪਾਣ, ਕਿਸ ਤਰ੍ਹਾਂ ਦਾ ਸੀ। ਉਹਨਾਂ ਦੇ ਬਰਤਨ ਕਿਸ ਤਰ੍ਹਾਂ ਹੁੰਦੇ ਸਨ, ਗਹਿਣੇ ਕਿਸ ਤਰ੍ਹਾਂ ਦੇ ਸਨ, ਉਹਨਾਂ ਦਾ ਪੂਜਾ-ਪਾਠ ਦਾ ਤਰੀਕਾ ਕੀ ਸੀ। ਸਮੁੱਚੇ ਤੌਰ 'ਤੇ ਉਹਨਾਂ ਦੀ ਸਭਿਅਤਾ ਕਿਸ ਤਰ੍ਹਾਂ ਦੀ ਸੀ।

ਵਿਦੇਸ਼ੀ ਹਲਮਾਂਵਰ ਆ ਕੇ ਕਿਸੇ ਦੇਸ ਦੀਆਂ ਪਰੰਪਰਾਵਾਂ ਨੂੰ ਖੰਡਿਤ ਕਰਦੇ ਰਹੇ, ਉਹਨਾਂ ਦੇ ਧਾਰਮਿਕ ਅਕੀਦਿਆਂ ਨੂੰ ਜ਼ਬਰਦਸਤੀ ਜਾਂ ਲਾਲਚ ਨਾਲ ਬਦਲਦੇ ਰਹੇ। ਉਸ ਸਮੇਂ ਉਹਨਾਂ ਦੇਸਾਂ ਵਿਚ ਅਧਿਆਤਮਿਕ ਤੇ ਸਮਾਜਿਕ ਰਹਿਨੁਮਾ ਮਨੁੱਖ ਨੂੰ ਉਸਦੇ ਅਮੀਰ ਵਿਰਸੇ ਨਾਲ ਜੋੜਦੇ ਰਹੇ। ਸਾਡੇ ਦੇਸ ਭਾਰਤ ਦੇ ਰਹਿਨੁਮਾ, ਗੁਰੂ—ਅਵਤਾਰ, ਸਾਨੂੰ ਆਪਣੇ ਧਰਮ ਤੇ ਰਹਿਣੀ ਬਹਿਣੀ ਵਿਚ ਪ੍ਰਪੱਕ ਕਰਦੇ ਰਹੇ।

ਸਤਿਗੁਰੂ ਨਾਨਕ ਦੇਵ ਜੀ ਜਦੋਂ ਬਾਣੀ ਵਿਚ ਲਿਖਦੇ ਹਨ :

> "ਨੀਲ ਬਸਤ੍ਰ ਲੇ ਕਪੜੇ ਪਹਿਰੇ
> ਤੁਰਕ ਪਠਾਣੀ ਅਮਲੁ ਕੀਆ ॥
> ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
> ਮਲੇਛ ਧਾਨੁ ਲੈ ਪੂਜਹਿ ਪੁਰਾਣੁ ॥"

ਤਾਂ ਵਿਦੇਸ਼ੀ ਰੰਗ-ਢੰਗ ਦੇ ਪਹਿਰਾਵੇ ਦੀ ਗੱਲ ਕਰਦੇ ਹਨ ਕਿ ਪਹਿਰਾਵਾ ਰਾਜ ਸਤਾ ਵਲੋਂ ਪ੍ਰਵਾਨਗੀ ਲੈਣ ਲਈ ਅਪਣਾਇਆ ਜਾਂਦਾ ਸੀ। ਜਦ ਸ੍ਰੀ ਸਤਿਗੁਰੂ

Sri Satguru Jagjit Singh Ji Elibrary NamdhariElibrary@gmail.com

ਗੋਬਿੰਦ ਸਿੰਘ ਜੀ, ਨੀਲੇ ਬਸਤਰਾਂ ਨੂੰ ਪਾੜਨ ਦੀ ਮਿਸਾਲ ਪੇਸ਼ ਕਰਦੇ ਹਨ ਤਾਂ ਸੁਦੇਸ਼ੀ ਦੀ ਗੱਲ ਕਰਦੇ ਹਨ।

ਵਿਦੇਸ਼ੀ ਅੰਗਰੇਜ਼ ਆ ਗਏ ਮਲੇਸ਼; ਤਾਂ ਉਹਨਾਂ ਨੇ ਆਪਣਾ ਧਰਮ, ਰਹਿਣ-ਸਹਿਣ ਤੇ ਵੇਸ਼ ਭੂਸ਼ਾ ਨੂੰ ਪ੍ਰਚਲਤ ਕਰਨਾ ਸ਼ੁਰੂ ਕੀਤਾ। ਉਹਨਾਂ ਨੇ ਹਿੰਦੁਸਤਾਨੀਆਂ ਨੂੰ ਬਰਤਾਨੀਆਂ ਦੀਆਂ ਬਣੀਆਂ ਵਸਤਾਂ ਅਪਣਾਉਣ ਲਈ ਤਿਆਰ ਤੇ ਮਜਬੂਤ ਕਰਨਾ ਸ਼ੁਰੂ ਕੀਤਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤੀਆਂ ਨੂੰ ਸੁਦੇਸ਼ੀ ਅਪਨਾਉਣ ਲਈ ਮਜਬੂਤ ਕੀਤਾ। ਉਹਨਾਂ ਨੇ ਹੁਕਮ ਕੀਤਾ ਕਿ ਵਿਦੇਸ਼ੀ ਦਾ ਬਾਈਕਾਟ ਕਰੋ ਭਾਵੇਂ ਅੰਗਰੇਜ਼ਾਂ ਦੀ ਚਲਾਈ ਸਿੱਖਿਆ ਪ੍ਰਣਾਲੀ ਹੋਵੇ, ਉਹਨਾਂ ਦਾ ਡਾਕ ਪਬੰਧ ਹੋਵੇ, ਉਹਨਾਂ ਦੀ ਰੇਲ ਗੱਡੀ ਹੋਵੇ ਜਾਂ ਉਹਨਾਂ ਦੀਆਂ ਮਿੱਲਾਂ ਦਾ ਕੱਪੜਾ। ਸਤਿਗੁਰੂ ਜੀ ਸਮਝਦੇ ਸਨ ਕਿ ਇਹ ਸਾਰਾ ਕੁਝ ਅੰਗਰੇਜ਼, ਭਾਰਤੀਆਂ ਦੇ ਸੁਖਾਂ ਵਾਸਤੇ ਨਹੀਂ, ਆਪਣੇ ਰਾਜ ਦੀਆਂ ਜੜ੍ਹਾਂ ਪੱਕੀਆਂ ਕਰਨ ਵਾਸਤੇ, ਰਾਜ ਦੇ ਹਿਤ ਵਾਸਤੇ ਕਰ ਰਹੇ ਸਨ। ਪਰ ਇਸ ਨੂੰ ਤਿਆਗਣਾ, ਬਦਲ ਮਿਲੇ ਬਿਨਾਂ ਸੰਭਵ ਨਹੀਂ ਸੀ। ਉਹ ਬਦਲ ਸੀ ਆਪਣੀ ਮਾਣ ਮਰਯਾਦਾ, ਨਿਆਂ ਪ੍ਰਣਾਲੀ, ਡਾਕ ਪ੍ਰਬੰਧ ਤੇ ਆਪਣੀਆਂ ਖੱਡੀਆਂ ਜਾਂ ਮਿੱਲਾਂ ਦੇ ਕੱਪੜੇ ਆਦਿ ਨੂੰ ਅਪਨਾਉਣਾ। ਉਹਨਾਂ ਨੇ ਆਪ ਸੁੱਚੀ ਕਿਰਤ ਕਰਨ ਅਤੇ ਕਿਰਤ ਦਾ ਆਦਰ ਕਰਨ ਦੀ ਜਾਂਚ ਦੱਸੀ।

ਅਹਿੰਸਾਵਾਦੀ ਹੋਣਾ ਵੀ ਆਪਣੀ ਪਰੰਪਰਾ ਨਾਲ ਜੁੜਨਾ ਹੈ। ਅਹਿੰਸਾ ਪਰਮੋ ਧਰਮਾ ਕਿਹਾ ਗਿਆ ਹੈ। ਭਗਤ ਕਬੀਰ ਜੀ ਅਹਿੰਸਾਵਾਦੀ ਪਰੰਪਰਾ ਨਾਲ ਜੁੜਨ ਲਈ ਪ੍ਰੇਰਨਾ ਕਰਦੇ ਹੋਏ ਦਲੀਲ ਦੇਂਦੇ ਹਨ :

— ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ
ਤਉ ਕਿਉ ਮੁਰਗੀ ਮਾਰੈ ॥
— ਜੀਅ ਬਧਹੁ ਸੁ ਧਰਮੁ ਕਰਿ ਥਾਪਹੁ
ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ
ਕਾਕਉ ਕਹਹੁ ਕਸਾਈ ॥

ਅਥਰਵ ਵੇਦ ਵਿਚ ਤਾਂ ਹਿੰਸਾ ਕਰਨ ਵਾਲੇ ਨੂੰ ਰਾਜ ਸੱਤਾ ਵਲੋਂ ਮਿਰਤੂ ਡੰਨ ਦੇਣ ਦੀ ਹਦਾਇਤ ਹੈ ਤਾਂ ਕਿ ਕੋਈ ਗਊਆਂ, ਘੋੜਿਆਂ ਅਤੇ ਕਮਜ਼ੋਰ ਆਦਮੀਆਂ ਨੂੰ ਨਾ ਮਾਰ ਸਕੇ। ਮਾਸ ਖਾਣ ਵਾਲਿਆਂ ਖਿਲਾਫ ਅਥਰਵ ਵੇਦ ਵਿਚ ਰਾਜੇ ਨੂੰ ਸਲਾਹ ਦਿੱਤੀ ਗਈ ਹੈ,

"ਹੇ ਰਾਜਨ ! ਜੇ ਤੇਰੇ ਰਾਜ ਵਿੱਚ ਮਾਸ ਖਾਣ, ਲਹੂ ਵਾਹੁਣ ਵਾਲੇ ਅਤੇ ਦੂਜਿਆਂ ਦੇ ਹਿਰਦੇ ਦੁਖੀ ਕਰਨ ਵਾਲੇ ਰਾਖਸ਼ ਹਨ, ਜੇ ਤੂੰ ਤੇਜਵਾਨ, ਬੁੱਧੀਵਾਨ ਤੇ ਸ਼ੀਲ ਸੁਭਾਵ ਹੈ ਤਾਂ ਇਹਨਾਂ ਨੂੰ ਆਪਣੇ ਤੇਜ਼ ਬਜ਼ਰ ਨਾਲ ਮਾਰ ਕੇ ਸਿਰ ਕੱਟ ਦੇ, ਜਿਸ

Sri Satguru Jagjit Singh Ji Elibrary NamdhariElibrary@gmail.com

ਕਰਕੇ ਇਹ (ਹੋਰਨਾਂ ਨੂੰ) ਦੁਖ, ਦੇਣ ਵਾਲੇ ਸੰਸਾਰ ਵਿਚ ਦੁਖ ਨਾ ਫੈਲਾ ਸਕਣ।"
(ਸਿੱਖ ਧਰਮ ਤੇ ਮਾਸ)

ਨਾਮਧਾਰੀ ਲਹਿਰ ਤਾਂ ਸਮੁੱਚੇ ਤੌਰ 'ਤੇ ਅਹਿੰਸਾਵਾਦੀ ਸੀ। ਕੀੜੀ ਤੇ ਸੱਪ ਨੂੰ ਮਾਰਨਾ ਵੀ ਪਾਪ ਸੀ। ਜੇ ਅਚਾਨਕ ਕਿਸੇ ਨਾਮਧਾਰੀ ਸਿੱਖ ਕੋਲੋਂ ਕੋਈ ਜੀਵ ਘਾਤ ਹੋ ਜਾਂਦਾ ਤਾਂ ਉਹ ਉਸ ਦਾ ਪਸ਼ਚਾਤਾਪ ਕਰਦਾ, ਉਸ ਨਮਿਤ ਮਾਲਾ ਫੇਰਦਾ, ਪਾਠ ਕਰਦਾ। ਉਹ ਜੀਵ ਹੱਤਿਆਰਿਆਂ ਖ਼ਾਸ ਕਰਕੇ ਗਊ-ਬਧ ਕਰਨ ਵਾਲਿਆਂ ਨੂੰ ਸੋਧਣ ਸੰਬੰਧੀ ਅਕਾਲ ਪੁਰਖ ਅੱਗੇ ਅਰਦਾਸ ਕਰਦਾ:

— ਯਹੀ ਆਸ ਪੂਰਨ ਕਰਹੁ ਤੁਮ ਹਮਾਰੀ ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ ॥ (ਉਗ੍ਰਦੰਤੀ)

ਭਾਵੇਂ ਗਊ ਘਾਤਕਾਂ ਨੂੰ ਸੋਧਣ ਲਈ ਉਸ ਨੂੰ ਵੀ ਹਥਿਆਰ ਚੁੱਕਣੇ ਪਏ, ਪਰ ਉਸ ਨੇ ਇਸ ਦਾ ਅੰਤ ਆਪਣਾ ਸੀਸ ਦੇ ਕੇ ਕੀਤਾ। ਇਹ ਸੀਸ ਇੱਕ ਨੇ, ਦੋ ਨੇ ਨਹੀਂ 80 ਤੋਂ ਵਧ ਸਿੱਖਾਂ ਨੇ ਦਿੱਤੇ।

ਸਤਿਗੁਰੂ ਜੀ ਨੇ, ਉਸ ਨੂੰ ਸਮੁੱਚੇ ਤੌਰ 'ਤੇ ਸਹਿਨਸ਼ੀਲ ਰਹਿਣ ਦਾ ਉਪਦੇਸ਼ ਦਿੱਤਾ। ਭਗਤ ਫਰੀਦ ਜੀ ਤਾਂ ਸਹਿਨਸ਼ੀਲ ਰਹਿਣ ਬਾਰੇ ਏਥੋਂ ਤੱਕ ਲਿਖਦੇ ਹਨ:

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ:

ਖਿਮਾ ਕਰਨੀ ਬੋਲੁ ਕਬੋਲੁ ਸਹਿ ਜਾਣਾ ਸਭ ਦਾ। ਜੇ ਕੋਈ ਮਾਰੇ ਕੁਛ ਤਾਂ ਭੀ ਖਿਮਾ ਕਰਨੀ ਤੁਸਾਂ ਦਾ ਰੱਛਕ ਗੁਰੂ ਹੈ। (ਰਹਿਤਨਾਮਾ)

ਸਹਿਨਸ਼ੀਲਤਾ ਦਾ ਸੰਚਾਰ ਸਹਿਜੇ ਨਹੀਂ ਹੁੰਦਾ। ਇਹ ਤਾਂ ਹੀ ਸੰਭਵ ਹੈ ਜੇ ਅੰਦਰੋਂ ਹਉਮੈ ਦਾ ਕੰਡਾ ਨਿਕਲੇ। ਹੰਕਾਰ ਦਾ ਨਾਸ ਹੋਵੇ, ਕਰੋਧ ਨਾ ਆਵੇ। ਨਿਰਮਤਾ ਉਸ ਅੰਦਰ ਹੁੰਦੀ ਹੈ ਜਿਸ ਨੇ ਪੰਜਾਂ ਦੂਤਾਂ ਨੂੰ ਵੱਸ ਵਿਚ ਕੀਤਾ ਹੋਵੇ। ਉਹ ਵੱਸ ਵਿਚ ਤਾਂ ਹੁੰਦੇ ਹਨ ਜੇ ਭਜਨ ਬੰਦਗੀ ਕਰੀਏ। ਭਜਨ ਬੰਦਗੀ ਕਰਕੇ ਪੰਜਾਂ ਤੋਂ ਮੁਕਤੀ ਪ੍ਰਾਪਤ ਕਰਨ ਦੀ ਜਾਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੱਸੀ ਜਿਸਦੇ ਸਿੱਟੇ ਵਜੋਂ ਅੰਤਰ ਆਤਮਾ ਸ਼ੁੱਧ ਹੋ ਗਿਆ, ਕੋਈ ਲੋਭ ਲਾਲਚ ਰਿਹਾ ਹੀ ਨਹੀਂ ਅਤੇ ਮੋਹ ਪੈ ਗਿਆ ਪਰ ਪਰਵਾਰ ਦੀ ਥਾਂ ਦੇਸ ਨਾਲ। ਦੇਸ ਲਈ ਆਪਾ ਘੋਲ ਘੁਮਾਉਣ ਦਾ ਜਜ਼ਬਾ ਪੈਦਾ ਹੋ ਗਿਆ।

ਦੇਸ-ਭਗਤੀ ਦੇ ਜਜ਼ਬੇ ਨੂੰ ਦਬਾਉਣ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ; ਸਤਿਗੁਰੂ ਜੀ ਤੇ ਮੁਖ ਸੂਬਿਆਂ ਨੂੰ ਜਲਾਵਤਨ ਕੀਤਾ ਤੇ ਸ੍ਰੀ ਭੈਣੀ ਸਾਹਿਬ ਪੁਲਿਸ ਚੌਕੀ ਬਿਠਾਈ ਰੱਖੀ, ਅੱਧੀ ਸਦੀ ਤੱਕ।

Sri Satguru Jagjit Singh Ji Elibrary NamdhariElibrary@gmail.com

ਇਸ ਸਮੇਂ ਵਿੱਚ ਦੇਸ ਵਿੱਚ ਅਜ਼ਾਦੀ ਲਈ ਗਰਮ-ਦਲ ਤੇ ਨਰਮ-ਦਲ ਪੈਦਾ ਹੋਏ। ਉਹ ਹਿੰਸਕ ਜਾਂ ਅਹਿੰਸਕ ਤਰੀਕੇ ਨਾਲ ਦੇਸ ਅਜ਼ਾਦ ਕਰਾਉਣ ਲਈ ਜੂਝਣ ਲੱਗੇ। ਕਾਂਗਰਸ ਨੇ ਦੇਸ-ਭਗਤੀ ਦਾ ਰਾਹ ਫੜਿਆ। ਮਹਾਤਮਾ ਗਾਂਧੀ ਨੇ ਕਾਂਗਰਸ ਦੀ ਵਾਗਡੋਰ ਸੰਭਾਲੀ ਅਤੇ ਸਰਕਾਰ ਪ੍ਰਤੀ ਨਾਮਿਲਵਰਤਣ, ਅਹਿੰਸਾ ਤੇ ਸੁਦੇਸ਼ੀ ਦੇ ਸਿਧਾਂਤਾਂ ਨੂੰ ਅਪਣਾਇਆ। ਪੌਣੀ ਸਦੀ ਪਹਿਲਾਂ ਨਾਮਧਾਰੀ ਸਿੱਖਾਂ ਦੁਆਰਾ ਲਾਗੂ ਕੀਤੇ ਗਏ ਇਹਨਾਂ ਸਿਧਾਂਤਾਂ ਨੂੰ ਫਿਰ ਅਮਲੀ ਰੂਪ ਦੇਣ ਵਾਲੀ ਕਾਂਗਰਸ ਨਾਲ ਨਾਮਧਾਰੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਤੁਰਨ ਲੱਗੇ। ਭਾਵੇਂ ਸਿੱਖੀ ਦੇ ਠੇਕੇਦਾਰਾਂ ਵੱਲੋਂ 1929 ਵਿਚ ਲਾਹੌਰ ਵਿਚ ਐਲਾਨ ਕਰ ਦਿੱਤਾ ਗਿਆ ਕਿ ਕਾਂਗਰਸ ਦੇ ਜਲਸੇ ਵਿਚ ਜਾਣ ਵਾਲਾ ਸਿੱਖ ਨਹੀ ਫਿਰ ਵੀ ਨਾਮਧਾਰੀ ਤੇ ਹੋਰ ਦੇਸ-ਭਗਤ ਸਿੱਖ ਵਧ ਚੜ੍ਹ ਕੇ ਅੱਗੇ ਆਏ। ਸਤਿਗੁਰੂ ਜੀ ਨੇ ਜਲੂਸ ਲਈ ਘੋੜਿਆਂ ਦਾ ਪ੍ਰਬੰਧ ਕੀਤਾ, ਮਾਤਾ ਜੀਵਨ ਕੌਰ ਜੀ ਹੱਥੀਂ ਅਟੁੱਟਲੰਗਰ ਲੁਆਇਆ।

ਸੁਤੰਤਰਤਾ ਲਈ ਸੰਘਰਸ਼ ਅੱਗੇ ਵਧਿਆ, ਅਜ਼ਾਦੀ ਦੇ ਦਿਵਾਨੇ, ਰਾਜਸੀ ਹਿੰਸਾ ਦਾ ਸ਼ਿਕਾਰ ਹੁੰਦੇ ਰਹੇ। ਉਹਨਾਂ ਨੇ ਲਾਠੀਆਂ, ਗੋਲੀਆਂ ਦੀ ਮਾਰ ਸਹੀ, ਜੇਲ੍ਹਾਂ ਭੁਗਤੀਆਂ ਪਰ ਦੇਸ ਨੂੰ ਅਜ਼ਾਦ ਕਰਾ ਕੇ ਹੀ ਦਮ ਲਿਆ।

ਅਜ਼ਾਦੀ ਪਿੱਛੋਂ ਦੇਸ ਦੇ ਇਤਿਹਾਸ ਨੂੰ ਇਸ ਤਰ੍ਹਾਂ ਪੜ੍ਹਾਉਣ ਦੀ ਲੋੜ ਸਮਝੀ ਜਾਣ ਲੱਗੀ ਕਿ ਆਪਣਾ ਪਿਛੋਕੜ ਉਜਾਗਰ ਹੋਵੇ। ਭਾਰਤੀ ਆਪਣੇ ਵਰਤਮਾਨ ਨੂੰ ਅਮੀਰ ਵਿਰਸੇ ਨਾਲ ਜੋੜ ਕੇ ਵੇਖਣ। ਉਹਨਾਂ ਅੰਦਰ ਸੁਦੇਸ਼ੀ, ਅਹਿੰਸਾ ਤੇ ਸਹਿਨਸ਼ੀਲਤਾ ਨੂੰ ਅਪਣਾਈ ਰੱਖਣ ਦੀ ਭਾਵਨਾ ਪ੍ਰਫੁਲਤ ਹੁੰਦੀ ਰਹੇ।

Sri Satguru Jagjit SIngh Ji Elibrary NamdhariElibrary@gmail.com

ਗੁਰਸਿੱਖੀ ਦੇ ਰਾਜਦੂਤ

ਗੁਰਸਿੱਖੀ ਦੀਆਂ ਜੜ੍ਹਾਂ ਭਾਰਤੀ ਪਰੰਪਰਾ ਅਨੁਸਾਰ ਗੁਰੂ ਤੇ ਸਿੱਖ ਦੇ ਸੰਬੰਧਾਂ ਵਿੱਚ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ, ਇਹ ਸੰਬੰਧ ਗੁਰਗੱਦੀ ਉਤੇ ਬਿਰਾਜਮਾਨ ਸਤਿਗੁਰੂ ਸਾਹਿਬਾਨ ਸਮੇਂ ਸਮੇਂ ਦ੍ਰਿੜਾਉਂਦੇ ਰਹੇ ਹਨ ਅਤੇ ਸਿੱਖਾਂ ਨੂੰ ਸੁਖੀ ਸੁਹੇਲੇ ਮਾਰਗ ਦਰਸਾਉਂਦੇ ਰਹੇ ਹਨ।

ਗੁਰਸਿੱਖੀ ਦਾ ਕੇਂਦਰ ਭਾਰਤ ਹੈ। ਸਮੇਂ ਸਮੇਂ ਬਹੁਤ ਸਾਰੇ ਸਿੱਖ ਰੋਜ਼ਗਾਰ ਦੀ ਭਾਲ ਵਿੱਚ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਦੇਸ-ਵਿਦੇਸ ਵਿੱਚ ਜਾਂਦੇ ਰਹੇ। ਵਰਤਮਾਨ ਯੁਗ ਵਿੱਚ ਪਹਿਲੇ ਸਮੇਂ ਨਾਲੋਂ ਵਿਸ਼ਵ ਪੱਧਰ 'ਤੇ ਚੰਗੇਰੇ ਰੋਜ਼ਗਾਰ ਦੀ ਭਾਲ ਕਰਨੀ ਅਸਾਨ ਹੈ। ਇਸ ਕਰਕੇ ਹਰ ਨਵੇਂ ਸੂਰਜ ਹਵਾਈ ਜਹਾਜ਼, ਕਿੱਤੇ ਦੀ ਭਾਲ ਦੇ ਢੂੰਡਾਊ ਲੋਕਾਂ ਨੂੰ ਇੱਕ ਦੇਸ 'ਚੋਂ ਦੂਜੇ ਦੇਸ ਵਿੱਚ ਲੈ ਕੇ ਜਾਂਦੇ ਹਨ। ਇਹਨਾਂ ਵਿਚ ਸਿੱਖ ਵੀ ਹੁੰਦੇ ਹਨ। ਇਹਨਾਂ ਨੇ ਬਗਾਨੇ ਦੇਸ ਵਿੱਚ ਜਾ ਕੇ ਆਪਣੀ ਮਿਹਨਤ ਮੁਸ਼ੱਕਤ ਨਾਲ ਆਪਣੇ ਪੈਰ ਜਮਾਉਣੇ ਹੁੰਦੇ ਹਨ ਅਤੇ ਆਪਣੇ ਆਚਾਰ ਵਿਹਾਰ ਨਾਲ ਆਪਣੀ ਪਛਾਣ ਕਾਇਮ ਕਰਨੀ ਹੁੰਦੀ ਹੈ।

ਕਈ ਸਿੱਖ ਪਰਵਾਰ ਕਈ ਕਈ ਪੀੜ੍ਹੀਆਂ ਤੋਂ ਆਪਣੇ ਮੁੱਢ-ਮੂਲ ਤੋਂ ਦੂਰ ਵੱਸੇ ਹੋਏ ਹਨ। ਕਈਆਂ ਨੇ ਉਥੋਂ ਦੀ ਨਾਗਰਿਕਤਾ ਲੈ ਲਈ ਹੈ, ਭਾਸ਼ਾ ਵਿਚ ਮੁਹਾਰਤ ਹਾਸਲ ਕਰ ਲਈ ਹੈ ਅਤੇ ਉਥੋਂ ਦੀ ਜੀਵਨ ਪੱਧਤੀ ਦੇ ਧਾਰਨੀ ਬਣਦੇ ਜਾ ਰਹੇ ਹਨ, ਫਿਰ ਵੀ ਉਹਨਾਂ ਨੂੰ ਭਾਰਤੀ ਮੂਲ ਦੇ ਨਾਗਰਿਕ ਹੀ ਸਮਝਿਆ ਜਾਂਦਾ ਹੈ। ਉਹ ਦੇਸ ਉਹਨਾਂ ਦਾ ਆਪਣਾ ਦੇਸ ਨਹੀਂ ਸਮਝਿਆ ਜਾਂਦਾ ਹੈ। ਉਹ ਆਪਣੇ ਮਨ ਹੀ ਮਨ, ਮੋਹ ਪਿਆਰ, ਮਾਣ-ਸਤਿਕਾਰ ਲਈ ਆਪਣੀ ਮਿੱਟੀ ਦੀ ਮਹਿਕ ਨੂੰ ਤਰਸਦੇ ਰਹਿੰਦੇ ਹਨ।

ਉਸ ਦੇਸ ਵਿਚ ਸਿੱਖਾਂ ਦੀ ਆਪਣੀ ਸ਼ਖ਼ਸੀ ਪਛਾਣ ਹੈ। ਉਹ ਉਸ ਦੇਸ ਵਿੱਚ ਸਿੱਖ ਦੇ ਪ੍ਰਤੀਕ ਮੰਨੇ ਜਾਂਦੇ ਹਨ। ਏਥੇ ਬੈਠੇ ਗੁਰਸਿੱਖ ਵੀ ਉਹਨਾਂ ਤੋਂ ਆਸ ਕਰਦੇ ਹਨ ਕਿ ਹਰ ਸਿੱਖ ਆਪਣੇ ਕੰਮਾਂ, ਵਿਹਾਰਾਂ ਉਤੇ ਬੈਠਾ ਇੱਕ ਗੁਰਸਿੱਖ ਵਾਲੀ ਆਪਣੀ ਪਛਾਣ ਕਾਇਮ ਰੱਖੇ। ਉਸ ਨੂੰ ਵੇਖ ਕੇ, ਉਸ ਦੇ ਵਿਹਾਰ ਵੱਲ ਧਿਆਨ ਕਰਕੇ, ਉਸਦੀ ਕੰਮ ਕਰਨ ਦੀ ਸ਼ਕਤੀ ਬਾਰੇ ਸੋਚ ਕੇ ਅਤੇ ਉਸਦੇ ਸਦਾਚਾਰ ਨੂੰ ਸਮਝ ਕੇ ਇਹ ਸਮਝਿਆ ਜਾਏ ਕਿ ਉਹ ਐਸੇ ਸੱਚੇ ਸੁੱਚੇ ਸਿੱਖ ਹਨ ਜਿਹਨਾਂ ਸਿੱਖੀ ਦੀ ਮਿਸਾਲ ਕਾਇਮ ਕੀਤੀ ਹੈ।

ਪਿੱਛੇ ਜਿਹੇ ਇਕ ਮਿੱਤਰ ਨੇ ਦੱਸਿਆ ਕਿ ਉਸਦਾ ਪੁੱਤਰ ਅਸਟ੍ਰੇਲੀਆ ਵਿੱਚ

Sri Satguru Jagjit Singh Ji Elibrary NamdhariElibrary@gmail.com

ਇੰਜੀਨੀਅਰ ਹੈ। ਉਸ ਨੂੰ ਉਸ ਦੇ ਮਿੱਤਰ ਨੇ ਇਹ ਹਦਾਇਤ ਦੇ ਕੇ ਤੋਰਿਆ ਸੀ ਕਿ ਤੂੰ ਉਥੇ ਸਿੱਖੀ ਦਾ ਅੰਬੈਸਡਰ ਬਣ ਕੇ ਰਹਿਣਾ ਹੈ; ਤੇਰੇ ਸਿੱਖ ਹੋਣ 'ਤੇ ਮਾਣ ਕੀਤਾ ਜਾ ਸਕੇ।

ਸਿੱਖੀ ਦੀ ਬਾਹਰੀ ਪਛਾਣ ਕੇਸ ਦਾੜ੍ਹੀ ਤੇ ਪੱਗ ਨਾਲ ਹੈ। ਕਿਤੇ ਵਿਚਰਦਾ ਕੋਈ ਮਨੁੱਖ ਜੇ ਦਾੜ੍ਹੀ ਨਹੀ ਰੱਖਦਾ, ਕੇਸ ਮੁਨਾ ਲੈਂਦਾ ਹੈ, ਪੱਗ ਨੂੰ ਖੂੰਜੇ ਸੁੱਟ ਛੱਡਦਾ ਹੈ ਤਾਂ ਉਸ ਨੂੰ ਕੋਈ ਸਿੱਖ ਨਹੀਂ ਸਮਝੇਗਾ। ਜੇ ਕਿਸੇ ਨਾਲ ਆਪਣੀ ਜਾਣ ਪਛਾਣ ਕਰਾਉਣ ਵੇਲੇ ਐਸਾ ਵਿਅਕਤੀ ਆਪਣੇ ਆਪ ਨੂੰ ਕਿਸੇ ਉਚੇ ਸੁੱਚੇ ਸਿੱਖ ਦਾ ਪੁੱਤ-ਭਾਈ ਆਖਣਾ ਚਾਹੇ ਤਾਂ ਉਸਦਾ ਨਾਂ ਲਿਆਂ ਕੇਸ ਦਾੜ੍ਹੀ ਨਾ ਰੱਖਣ ਵਾਲੇ ਦੀ ਸ਼ਾਨ ਤਾਂ ਨਹੀ ਰਹਿਣੀ ਸਗੋ ਕੇਸ ਦਾੜ੍ਹੀ ਰੱਖਣ ਵਾਲੇ ਦੀ ਇੱਜ਼ਤ ਨੂੰ ਕੁਝ ਵੱਟਾ ਲੱਗੇਗਾ।

ਸਿੱਖਾਂ ਵਿਚ ਖਾਧ ਖੁਰਾਕ ਦੇ ਨਾਂ 'ਤੇ ਵੀ ਲੋਕਾਂ ਦੀਆਂ ਕੁਝ ਆਪਣੀਆਂ ਹੀ ਧਾਰਨਾਵਾਂ ਬਣ ਗਈਆਂ ਹਨ। ਇਕ ਵਾਰੀ ਕਿਸੇ ਥਾਂ 'ਤੇ ਦੁਪਹਿਰ ਦਾ ਖਾਣਾ ਖਾਣ ਬੈਠਿਆਂ ਕੁਝ ਸਿੱਖ ਇਸਤਰੀ-ਪੁਰਸ਼ਾਂ ਨੇ ਆਪਣੇ ਰੋਟੀ ਵਾਲੇ ਡੱਬੇ ਖੋਲ੍ਹ ਲਏ। ਮੈਂ ਉਹਨਾਂ ਨਾਲ ਰੋਟੀ ਨਾ ਖਾਣ ਦਾ ਇੱਕ ਵਿਸ਼ੇਸ਼ ਕਾਰਨ ਇਹ ਵੀ ਦੱਸਿਆ ਕਿ ਉਹਨਾਂ ਦੀ ਰੋਟੀ ਵਿੱਚ ਮਾਸ ਆਂਡੇ ਹਨ ਅਤੇ ਸੁੱਚ ਪਵਿੱਤਰਤਾ ਨਹੀਂ। ਇਸ ਦੇ ਜਵਾਬ ਵਿਚ ਸਹਿਜੇ ਹੀ ਉਹਨਾਂ ਵਿਚੋਂ ਇੱਕ ਨੇ ਕਿਹਾ, "ਤੁਸੀ, ਸਿੱਖ ਹੋ ਕੇ ਆਂਡੇ ਮਾਸ ਨਹੀ ਖਾਂਦੇ ?" ਜਿਵੇਂ ਕਿ ਆਂਡੇ ਮਾਸ ਖਾਣਾ ਸਿੱਖੀ ਦਾ ਪਹਿਲਾ ਅਸੂਲ ਹੋਵੇ। ਕਸੂਰ ਉਹਨਾਂ ਨਾਲੋਂ ਉਸ ਵਾਤਾਵਰਨ ਦਾ ਜ਼ਿਆਦਾ ਹੈ। ਜਿਸ ਨੇ ਸਿੱਖੀ ਨੂੰ ਸੁੱਚ ਪਵਿੱਤਰਤਾ ਤੋਂ ਦੂਰ ਹੋਣ ਦਾ ਪ੍ਰਚਾਰ ਕਰ ਦਿੱਤਾ ਹੈ। ਜਿਸ ਕਰਕੇ ਗ਼ੈਰਸਿੱਖਾਂ ਵਿੱਚ ਵੀ ਇਹ ਧਾਰਨਾ ਬਣਦੀ ਜਾ ਰਹੀ ਹੈ ਕਿ ਸਿੱਖ ਹੋਣ ਦਾ ਮਤਲਬ ਨਸ਼ਈ, ਵਿਸ਼ਈ ਤੇ ਮਾਸਾਹਾਰੀ ਹੋਣਾ ਹੈ ਜਦੋਂ ਕਿ ਸਿੱਖੀ ਵਿੱਚ ਇਸਦਾ ਕੋਈ ਥਾਂ ਨਹੀਂ। ਸਤਿਗੁਰੂ ਸਾਹਿਬਾਨ ਨੇ ਇਹਨਾਂ ਦੀ ਵਰਤੋਂ ਤੋਂ ਸਾਨੂੰ ਸਦਾ ਵਰਜਿਆ ਹੈ।.

ਇੱਕ ਪਾਸੇ ਵਿਦੇਸ ਬੈਠੇ ਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਸਿੱਖੀ ਰਹਿਤ ਮਰਯਾਦਾ ਅਨੁਸਾਰ ਰਹੇ। ਉਹ ਆਪਣਾ ਖਾਣਾ ਬਾਣਾ ਠੀਕ ਰੱਖੇ। ਦੂਜੇ ਪਾਸੇ ਉਸ ਨੂੰ ਆਪਣੇ ਅਮੀਰ ਪਿਛੋਕੜ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਸਾਡੀ ਦ੍ਰਿੜਤਾ ਸਾਨੂੰ ਦੂਜਿਆਂ ਦੀਆਂ ਨਜ਼ਰਾਂ ਵਿੱਚ ਹੋਰ ਚੰਗੇਰਾ ਸਾਬਤ ਕਰੇਗੀ।

ਥਾਈਲੈਂਡ ਵਿਚ ਕਾਫ਼ੀ ਸਮੇਂ ਤੋਂ ਨਾਮਧਾਰੀ ਸਿੱਖ ਵੀ ਵੱਸਦੇ ਹਨ। ਉਹਨਾਂ ਦਾ ਪਛਾਣ ਚਿੰਨ੍ਹ ਸਿੱਧੀ ਦਸਤਾਰ ਅਤੇ ਨਾਮਧਾਰੀ ਕਾਟ ਦੇ ਬਸਤਰ ਹਨ। ਇਹ ਭਜਨ ਬੰਦਗੀ ਕਰਦੇ ਹਨ ਅਤੇ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹਨ। ਪਹਿਲਾਂ ਉਹਨਾਂ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਵਿਚ ਰਹਿਣਾ ਸੁਖਦਾਇਕ ਸੀ, ਆਪ ਜੀ ਤੋਂ ਪਿੱਛੋਂ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੇ ਭੌਰੇ ਹਨ। ਵਿਹਾਰ ਦੇ ਪੱਖੋ ਉਹਨਾਂ ਦੀ ਪਛਾਣ ਸੇਠਾਂ ਵਿਚ ਹੈ। ਉਹਨਾਂ ਨੇ ਕਿਵੇਂ ਮਿਹਨਤ ਕਰਕੇ ਆਪਣੀ ਥਾਂ ਬਣਾਈ ਬਾਰੇ ਸਿੱਖੀ ਮਹਾਨ ਦੇ ਲੇਖਕ ਸਰੂਪ

Sri Satguru Jagjit Singh Ji Elibrary NamdhariElibrary@gmail.com

ਸਿੰਘ ਅਲੱਗ ਨੇ ਪੰਜਾਬੀਆਂ ਤੇ ਸਿੱਖਾਂ ਬਾਰੇ ਲਿਖਦਿਆਂ ਕਲਮਬੰਦ ਕੀਤਾ ਹੈ :

"ਪੰਜਾਬੀ ਅਤੇ ਵਿਸ਼ੇਸ਼ ਕਰਕੇ ਸਿੱਖ ਜਿੱਥੇ ਜਿੱਥੇ ਵੀ ਗਏ ਹਨ ਉਹਨਾਂ ਨੇ ਆਪਣੀ ਮਿਹਨਤ, ਮੁਸ਼ੱਕਤ, ਇਮਾਨਦਾਰੀ, ਉਦਮਸ਼ੀਲਤਾ ਤੇ ਹਿੰਮਤ ਨਾਲ ਉਥੇ ਨਾਮਣਾ ਖੱਟਿਆ ਹੈ। ਅਫ਼ਰੀਕਾ, ਏਸ਼ੀਆ, ਯੂਰਪ ਤੇ ਅਮਰੀਕਾ ਮਹਾਂਦੀਪ ਦੇ ਲਗਪਗ ਸਾਰਿਆਂ ਦੇਸਾਂ ਵਿੱਚ ਸਿੱਖ ਅੱਜ ਤੋਂ ਸੌ ਸੌ ਸਾਲ ਪਹਿਲੇ ਦੇ ਆਬਾਦ ਹਨ। ਅਤੇ ਏਸੇ ਸਮੇਂ ਦੀ ਵਿੱਥ ਨੇ ਵੀ ਇਹਨਾਂ ਨੂੰ ਆਪਣੇ ਮੂਲ ਸਰੋਤ ਨਾਲ ਬਹੁਤ ਨੇੜਲੇ ਰੂਪ ਵਿਚ ਜੋੜਿਆ ਹੋਇਆ ਹੈ। ਥਾਈਲੈਂਡ ਇੱਕ ਐਸਾ ਦੇਸ ਹੈ ਜਿਥੇ ਨਾਮਧਾਰੀ ਸਿੱਖ ਬਹੁਤ ਗਿਣਤੀ ਵਿਚ ਵੱਸੇ ਹੋਏ ਹਨ। ਬਾਕੀ ਸਿੱਖ ਤਾਂ ਸ਼ਾਇਦ ਬਾਹਰਲੇ ਦੇਸਾਂ ਵਿਚ ਜਾ ਕੇ ਉਥੇ ਦੇ ਜਾਂ ਪੱਛਮੀ ਪਹਿਰਾਵੇ ਦੇ ਸ਼ੌਕੀਨ ਹੋ ਜਾਣ ਪਰ ਨਾਮਧਾਰੀ ਸਿੰਘਾਂ ਨੇ ਥਾਈਲੈਂਡ ਵਿੱਚ ਆਪਣੇ ਪਹਿਰਾਵੇ, ਆਪਣੇ ਸਭਿਆਚਾਰ ਤੇ ਰਹੁ-ਰੀਤੀ ਨੂੰ ਬਹੁਤ ਉੱਤਮ ਢੰਗ ਨਾਲ ਪਕੜਿਆ ਹੋਇਆ ਹੈ। ਉਥੇ ਦੀ ਸੁਸਾਇਟੀ ਵਿਚ ਆਪਣੇ ਵਪਾਰ ਸਦਕਾ ਇਹਨਾਂ ਦਾ ਬੜਾ ਉੱਚਾ ਸੁੱਚਾ ਨਾਂ ਹੈ ਪਰ ਜ਼ਿੰਦਗੀ ਦੀ ਸਾਦਗੀ ਇਹਨਾਂ ਦਾ ਉਹ ਅਣਮੋਲ ਗੁਣ ਹੈ ਜਿਸ ਨੂੰ ਹਰ ਪ੍ਰਕਾਰ ਦੀ ਚਮਕ ਦਮਕ ਇਹਨਾਂ ਤੋਂ ਖੋਹ ਨਹੀਂ ਸਕੀ। ਇਹਨਾਂ ਦੀ ਨਵੇਕਲੀ ਪਰ ਧੁਰਕਸ਼ਿਸ਼ ਔੜਨੀ ਇਹਨਾਂ ਨੂੰ ਸਭ ਨਾਲੋ ਵਖਰਿਆਉਂਦੀ ਹੈ ਤੇ ਨਿਰਾਲਾ ਸਿੱਖ ਹੋਣ ਦਾ ਮਾਣ ਬਖਸ਼ਦੀ ਹੈ।"

ਇਹ ਨਿਰਾਲੇ ਸਿੱਖ ਪਹਿਲੇ ਤਾਂ ਥਾਈਲੈਂਡ ਅਤੇ ਕੇਨੀਆਂ ਵਿੱਚ ਹੀ ਵੱਸੇ ਹੋਏ ਸਨ ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਸ਼ੀਰਵਾਦ ਨਾਲ ਇਹ ਹੋਰ ਦੇਸਾਂ ਵਿੱਚ ਵੀ ਫੈਲੇ ਹਨ, ਜਿਨ੍ਹਾਂ ਵਿਚੋਂ ਅਸਟ੍ਰੇਲੀਆ, ਕਨੇਡਾ, ਡੈਨਮਾਰਕ, ਫਰਾਂਸ, ਹਾਂਗ ਕਾਂਗ, ਇਰਾਨ, ਕਵੈਤ, ਮਲੇਸ਼ੀਆ, ਸਵੀਡਨ, ਤਨਜ਼ਾਨੀਆ, ਬਰਤਾਨੀਆ, ਯੂਨਾਈਟਡ ਅਰਬ-ਐਮੀਰਾਤ, ਸੰਯੁਕਤ ਰਾਸ਼ਟਰ ਅਮਰੀਕਾ, ਜਰਮਨੀ, ਆਸਟਰੀਆ ਆਦਿ ਪ੍ਰਮੁੱਖ ਹਨ। ਇਹਨਾਂ ਗੁਰਸਿੱਖਾਂ ਦੀ ਪਛਾਣ ਸਤਿਗੁਰੂ ਦੇ ਦਰਸਾਏ ਮਾਰਗ ਉਤੇ ਚੱਲਣ ਕਰਕੇ ਹੀ ਹੈ। ਇਹਨਾਂ ਦੇ ਨਿੱਤ ਦੇ ਵਿਹਾਰ ਨੂੰ ਵੇਖ ਸਮਝ ਕੇ ਇਹ ਧਾਰਨਾ ਬਣਦੀ ਹੈ ਕਿ ਸਿੱਖ ਪੂਰਨ ਸ਼ਾਕਾਹਾਰੀ, ਜੀਵ ਜੰਤੂਆਂ ਦੇ ਰਾਖੇ, ਸੁੱਚ ਪਵਿੱਤਰਤਾ ਵਿਚ ਵਿਸ਼ਵਾਸ ਰੱਖਣ ਵਾਲੇ, ਭਜਨ ਬੰਦਗੀ ਕਰਨ ਵਾਲੇ, ਸੰਸਾਰ ਦੇ ਭੜਕਾਊ ਵਾਤਾਵਰਨ ਤੋਂ ਬੱਚ ਕੇ ਰਹਿਣ ਵਾਲੇ ਦੈਵੀ ਗੁਣਾਂ ਦੇ ਪ੍ਰਤੀਕ, ਵਿਸ਼ਵ-ਸ਼ਾਂਤੀ ਦੇ ਦੂਤ ਹਨ।

ਇਹ ਉਸ ਸਤਿਗੁਰੂ ਦੇ ਵਰੋਸਾਏ ਹੋਏ ਸਿੱਖ ਹਨ ਜਿਹਨਾਂ ਨੇ ਆਪਣੇ ਤਪ ਦੇ ਪ੍ਰਭਾਵ ਨਾਲ ਦੈਵੀ ਸ਼ਕਤੀਆਂ ਨੂੰ ਵੀ ਆਪਣੀ ਇੱਛਾ ਅਨੁਸਾਰ ਤੋਰਿਆ ਹੈ।

1976 ਵਿਚ ਵਾਪਰੀ ਬਰਤਾਨੀਆਂ ਦੀ ਇੱਕ ਘਟਨਾ ਨੇ ਉਥੋਂ ਦੇ ਨਾਮਧਾਰੀਆਂ ਦੀ ਪਛਾਣ ਇਸ ਤਰ੍ਹਾਂ ਦੀ ਬਣਾ ਦਿੱਤੀ ਕਿ ਲੋਕ ਇਹ ਕਹਿਣ ਲੱਗ ਪਏ ਕਿ ਇਹ ਨਾਮਧਾਰੀ ਉਸ ਸਤਿਗੁਰੂ ਦੇ ਸਿੱਖ ਹਨ ਜਿਨ੍ਹਾਂ ਨੇ ਬਾਰਸ਼ ਪਵਾਈ ਸੀ। ਘਟਨਾ ਇਸ ਤਰ੍ਹਾਂ ਹੈ ਕਿ ਬਾਰਸ਼ ਦਾ ਦੇਵਤਾ ਗੋਰਿਆਂ ਨਾਲ ਰੁੱਸ ਗਿਆ। ਜਿਸ ਕਰਕੇ

Sri Satguru Jagjit Singh Ji Elibrary NamdhariElibrary@gmail.com

ਲੋਕਾਂ ਨੂੰ ਪਾਣੀ ਦੀ ਕਮੀ ਮਹਿਸੂਸ ਹੋਈ। ਪਾਣੀ ਦੀ ਕਿੱਲਤ ਐਨੀ ਵੱਧ ਗਈ ਕਿ ਸਰਕਾਰ ਨੇ ਲੋਕਾਂ ਨੂੰ ਕੱਪੜੇ ਧੋੜ ਅਤੇ ਨਹਾਉਣ ਲਈ ਪਾਣੀ ਵਰਤਣ ਤੋਂ ਵੀ ਮਨ੍ਹਾਂ ਕਰ ਦਿੱਤਾ। ਪਾਣੀ ਦੇ ਸੋਮੇ ਸੁੱਕਦੇ ਗਏ। ਬਰਾਸਤ ਦੀ ਕੋਈ ਆਸ ਨਾ ਰਹੀ। ਉਥੋਂ ਦੇ ਹਰ ਧਾਰਮਿਕ ਅਦਾਰੇ ਨੇ ਮੀਂਹ ਪਵਾਉਣ ਲਈ ਅਰਦਾਸਾਂ ਕੀਤੀਆਂ। ਉਹਨਾਂ ਦਿਨਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਇੰਗਲੈਂਡ ਦੀ ਸਾਧ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਸਾਧ ਸੰਗਤ ਨੇ ਪਾਣੀ ਦੀ ਕਿੱਲਤ ਦੂਰ ਕਰਨ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸਾਊਥਾਲ ਦੇ ਇੱਕ ਦਿਵਾਨ ਵਿਚ ਅਰਦਾਸ ਕੀਤੀ ਗਈ। ਐਨਾ ਮੀਂਹ ਪਿਆ ਕਿ ਜਲ ਥਲ ਹੋ ਗਿਆ। ਸਾਰਾ ਵਾਤਾਵਰਣ ਆਪ ਪ੍ਰਤੀ ਖੁਸ਼ੀ ਤੇ ਸਤਿਕਾਰੀ ਭਾਵਨਾ ਨਾਲ ਭਰਪੂਰ ਰਿਹਾ। ਸ਼ਾਹੀ ਘਰਾਣੇ ਤੇ ਵਿਲਾਇਤੀ ਸਰਕਾਰ ਨੇ ਸਤਿਗੁਰੂ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਾਊਥਾਲ ਵਿਚ ਗਜ਼ਟ, ਈਵਨਿੰਗ ਮੇਲ, ਗਾਰਡੀਅਨ, ਨਿਊਜ਼ ਏ ਜੈਂਟ, ਡੇਲੀ ਐਕਸਪਰੈਸ ਆਦਿ ਅਖਬਾਰਾਂ ਨੇ 27 ਜਾਂ 28 ਅਗਸਤ, 1976 ਦੀਆਂ ਖ਼ਬਰਾਂ ਵਿਚ ਸਤਿਗੁਰੂ ਜੀ ਦੀ ਕਿਰਪਾ ਪ੍ਰਤੀ ਕਿਰਤਗਤਾ ਪ੍ਰਗਟ ਕੀਤੀ ਅਤੇ ਇਥੋਂ ਤੱਕ ਲਿਖਿਆ ਕਿ ਸਤਿਗੁਰੂ ਜੀ ਬਾਰਸ਼ ਲਿਆਉਣ ਲਈ ਸਾਊਥਾਲ ਦੇ ਗੁਰਦੁਆਰੇ ਵਿਚ ਆਪਣੇ ਤਪ ਦਾ ਪ੍ਰਭਾਵ ਵਰਤ ਰਹੇ ਸਨ। ਸਿੱਖ ਸੰਗਤ ਵਜ਼ਦ ਵਿੱਚ ਆ ਕੇ ਅਰਦਾਸਾ ਕਰ ਰਹੀ ਹੈ ਤੇ ਤੇ ਇਸ ਤਰ੍ਹਾਂ ਉਹ ਬਾਰਸ਼ ਲਈ ਆਪਣਾ ਸੰਦੇਸ ਪਰਮਾਤਮਾ ਤਕ ਪਹੁੰਚਾਉਣ ਵਿਚ ਸਫਲ ਹੋਈ।

ਬਾਰਸ਼ ਕਰਾਉਣ ਦੇ ਮਾਮਲੇ ਵਿੱਚ ਉਹਨਾਂ ਨੂੰ ਸੌ ਪ੍ਰਤੀਸ਼ਤ ਸਫਲਤਾ ਮਿਲੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇੰਗਲੈਂਡ ਵਿਚ ਸੋਕਾ ਪੈਣ ਕਾਰਨ ਅਰਦਾਸ ਕਰਵਾਈ ਸੀ ਤਾਂ ਹੜ੍ਹ ਆ ਗਏ ਸਨ।

ਸਤਿਗੁਰੂ ਜੀ ਐਸੀ ਕਿਰਪਾ, ਰਜ਼ਾ ਅਨੁਸਾਰ ਕਰਦੇ ਰਹਿੰਦੇ ਹਨ। ਪਰ ਸਿੱਖ ਆਪਣੀ ਰਹਿਤ ਮਰਯਾਦਾ ਵਿੱਚ ਕਾਇਮ ਰਹਿ ਕੇ ਸਦਾ ਵਾਸਤੇ ਗੁਰਸਿੱਖੀ ਦੇ ਰਾਜਦੂਤ ਬਣਕੇ ਆਪਣੀ ਸ਼ਖ਼ਸੀਅਤ ਰਾਹੀਂ ਸਿੱਖੀ ਪ੍ਰਚਾਰ ਪ੍ਰਸਾਰ ਕਰ ਸਕਦੇ ਹਨ। ਇਸ ਲਈ ਜ਼ਰੂਰੀ ਹੈ ਕਿ ਉਹ ਉੱਚਾ ਸੁੱਚਾ ਜੀਵਨ ਜਿਉਣ ਅਤੇ ਆਪਣੇ ਗੌਰਵਮਈ ਇਤਿਹਾਸ ਨੂੰ ਪੜ੍ਹ-ਸਮਝ ਕੇ ਹੋਰਾਂ ਨੂੰ ਸੁਣਾ ਕੇ ਉਜਾਗਰ ਕਰਨ।

Sri Satguru Jagjit Singh Ji Elibrary NamdhariElibrary@gmail.com

ਲੋਕ ਜੀਵਨ ਤੇ ਬੁੱਚੜਖਾਨੇ

ਬੁਚੜਖਾਨੇ ਲੋਕ ਜੀਵਨ ਨੂੰ ਤਬਾਹ ਕਰ ਰਹੇ ਹਨ। ਭਲੇ ਤੇ ਨਿਰਪੱਖ ਵਿਚਾਰਾਂ ਵਾਲੇ ਸੂਝਵਾਨ ਮਨੁੱਖ ਸਮਝਦੇ ਹਨ ਕਿ ਇਸ ਤਬਾਹੀ ਦੇ ਖੱਡੇ ਵਿਚ ਮਨੁੱਖ ਆਪ ਹੀ ਡਿੱਗ ਰਿਹਾ ਹੈ ਸੋ ਉਹ ਉਹਨਾਂ ਨੂੰ ਆਪਣੇ ਪੈਰੀ ਆਪ ਕੁਹਾੜਾ ਮਾਰਨ ਤੋਂ ਸਾਵਧਾਨ ਕਰ ਰਹੇ ਹਨ। ਅਖਬਾਰਾਂ ਵਿੱਚ ਦਿੱਲੀ ਦੇ ਇਹਨਾਂ ਬੁੱਚੜਖਾਨਿਆਂ, ਖ਼ਾਸ ਕਰਕੇ ਈਦਗਾਹ ਦੇ ਬੁੱਚੜਖਾਨੇ ਕਾਰਨ ਹੋ ਰਹੇ ਨੁਕਸਾਨ ਬਾਰੇ ਬੜਾ ਕੁਝ ਲਿਖਿਆ ਗਿਆ।

ਈਦਗਾਹ ਦਾ ਬੁੱਚੜਖਾਨਾ ਇੱਕ ਪਾਸੇ ਇੱਜੜਾਂ ਦੇ ਇੱਜੜ ਤੇ ਵੱਗਾਂ ਦੇ ਵੱਗ ਪਸ਼ੂਆਂ ਦਾ ਘਾਤ ਕਰਕੇ ਬਦਬੂਦਾਰ ਤੇ ਘਿਨਾਉਣਾ ਵਾਤਾਵਰਨ ਪੈਦਾ ਕਰਦਾ ਰਹਿੰਦਾ ਹੈ, ਦੂਜੇ ਪਾਸੇ ਕਾਂ, ਇੱਲਾਂ, ਗਿਰਝਾਂ ਨੂੰ ਮਾਸ ਚੂੰਡਣ ਦਾ ਸੱਦਾ ਦੇਂਦਾ ਹੈ, ਤੀਜੇ ਪਾਸੇ ਪਸ਼ੂਆਂ ਦੇ ਮਲ ਮੂਤਰ ਦੇ ਫੈਲਾਅ ਕਾਰਨ ਗੰਦਗੀ ਫੈਲਾਉਂਦਾ ਹੈ ਜੋ ਬਿਮਾਰੀ ਫੈਲਾਣ ਵਿਚ ਮਾਹਿਰ ਹੁੰਦੀ ਹੈ। ਚੌਥੇ ਪਾਸੇ ਪਸ਼ੂਆਂ ਦੀ ਵਗੀ ਰੱਤ, ਮਿੱਝ ਤੇ ਮਲ-ਮੂਤਰ ਵਗ ਕੇ ਜਮਨਾ ਦੇ ਵਹਾਅ ਵਿਚ ਮਿਲਣ ਨਾਲ ਉਸਦੇ ਪਾਣੀ ਨੂੰ ਵੀ ਵਿਸ਼ੈਲਾ ਬਣਾਉਂਦਾ ਹੈ ਜਿਸ ਦਾ ਸਮੁਚੇ ਜੀਵਨ ਉਤੇ ਦੁਸ਼ਪ੍ਰਭਾਵ ਪੈਂਦਾ ਹੈ।

ਮਾਸ ਦੇ ਸੌਦਾਗਰਾਂ ਨੇ ਪਸ਼ੂਆਂ ਦੀ ਰੱਤ ਤੇ ਹੱਡੀਆਂ ਦੀ ਲਾਹੇਵੰਦੀ ਵਰਤੋਂ ਦਾ ਰਾਹ ਵੀ ਕਢਿਆ ਹੋਇਆ ਹੈ। ਉਹ ਰਾਹ ਹੈ ਇਹਨਾਂ ਦੀ ਦਵਾ ਕੰਪਨੀਆਂ ਰਾਹੀਂ ਟਾਨਿਕਾਂ, ਟੀਕਿਆਂ ਤੇ ਦਵਾਈਆਂ ਵਿਚ ਵਰਤੋਂ। ਸ਼ਮਸ਼ ਤਾਹਿਰ ਖਾਂ ਨੇ ਜਨਸੱਤਾ ਵਿਚ ਲਿਖੇ ਲੇਖ ਵਿਚ ਦਸਿਆ ਹੈ ਕਿ ਬੁੱਚੜਖਾਨਿਆਂ ਵਿਚ ਮਾਰੇ ਜਾਣ ਵਾਲੇ ਪਸ਼ੂਆਂ ਦੀ ਰੱਤ ਦਾ ਹਰ ਕਤਰਾ ਦਵਾ ਕੰਪਨੀਆਂ ਵਾਲੇ ਖ਼ਰੀਦ ਕੇ ਲੈ ਜਾਂਦੇ ਹਨ ਅਤੇ ਇਸ ਖ਼ੂਨ ਨਾਲ ਡੈਕਸੋਰੇਜ਼ ਟਾਨਿਕ ਬਣਦਾ ਹੈ ਜਿਹੜਾ ਗਰਭਵਤੀ ਔਰਤ ਨੂੰ ਤਾਕਤ ਦੇਣ ਲਈ ਦਿੱਤਾ ਜਾਂਦਾ ਹੈ। ਪਰ ਕਸਾਈ ਇਸ ਖ਼ੂਨ ਦੀ ਕਮਾਈ ਨੂੰ ਹਰਾਮ ਦੀ ਕਮਾਈ ਮੰਨਦੇ ਹਨ। ਉਹ ਇਸ ਨੂੰ ਆਪ ਨਹੀ ਵਰਤਦੇ ਸਗੋਂ ਮੁਫ਼ਤ ਦਵਾਖਾਨਾ ਚਲਾਉਣ ਵਿਚ ਵਰਤਦੇ ਹਨ।

ਪਸ਼ੂਆਂ ਦੀਆਂ ਹੱਡੀਆਂ ਲੱਬੇ (ਕਲੇਜੀ ਦੇ ਪਿੱਤੇ ਦਾ ਨਾਲ ਦਾ ਟੁਕੜਾ) ਅਤੇ ਹੋਜੜੀ (ਪਸ਼ੂਆਂ ਦੇ ਢਿੱਡ ਵਿਚ ਖਾਣਾ ਜਮਾ ਕਰਨ ਦੀ ਥੈਲੀ) ਤੇ ਲੀਵਰ ਟੂਥਪੇਸਟ, ਸੁਰੇਸ਼, ਫੈਵੀਕੋਲ, ਚੀਨੀ ਦੇ ਭਾਂਡੇ, ਇਨਸੋਲੀਨ ਟੀਕੇ, ਬਰਨੋਲ ਟਿਯੂਬ, ਪੈਪਟੂਨ ਅਤੇ ਹੋਰ ਦਵਾਈਆਂ ਬਣਾਉਣ ਦੇ ਕੰਮ ਆਉਂਦੇ ਹਨ। ਹਾਲਾਂ ਕਿ ਪਸ਼ੂਆਂ ਦੇ ਬਿਮਾਰ ਤੇ ਗੰਦੇ ਖ਼ੂਨ ਆਦਿ ਨਾਲ ਬਣੀਆਂ ਦਵਾਈਆਂ, ਟੀਕੇ, ਟਾਨਿਕ ਮਨੁੱਖ ਨੂੰ ਫਾਇਦਾ ਪਹੁੰਚਾਉਣ ਦੀ ਥਾਂ ਨੁਕਸਾਨ ਵੱਧ ਪੁਚਾ ਸਕਦੇ ਹਨ। ਪਰ ਵਪਾਰੀ ਮਨੁੱਖ ਸਿਹਤ ਦੀ ਥਾਂ ਸਿਰਫ ਕਮਾਈ ਨੂੰ ਧਿਆਨ ਵਿਚ ਰੱਖ ਕੇ ਇਹ ਸਾਰਾ ਕੁਝ ਕਰਕੇ ਹਨ।

Sri Satguru Jagjit Singh Ji Elibrary NamdhariElibrary@gmail.com

ਦਿੱਲੀ ਵਿਚ ਕੁਝ ਹੋਰ ਬੁੱਚੜਖਾਨਿਆਂ ਦੇ ਵੀ ਗੋਸ਼ਤ ਦੇ ਸੌਦਾਗਰ ਹਨ। ਉਹ ਘਰਾਂ ਵਿਚ ਨਜ਼ਾਇਜ਼ ਬੁੱਚੜਖਾਨੇ ਚਲਾਉਂਦੇ ਹਨ। ਮੱਝਾਂ ਤੱਕ ਦਾ ਘਾਤ ਕਰਦੇ ਹਨ। ਆਮ ਘਰਾਂ ਗਲੀਆਂ ਬਜ਼ਾਰਾਂ ਅੱਗੇ ਮਾਸ ਦੀਆਂ ਦੁਕਾਨਾਂ ਖੋਲ੍ਹੀ ਬੈਠੇ ਹਨ। ਉਥੋਂ ਦੀਆਂ ਨਾਲੀਆਂ ਤੇ ਸ$\because$ਕਾਂ ਤੇ ਵੀ ਖ਼ੂਨ, ਮਾਸ, ਮੂਤਰ ਤੇ ਗੰਦਗੀ ਸਾਫ਼ ਦਿਸਦੀ ਹੈ, ਕਈ ਵਾਰੀ ਤਾਂ ਉਥੋਂ ਨੱਕ ਢੱਕ ਕੇ ਵੀ ਲੰਘਣਾ ਔਖਾ ਹੋ ਜਾਂਦਾ ਹੈ ਪਰ ਪੈਸਾ ਕਮਾਉਣ ਵਿਚ ਲੱਗੇ ਮਾਸ ਦੇ ਵਪਾਰੀ ਮਨੁੱਖ ਜਿੰਦਗੀ ਨਾਲ ਖੇਡਣ ਦੀ ਕਿਉਂ ਪਰਵਾਹ ਕਰਨ ?

ਕੁਝ ਲੋਕ ਇਸ ਸਮੱਸਿਆ ਦਾ ਹਲ ਕੱਢਣ ਲਈ ਸਰਕਾਰ ਦੇ ਮੂੰਹ ਵਲ ਵੇਖਦੇ ਹਨ ਕਿ ਉਹ ਨਜ਼ਾਇਜ਼ ਬੁੱਚੜਖਾਨਿਆਂ ਦੇ ਚਲਾਨ ਕਰੇ, ਗੰਦਗੀ ਨੂੰ ਸੰਭਾਲਣ ਦਾ ਪ੍ਰਬੰਧ ਕਰੇ, ਸਾਫ਼-ਸਫ਼ਾਈ ਦਾ ਧਿਆਨ ਰੱਖੇ, ਜਮਨਾ ਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਏ ਆਦਿ। ਚੰਗਾ ਤਾਂ ਇਹ ਹੈ ਕਿ ਕਿਸੇ ਹੋਰ ਰਾਹੀਂ ਇਹ ਲੋਕ-ਵਿਰੋਧੀ ਬੁੱਚੜਖਾਨਿਆਂ ਤੋਂ ਬਚਣ ਦਾ ਹੱਲ ਲਭਣ ਦੀ ਥਾਂ ਤੇ ਮਨੁੱਖ ਆਪ ਇਸ ਦਾ ਹੱਲ ਲੱਭੇ ਕਿਉਂਕਿ ਕਿਸੇ ਵੱਡੇ ਸ਼ਹਿਰ ਦੇ ਬੁੱਚੜਖਾਨੇ ਹੀ ਨਹੀਂ ਛੋਟੇ ਸ਼ਹਿਰਾਂ ਤੇ ਪਿੰਡਾਂ ਦੇ ਬੁੱਚੜਖਾਨੇ ਵੀ ਓਨਾ ਹੀ ਵਾਤਾਵਰਨ ਨੂੰ ਗੰਦਲਾ, ਦੂਸ਼ਿਤ ਤੇ ਪਲੀਤ ਕਰਦੇ ਹਨ ਜਿੰਨਾਂ ਵੱਡੇ ਸ਼ਹਿਰਾਂ ਦੇ ਬੁੱਚੜਖਾਨੇ। ਕੇਵਲ ਵਾਤਾਵਰਨ ਹੀ ਪਲੀਤ ਨਹੀਂ ਹੁੰਦਾ, ਪਰਿਆਵਰਣ ਹੀ ਖ਼ਰਾਬ ਨਹੀਂ ਹੁੰਦਾ, ਮਾਸ ਖਾਣ ਵਾਲੇ ਲੋਕਾਂ ਦਾ ਸਰੀਰਕ ਤੇ ਮਾਨਸਕ ਨੁਕਸਾਨ ਵੀ ਹੁੰਦਾ ਹੈ। ਉਹ ਪਤਾ ਨਹੀਂ ਕੀ ਸੋਚ ਕੇ ਮਾਸ ਨੂੰ ਨਹੀਂ ਛੱਡਣਾ ਚਾਹੁੰਦੇ ਜਦੋਂ ਕਿ ਅੱਜ ਦੇ ਸਮੇਂ ਵਿਚ ਡਾਕਟਰੀ ਵਿਗਿਆਨ ਦੇ ਖੋਜੀ ਮਾਹਿਰਾਂ ਦੀਆਂ ਖੋਜਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਮਨੁੱਖੀ ਸਿਹਤ ਲਈ ਮਾਸ ਹੀ ਨਹੀ ਮੱਛੀ ਤੇ ਆਂਡੇ ਵੀ ਹਾਨੀਕਾਰਨ ਖੁਰਾਕ ਹੈ।

ਅਮਰੀਕਾ ਦੇ ਸਿਹਤ ਸਿਖਿਆ ਦੇ ਮਾਹਿਰ ਡਾਕਟਰ ਜਾਹਨ ਏ ਚਰਟਨਬਰਗ ਨੇ 98 ਪੁਸਤਕਾਂ, ਰਿਪੋਰਟਾਂ ਜਾਂ ਲੇਖਾਂ ਦਾ ਹਵਾਲਾ ਦੇ ਕੇ ਮਾਸ ਦੀਆਂ ਸਮੱਸਿਆਵਾਂ ਨਾਂ ਦੀ ਪੁਸਤਕ ਲਿਖੀ ਹੈ ਉਸਨੇ ਮਾਸਖਾਣ ਨਾਲ ਪੈਦਾ ਹੋਣਾ ਵਾਲੀਆਂ ਸਮੱਸਿਆਵਾਂ ਦਾ ਖੁਲਾਸਾ ਕੀਤਾ ਹੈ ਅਤੇ ਇਹ ਦਸਿਆ ਹੈ ਕਿ ਮਾਸ ਖਾਣ ਨਾਲ ਕੈਂਸਰ ਦੀ, ਗੁਰਦਿਆਂ ਤੇ ਦਿਲ ਦੇ ਦੌਰੇ ਦੀਆਂ ਬਿਮਾਰੀਆਂ ਮਨੁੱਖਾਂ ਨੂੰ ਉਸ ਦੀ ਪੂਰੀ ਉਮਰ ਜਿਊਣ ਨਹੀਂ ਦੇਂਦੀਆਂ। ਉਹਨਾਂ ਦੇ ਦਿੱਤੇ ਅੰਕੜਿਆਂ ਅਨੁਸਾਰ ਮਾਸ ਖਾਣ ਤੇ ਤੰਬਾਕੂ ਪੀਣ ਨਾਲ ਕੈਂਸਰ ਤੇ ਲਹੂ ਨਾੜੀਆਂ ਵਿਚ ਰੁਕਾਵਟ ਪੈਦਾ ਹੋਣ ਕਰਕੇ 25% ਜਿਊਣ ਦੀ ਆਸ ਘੱਟ ਜਾਂਦੀ ਹੈ। ਆਂਡਿਆਂ ਤੇ ਸ਼ਰਾਬ ਦੀ ਵਰਤੋਂ ਕਰਨ ਵਾਲਿਆਂ ਦੀ 15%ਉਮਰ ਘੱਟਦੀ ਹੈ। ਬਿਨਾ ਕਸਰਤ 70 ਫੀਸਦੀ ਤੇ ਮੋਟਾਪੇ ਕਾਰਨ 10 ਫੀਸਦੀ ਉਮਰ ਘਟਦੀ ਹੈ।

ਯੂ.ਐਸ.ਏ. ਦੀ ਇਕ ਸੰਸਥਾ ਨੇ ਆਪਣੀ ਖੋਜ ਦੇ ਅਧਾਰ ਤੇ ਲਿਖਿਆ ਹੈ ਕਿ ਮਨੁੱਖ ਨੂੰ ਤੰਦਰੁਸਤ ਰਹਿਣ ਲਈ 50-60% ਕਲੋਰੀ ਕਾਰਬੋਹਾਈਡਰੇਟ ਵਧਾਉਣ ਦੀ, ਪਰ 30-40% ਚਿਕਨਾਈ, 300 ਮਿਲੀ ਗਰਾਮ ਕਲੈਸਟਰੋਲ, 15-40 ਫੀ ਸੈਂਕੜਾ ਸ਼ੂਗਰ ਅਤੇ 50-85 ਫੀ ਸਦੀ ਨਮਕ ਘਟਾਉਣ ਦੀ ਲੋੜ ਹੈ। ਜਿਸ ਲਈ ਸੰਤੁਲਿਤ ਭੋਜਨ ਚਾਹੀਦਾ ਹੈ ਤੇ ਭੋਜਨ ਦਾ ਸੰਤੁਲਨ ਰੱਖਣ ਵਾਸਤੇ ਫਲਾਂ ਸਬਜ਼ੀਆਂ, ਸਾਬਤ ਅਨਾਜਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਵਧਾਉਣ ਦੀ ਲੋੜ ਹੈ। ਮਾਸ, ਮੱਛੀ, ਆਂਡੇ ਨੂੰ ਅਲਵਿਦਾ ਕਹਿਣ ਦੀ ਲੋੜ ਹੈ।

ਖੋਜ ਦਸਦੀ ਹੈ ਕਿ ਮਾਸ ਵਿਚ ਕਾਰਬੋਹਾਈਡਰੇਟ ਲਗਪਗ ਬਿਲਕੁਲ ਨਹੀਂ ਹੁੰਦੀ ਤੇ ਚਰਬੀ ਬਹੁਤ ਜ਼ਿਆਦਾ ਹੁੰਦੀ ਹੈ ਜਦੋਂ ਕਿ ਮਨੁੱਖੀ ਖੁਰਾਕ ਵਿਚ 70% ਕਾਰਬੋਹਾਈਡਰੇਟ ਤੇ ਕੇਵਲ 20% ਚਿਕਨਾਈ ਦੀ ਲੋੜ ਹੈ। ਮਾਸ ਵਿਚ ਪ੍ਰੋਟੀਨ ਲੋੜ ਤੋਂ ਦੂਣੀ ਹੁੰਦੀ ਹੈ ਜਿਸਦੇ ਸਿੱਟੇ ਵਜੋਂ ਸਰੀਰ ਵਿਚ ਕੈਲਸ਼ੀਅਮ ਵੱਧ ਜਾਂਦੀ ਹੈ ਜਿਹੜੀ ਇਕ ਪਾਸੇ ਹੱਡੀਆਂ ਦਾ ਨੁਕਸਾਨ ਕਰਦੀ ਹੈ, ਦੂਜੇ ਪਾਸੇ ਲੀਵਰ ਤੇ ਗੁਰਦਿਆਂ ਨੂੰ ਵਧ ਕੰਮ ਕਰਨ ਲਈ ਪ੍ਰੋਟੀਨ ਮਜ਼ਬੂਰ ਕਰਦੀ ਹੈ। ਪ੍ਰੋਟੀਨ ਕਰਕੇ ਹੀ ਲੀਵਰ ਤੋਂ ਖ਼ੂਨ ਵਿਚ ਵਿਟਾਮਿਨ ਏ ਲਿਆਉਣ ਦੀ ਲੋੜ ਜ਼ਿਆਦਾ ਪੈਂਦੀ ਹੈ ਸੋ ਸਰੀਰ ਵਿਚ ਸਭ ਤੱਤਾਂ ਦਾ ਤਵਾਜ਼ਨ ਵਿਗੜ ਜਾਂਦਾ ਹੈ। ਦਿਲ ਦੇ ਰੋਗੀਆਂ ਦੇ ਅੰਕੜੇ ਦਸਦੇ ਹਨ ਕਿ ਮਾਸ ਖਾਣ ਵਾਲੇ 56% ਮਰ ਜਾਂਦੇ ਹਨ ਜਦੋਂ ਕਿ ਸ਼ਾਕਾਹਾਰੀਆਂ ਦੇ ਦਿਲ ਦੇ ਰੋਗ ਕਾਰਨ ਮਰਨ ਵਾਲਿਆਂ ਦੇ ਅੰਕੜੇ 14% ਹਨ।

ਜੇ ਪੈਦਾਵਾਰ ਦੇ ਨਜ਼ਰੀਏ ਤੋਂ ਵੇਖੀਏ ਤਾਂ ਇੱਕ ਏਕੜ ਜ਼ਮੀਨ ਤੋਂ 8 ਲੱਖ ਕਲੋਰੀ ਖੁਰਾਕ ਦੇਣ ਵਾਲੇ ਅਨਾਜ ਪੈਦਾ ਕੀਤੇ ਜਾ ਸਕਦੇ ਹਨ। ਜੇ ਉਹੀ ਇੱਕ ਏਕੜ ਥਾਂ ਮਾਸ ਪ੍ਰਾਪਤ ਕਰਨ ਲਈ ਪਸ਼ੂਆਂ ਦੀ ਚਾਰਗਾਹ ਵਜੋਂ ਵਰਤੀ ਜਾਏ ਤਾਂ ਕੇਵਲ 2 ਲੱਖ ਕਲੋਰੀ ਖੁਰਾਕ ਮਿਲੇਗੀ। ਇਹ 6 ਲੱਖ ਕਲੋਰੀ ਉਹਨਾਂ ਦਾ ਨੁਕਸਾਨ, ਮਾਸ ਪੈਦਾ ਕਰਨ ਕਰਕੇ ਹਨ। ਮਾਸ ਵਿਚ ਭੋਜਨ ਦਾ ਇਕ ਹੋਰ ਜ਼ਰੂਰੀ ਤੱਤ, ਰੇਸ਼ਾ ਜਾਂ ਤੰਤੂ ਬਿਲਕੁਲ ਨਹੀਂ ਹੁੰਦਾ।

ਸਿੱਖਾਂ ਵਿੱਚ ਤੇ ਹੋਰ ਸਾਧ ਬਿਰਤੀ ਰਖਣ ਵਾਲੇ, ਸਾਤਵਿਕ ਜੀਵਨ ਜਿਉਣ ਲਈ ਯਤਨਸ਼ੀਲ ਮਨੁੱਖਤਾ ਲਈ ਤਾਮਸਿਕ ਭੋਜਨ, ਮਾਸ ਤੋਂ ਮੂੰਹ ਮੋੜੀ ਰੱਖਣਾ ਜ਼ਰੂਰੀ ਹੈ। ਸਿੱਖੀ ਪਰੰਪਰਾ ਵਿਚ ਪਹਿਲਾਂ ਵੀ ਇਸ ਦੀ ਕੋਈ ਥਾਂ ਨਹੀ ਰਹੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਸਮੇਂ ਲਿਖੀ ਮੁਹਸਨਫਾਨੀ ਦੀ ਕਿਤਾਬ 'ਕਬਰਿਸਤਾਨੇ ਮਜ਼ਾਹਿਦ' ਵਿਚ ਸਾਫ ਲਿਖਿਆ ਹੈ ਕਿ ਗੁਰੂ ਨਾਨਕ ਦੇ ਘਰ ਵਿਚ ਮਾਸ ਖਾਣਾ ਮਨ੍ਹਾ ਹੈ। ਗੁਰੂ ਸਾਹਿਬਾਨ ਦੁਆਰਾ ਲਿਖੇ ਹੁਕਮਾਨਾਮਿਆਂ ਵਿਚ ਸਪਸ਼ਟ ਤੌਰ ਤੇ ਮਾਸ ਮੱਛੀ ਤੋਂ ਵਰਜਿਆ ਗਿਆ ਹੈ। ਗੁਰਬਾਣੀ ਵਿਚ ਥਾਂ ਥਾਂ ਲਿਖਿਆ ਹੈ ਕਿ ਜੀਆਂ ਦਾ ਬਧ ਕਰਨ ਵਾਲਾ ਧਰਮੀ ਨਹੀਂ ਹੋ ਸਕਦਾ। ਮਾਸ ਮੱਛੀ ਖਾਣ ਵਾਲੇ ਦਾ ਤੀਰਥ ਯਾਤਰਾ ਤੇ ਪੁੰਨ ਕਰਦਿਆਂ ਵੀ ਭਲਾ ਨਹੀਂ ਹੋ ਸਕਦਾ।

ਪਰ ਕੁਝ ਮਾਸ ਸ਼ਰਾਬ ਦਾ ਪ੍ਰਹੇਜ਼ ਨਾ ਕਰਨ ਵਾਲੇ ਲੇਖਕਾਂ ਨੇ ਆਪ ਸ਼ਰਾਬੀ ਕਬਾਬੀ ਹੋਣ ਕਰਕੇ ਸਿੱਖ ਗੁਰੂ ਸਾਹਿਬਾਨ ਤੇ ਗੁਰੂ ਅਸਥਾਨਾਂ ਬਾਰੇ ਵੀ ਝੂਠ ਲਿਖ ਦਿਤਾ ਹੈ ਕਿ ਉਹ ਹਰ ਤਰ੍ਹਾਂ ਦਾ ਮਾਸ ਖਾਂਦੇ ਸਨ ਤੇ ਉਥੇ ਮਾਸ ਬਣਦਾ ਸੀ। ਅਸਲ ਵਿਚ ਚਾਹੀਦਾ ਇਹ ਹੈ ਕਿ ਸਿਹਤ ਲਈ ਹਾਨੀ ਕਰਨ ਤੇ ਵਾਤਾਵਰਨ ਨੂੰ ਦੂਸ਼ਿਤ ਕਰਨ, ਬਿਮਾਰੀ ਤੇ ਮੌਤਾਂ ਵਿਚ ਵਾਧਾ ਕਰਨ ਵਾਲੇ ਮਾਸਾਹਾਰ ਨੂੰ ਸਦਾ ਲਈ ਤਿਲਾਂਜਲੀ ਦਿੱਤੀ ਜਾਵੇ। ਇਸ ਨਾਲ ਨਾ ਮਾਸ ਵਿਕੇਗਾ, ਨਾ ਪਸ਼ੂ ਕੱਟੇ ਜਾਣਗੇ ਤਾਂ ਬੁੱਚੜਖਾਨੇ ਆਪੇ ਬੰਦ ਹੋਣ ਲੱਗ ਪੈਣਗੇ ਅਤੇ ਲੋਕ ਜੀਵਨ ਤਬਾਹ ਹੋਣੋ ਬਚ ਜਾਏਗਾ।

Sri Satguru Jagjit Singh Ji Elibrary NamdhariElibrary@gmail.com

ਜਗ ਰਚਨਾ ਸਭ ਝੂਠ ਹੈ

ਸਤਿਗੁਰੂ ਤੇਗ ਬਹਾਦਰ ਜੀ, ਹਿੰਦ ਦੀ ਚਾਦਰ ਸਨ। ਆਪ ਜੀ ਨੇ ਤਿਲਕ ਜੰਞੂ ਦੀ ਰਾਖੀ ਲਈ ਅਤੇ ਜ਼ੁਲਮ ਦਾ ਬੂਟਾ ਪੁੱਟਣ ਲਈ ਸ਼ਹੀਦੀ ਪ੍ਰਾਪਤ ਕੀਤੀ। ਆਪ ਤੇਗ ਦੇ ਧਨੀ ਸਨ, ਪਰ ਮਹਾਨ ਤਪਸਿਆ ਕਰਕੇ ਆਪ ਨੇ ਸਿੱਖਾਂ ਲਈ ਤਪ-ਸਾਧਨਾ ਦੇ ਪੂਰਨੇ ਪਾਏ। ਆਪ ਜੀ ਦਾ ਭਾਰਤੀ ਦਰਸ਼ਨ ਦਾ ਚਿੰਤਨ ਵੀ ਗਹਿਰ ਗੰਭੀਰ ਸੀ।

ਸਤਿਗੁਰੂ ਤੇਗ ਬਹਾਦਰ ਜੀ ਨੇ, ਜਨ ਸਧਾਰਨ ਲਈ ਭਾਰਤ ਦੇ ਦਾਰਸ਼ਨਿਕ ਚਿੰਤਨ ਨੂੰ ਆਪਣੀ ਬਾਣੀ ਦੁਆਰ ਇੰਜ ਪੇਸ਼ ਕੀਤਾ ਕਿ ਉਹ ਸਭ ਨੂੰ ਸਮਝ ਆ ਸਕਦਾ ਸੀ ਤੇ ਅੱਜ ਵੀ ਉਹ ਚਿੰਤਨ, ਬਾਣੀ ਦਾ ਪਾਠ ਕਰਨ ਵਾਲੇ ਨੂੰ ਦੂਰ ਦੀ ਗਲ ਨਹੀ ਲਗਦੀ। ਉਹ ਸਰਲ, ਸਪਸ਼ਟ, ਸਹਿਜ ਹੈ ਤੇ ਕਲਿਆਣਕਾਰੀ ਹੈ।

ਆਪ ਨੇ ਆਪਣੇ ਚਿੰਤਨ ਵਿੱਚ, ਬ੍ਰਹਮ, ਜਗਤ, ਜੀਵ, ਮਾਇਆ ਅਤੇ ਮੁਕਤੀ ਜੈਸੇ ਗੂੜ੍ਹ-ਦਾਰਸ਼ਨਿਕ ਵਿਸ਼ਿਆਂ ਨੂੰ ਲਿਆ। ਇਹਨਾਂ ਵਿਸ਼ਿਆਂ ਦੀਆਂ ਜੜ੍ਹਾਂ ਭਾਰਤੀ ਵੇਦ, ਪੁਰਾਣ, ਸ਼ਾਸ਼ਤਰਾਂ ਵਿਚ ਹਨ। ਆਪ ਨੇ ਇਹਨਾਂ ਦੀ ਸਧਾਰਨ ਚਰਚਾ ਕਰਨ ਦੀ ਥਾਂ ਉਤੇ ਇਹਨਾਂ ਨੂੰ ਮੰਨਣ ਤੇ ਅਮਲ ਵਿਚ ਲਿਆਉਣ ਦਾ ਰਾਹ ਦਸਿਆ ਹੈ। ਏਸੇ ਕਰਕੇ ਆਪ ਦੀ ਰਚਨਾ ਸੌਖੀ ਸਮਝ ਆ ਕੇ ਅਮਲ ਲਈ ਤਿਆਰ ਕਰਦੀ ਹੈ। ਦਾਰਸ਼ਨਿਕ ਚਿੰਤਨ ਆਪ ਜੀ ਤੋਂ ਪਹਿਲਾਂ ਦੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਦਾ ਵੀ ਹਿੱਸਾ ਰਿਹਾ ਹੈ।

ਜਗ ਰਚਨਾ ਨੂੰ ਹੀ ਲਈਏ। ਜਗ ਦੀ ਕੋਈ ਚੀਜ਼ ਥਿਰ ਰਹਿਣ ਵਾਲੀ ਨਹੀਂ, ਰਚਨਹਾਰੇ ਨੂੰ ਛੱਡ ਕੇ। ਜੇ ਇਸ ਦੀ ਉਤਪਤੀ ਦੇ ਮੂਲ ਕਾਰਨ ਨੂੰ ਜਾਨਣਾ ਚਾਹੀਏ ਤਾਂ ਅਧਿਐਨ ਕੀਤਿਆਂ ਪਤਾ ਲਗੇਗਾ ਕਿ ਸਾਂਖ ਦਰਸ਼ਨ ਅਨੁਸਾਰ ਪ੍ਰਕਿਰਤੀ ਹੀ ਜਗਤ ਦਾ ਆਦਿ ਤੇ ਮੂਲ ਕਾਰਨ ਹੈ। ਇਹ ਪ੍ਰਾਕਿਰਤੀ ਸਤ, ਰਜ ਤੇ ਤਮ ਤਿੰਨਾਂ ਗੁਣਾਂ ਦੀ ਸਮ-ਅਵਸਥਾ ਹੈ। ਉਹ ਨਿਤ, ਸੁਤੰਤਰ ਤੇ ਪ੍ਰਧਾਨ ਹੈ। ਪ੍ਰਕਿਰਤੀ ਦੇ ਵਿਕਾਰ ਤੋਂ ਸਮਸਤ ਪਦਾਰਥਾਂ ਦੀ ਉਤਪਤੀ ਹੁੰਦੀ ਹੈ, ਜਗਤ ਬਣਦਾ ਹੈ, ਅਤੇ ਪ੍ਰਲੈ, ਕਾਲ ਵਿਚ ਉਹ ਪ੍ਰਾਕਿਰਤੀ ਵਿਚ ਹੀ ਵਿਲੀਨ ਹੋ ਜਾਂਦਾ ਹੈ। ਇਹੀ ਜਗਤ ਜਾਲ ਦਾ, ਮਨੁੱਖ ਦੇ ਭੋਗ ਲਈ ਵਿਸਤਾਰ ਕਰਦੀ ਹੈ ਇਹੀ ਆਪਣੇ ਸਰੂਪ ਵਿਚ ਖਿੱਚ ਲੈਂਦੀ ਹੈ।

ਅਥਰਵ ਵੇਦ ਵਿਚ ਮਾਇਆ ਨਿਰਮਾਣ-ਸ਼ਕਤੀ ਲਗਦੀ ਹੈ ਉਪਨਿਸ਼ਦਾਂ ਵਿਚ ਮਾਇਆ ਬ੍ਰਹਮ ਅਧੀਨ ਹੈ। ਗੀਤਾ ਅਨੁਸਾਰ ਵੀ ਮਾਇਆ ਹੈ ਪਰ ਅਨਾਦਿ,

Sri Satguru Jagjit Singh Ji Elibrary NamdhariElibrary@gmail.com

ਤ੍ਰੈਗੁਣਾਤਮਕ ਅਤੇ ਉਹ ਬ੍ਰਹਮ ਦੀ ਸ੍ਰਿਸ਼ਟੀ ਉਤਪਾਦਕ-ਕਿਰਿਆ ਸ਼ਕਤੀ ਹੈ।

ਸ਼ਕਤੀ ਨੂੰ ਹੀ ਨਾਥ ਸੰਪਰਦਾਇ ਵਿਚ ਜਗਤ-ਪ੍ਰਪੰਚ-ਕਾਰਜ ਦਾ ਮੂਲ ਕਾਰਨ ਦਸਿਆ ਹੈ। ਗੋਰਖ ਨਾਥ ਅਨੁਸਾਰ ਇਸ ਮਾਇਆ-ਸ਼ਕਤੀ ਨੇ ਹੀ ਸਤ, ਰਜ ਤੇ ਤਮ ਦੇ ਪ੍ਰਤੀਕ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਨੂੰ ਉਤਪਨ ਕੀਤਾ। ਇਹ ਸ਼ਕਤੀ ਸ਼ਿਵ ਰੂਪ ਚੇਤਨ ਬ੍ਰਹਮ ਦਾ ਅੰਸ਼ ਹੈ ਸੋ ਖੁਦ ਵੀ ਚੇਤਨ ਹੈ।

ਇਸ ਤਰ੍ਹਾਂ ਕਿਉਂਕਿ ਮਾਇਆ ਤੇ ਸ਼ਕਤੀ ਬ੍ਰਹਮ ਅਧੀਨ ਹੈ ਸੋ ਜਗਤ ਰਚਨਾ ਦਾ ਵਾਤਸਵਿਕ ਕਾਰਨ ਬ੍ਰਹਮ ਹੈ। ਉਹ ਬ੍ਰਹਮ ਸਤ ਹੈ ਅਤੇ ਜਗਤ ਮਿਥਿਆ ਹੈ, ਝੂਠ ਹੈ, ਤਾਂ ਹੀ ਸਤਿਗੁਰੂ ਤੇਗ ਬਹਾਦਰ ਜੀ ਦਾ ਕਥਨ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਇਸ ਝੂਠੇ ਜਗਤ ਵਿਚ ਕੁਝ ਵੀ ਥਿਰ ਨਹੀ ਰਹਿਣਾ। ਬ੍ਰਹਮ ਤੋਂ ਬਿਨਾ, ਸਭ ਕੁਝ ਬਿਨਸਨਹਾਰ ਹੈ। ਗੁਰੂ ਅਰਜਨ ਜੀ ਦੇ ਸ਼ਬਦਾਂ ਵਿਚ:

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥
ਬਿਨਸਤ ਬਾਰ ਨ ਲਗਈ ਜਿਉ ਕਾਗਦ ਬੂੰਦਾਰ ॥

ਜਾਣਾ ਵੀ ਇਕ ਦੋ ਨੇ ਜਾਂ ਛੋਟਿਆਂ ਨੇ ਨਹੀਂ, ਸਭ ਨੇ ਜਾਣਾ ਹੈ:

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰ ॥ -ਭਗਤ ਕਬੀਰ ਜੀ

ਇਸ ਨੂੰ ਸਮਝਾਉਣ ਦੀ ਲੋੜ ਹੈ ਕਿਉਂਕਿ ਮਨੁੱਖ ਤਾਂ ਸਮਝੀ ਬੈਠਾ ਹੈ ਕਿ ਸਭ ਸੱਚ ਤੇ ਥਿਰ ਹੈ।

ਮਹਾਭਾਰਤ ਵਿਚ ਆਇਆ ਹੈ ਕਿ ਜਛ ਨੇ ਯੁਧਿਸ਼ਟਰ ਨੂੰ ਪੁਛੇ ਪ੍ਰਸ਼ਨਾਂ ਵਿਚ ਇਹ ਵੀ ਪੁਛਿਆ ਕਿ ਇਸ ਜਗਤ ਦੀ ਸਭ ਤੋਂ ਵਚਿੱਤਰ ਗੱਲ ਕੀ ਹੈ? ਧਰਮ ਪੁੱਤਰ ਯੁਧਿਸ਼ਟਰ ਦਾ ਉੱਤਰ ਸੀ ਕਿ ਅਸੀ ਰੋਜ਼ ਲੋਕਾਂ ਨੂੰ ਮਰਦੇ ਵੇਖਦੇ ਹਾਂ ਫਿਰ ਵੀ ਇਹ ਸਮਝਦੇ ਹਾਂ ਕਿ ਅਸੀ ਸਦਾ ਰਹਿਣਾ ਹੈ। ਇਹੀ ਸਭ ਤੋਂ ਵਚਿੱਤਰ ਗੱਲ ਹੈ।

ਆਦਿ ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਦਾ ਸਾਰ ਵੇਦਾਂਤ ਰੂਪ ਵਿਚ ਦੱਸਿਆ ਹੈ:

ਬ੍ਰਹਮ ਸਤਿਅਮ, ਜਗਤ ਮਿਥਿਆ,

ਬ੍ਰਹਮ ਸੱਤ ਤੇ ਜੱਗਤ ਝੂਠ ਨੂੰ ਜਾਣਦਾ ਹੋਇਆ ਵੀ ਮਨੁੱਖ ਇਸ ਤੋਂ ਮੁਕਤ ਨਹੀ ਹੁੰਦਾ। ਵੇਦਾਂਤ ਵਿੱਚ ਤਿੰਨ ਪ੍ਰਕਾਰ ਦੀ ਸੱਤਾ ਨੂੰ ਸਵੀਕਾਰਿਆ ਗਿਆ ਹੈ। ਭਾਵ ਉਸ ਦੇ ਆਧਾਰ ਤੇ ਸੱਚ ਝੂਠ ਦਾ ਨਿਤਾਰਾ ਹੁੰਦਾ ਹੈ।

ਪਹਿਲਾਂ ਸੱਚ ਤਾਂ ਤਤਕਾਲਿਕ ਹੈ ਪਰ ਜਦ ਗਿਆਨ ਹੋ ਜਾਂਦਾ ਹੈ ਤਾਂ ਝੂਠ ਸਾਮ੍ਹਣੇ ਆ ਜਾਂਦਾ ਹੈ। ਮਿਸਾਲ ਵਜੋਂ ਹਨੇਰੇ ਵਿਚ ਪਈ ਰੱਸੀ ਵੀ ਸਾਨੂੰ ਸੱਪ ਲਗੇਗੀ। ਅਸੀ ਉਸ ਦੇ ਅਹਿਸਾਸ ਤੋਂ ਡਰਾਂਗੇ, ਤ੍ਰਹਿ ਜਾਵਾਂਗੇ। ਪਰ ਜਦ ਚਾਨਣ

Sri Satguru Jagjit Singh Ji Elibrary NamdhariElibrary@gmail.com

ਹੋ ਜਾਵੇ ਤਾਂ ਸਹਿਜੇ ਹੀ ਝੂਠ ਸਾਮ੍ਹਣੇ ਆ ਜਾਏਗਾ ਕਿ ਸੱਪ ਲਗਣਾ ਝੂਠ ਸੀ ਤੇ ਸੱਚ ਇਹ ਸੀ ਕਿ ਉਹ ਰੱਸੀ ਸੀ।

ਦੂਜਾ ਸੱਚ ਪਦਾਰਥਾਂ ਨੂੰ ਵੇਖਣ ਤੇ ਉਹਨਾਂ ਬਾਰੇ ਸੋਚਣ ਨਾਲ ਜੁੜਿਆ ਹੋਇਆ ਹੈ। ਕੋਈ ਵਿਗਿਆਨਿਕ ਸੋਚ ਵਾਲਾ ਵਿਅਕਤੀ ਦਸਦਾ ਹੈ ਕਿ ਇਹ ਹਰਾ ਭਰਾ ਰੁੱਖ 50 ਸਾਲਾਂ ਨੂੰ ਸੁੱਕ ਜਾਏਗਾ। ਜੇ ਇਕ ਗਿਆਨੀ ਪੁਰਸ਼ ਹੋਰ ਨਹੀਂ ਤਾਂ ਆਪਣੇ ਬਾਰੇ ਹੀ ਦਸਦਾ ਹੈ ਕਿ ਐਨੇ ਸਮੇਂ ਬਾਅਦ ਉਸ ਨੇ ਮਰ ਜਾਣਾ ਹੈ, ਵਕਤੀ ਤੌਰ ਤੇ ਇਹ ਝੂਠ ਲਗੇਗਾ ਪਰ ਸਮਾਂ ਪਾ ਕੇ ਸੱਚ ਪ੍ਰਗਟ ਹੋ ਜਾਏਗਾ। ਪਰ ਇਹ ਸਚ ਵਿਹਾਰਕ ਹੈ, ਵਕਤੀ ਹੈ। ਜਗਤ ਦਾ ਸ਼ੱਚ ਹੈ।

ਤੀਜਾ ਸਚ ਪਰਮਾਰਥਕ ਹੈ। ਬ੍ਰਹਮ ਸੱਤ ਹੈ, ਹੋਰ ਸਭ ਝੂਠ ਹੈ।

ਗੁਰੂ ਤੇਗ ਬਹਾਦਰ ਜੀ ਨੇ ਜਗਤ ਨੂੰ ਵਿਹਾਰਕ ਸੱਚ ਹੋਣ ਕਰਕੇ ਹੀ ਝੂਠ ਕਿਹਾ ਹੈ ਕਿਉਂਕਿ ਇਹ ਅਸਥਿਰ ਹੈ, ਨਾਸ਼ਮਾਨ ਹੈ, ਪਰਿਵਰਤਨਸ਼ੀਲ ਹੈ, ਚਲਾਏਮਾਨ ਹੈ, ਬਾਣੀ ਵਿਚ ਲਿਖਿਆ ਹੈ:

— ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ ਮਹਲਾ 9
— ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ ਮਹਲਾ 9

ਸਤਿਗੁਰੂ ਜੀ ਨੇ ਇਸ ਨੂੰ ਜਲ ਉਤੇ ਪੈਦਾ ਹੋਏ ਬੁਲਬੁਲੇ, ਸੁਪਨੇ, ਧੂੰਏ ਦੇ ਪਹਾੜ, ਬਾਰੂ ਕੀ ਭੀਤਿ ਵਾਂਗ ਸਮਝਣ ਦਾ ਉਪਦੇਸ ਦਿੱਤਾ ਹੈ। ਉਹਨਾਂ ਦਾ ਕਥਨ ਹੈ ਕਿ ਮਨੁੱਖ ਇਸ ਜਗਤ ਤਮਾਸ਼ੇ ਵਿਚ ਮਿਥਿਅਕ ਸੁਖਾਂ ਝੂਠੇ ਸੰਬੰਧਾਂ ਤੇ ਰਿਸ਼ਤਿਆਂ ਨਾਤਿਆਂ, ਝੂਠੇ ਪ੍ਰੇਮ ਤੇ ਮਿਤਰਤਾ ਵਿਚ ਆਪਣੇ ਆਪ ਨੂੰ ਲਿਪਤ ਨਾ ਕਰੇ।

ਮਨੁੱਖ ਸੰਸਾਰ ਵਿਚ ਇੰਜ ਰਹੇ ਜਿਵੇਂ ਕੰਵਲ ਫੁਲ ਹੈ। ਇਹ ਸਭ ਨੂੰ ਪਤਾ ਹੈ ਕਿ ਕੰਵਲ ਚਿਕੜ ਵਿਚ, ਪਾਣੀ ਵਿਚ ਹੁੰਦਾ ਹੈ ਪਰ ਉਹ ਚਿਕੜ ਉਸ ਨੂੰ ਪੋਹਦਾ ਨਹੀਂ। ਪਾਣੀ ਦੀ ਇੱਕ ਬੂੰਦ ਵੀ ਉਸਦੇ ਪੱਤੇ ਤੇ ਨਹੀਂ ਟਿਕਦੀ।

ਮਨੁੱਖ ਅੰਜਨ ਵਿਚ ਨਿਰੰਜਨ ਰਹੇ। ਸੰਸਾਰ ਦਾ ਅੰਧਕਾਰ ਉਸ ਨੂੰ ਪ੍ਰਭਾਵਿਤ ਨਾ ਕਰੇ। ਉਹ ਦੇਖਦਾ ਸੁਣਦਾ ਵੀ ਅਨਜਾਣ ਬਣਿਆ ਰਹੇ।

ਤੇ ਫਿਰ ਇਸ ਝੂਠੇ ਜਗਤ ਵਿਚ ਸਚ ਕਿਸ ਨੂੰ ਮੰਨੇ ? ਸਤਿਗੁਰੂ ਤੇਗ ਬਹਾਦਰ ਜੀ ਦ੍ਰਿੜਾਉਂਦੇ ਹਨ:

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਿਛੁ ਸਾਚੋ ਨਹੀ ਨਾਨਕ ਬਿਨੁ ਭਗਵਾਨੁ ॥

ਸੋ ਗੁਰਸਿਖ ਦਾ, ਸਤਿਗੁਰੂ ਤੇਗ ਬਹਾਦਰ ਦਾ ਸ਼ਹੀਦੀ ਦਿਨ ਮਨਾਉਣ ਦਾ ਮਹੱਤਵ ਉਹਨਾਂ ਦੇ ਚਿੰਤਨ ਨੂੰ ਅਪਨਾਉਣਾ ਹੈ। ਉਹ ਇਸ ਝੂਠੇ ਜਗ ਨਾਲ ਪ੍ਰੀਤ ਲਾਉਣ ਦੀ ਥਾਂ ਉਤੇ ਬ੍ਰਹਮ, ਰਾਮ ਜਾਂ ਭਗਵਾਨ ਨਾਲ ਜੁੜੇ, ਜਿਹੜਾ ਕਿ ਲਗਾਤਾਰ ਸਾਧਨਾ ਤੇ ਸਿਮਰਨ ਨਾਲ ਹੀ ਸੰਭਵ ਹੋ ਸਕਦਾ ਹੈ।

Sri Satguru Jagjit SIngh Ji Elibrary NamdhariElibrary@gmail.com

ਭਗਤਿ ਭਾਇ ਤਰੀਐ ਸੰਸਾਰ

ਭਗਤੀ ਕਰਨ ਵਾਲਾ ਭਗਤ ਹੁੰਦਾ ਹੈ। ਇਹ ਸ਼ਬਦ ਭਜ ਧਾਤੂ ਤੋਂ ਬਣਿਆ ਹੈ। ਇਸ ਦਾ ਅਰਥ ਹੈ, ਵੰਡਣਾ, ਸੇਵਾ ਕਰਨਾ, ਸਿਮਰਨ ਕਰਨਾ, ਦੂਜੇ ਨਾਲ ਵੰਡ ਕੇ ਛਕਣਾ, ਸੰਸਾਰ ਦੀ ਸੇਵਾ ਕਰਨਾ ਅਤੇ ਅਕਾਲ ਪੁਰਖ ਨੂੰ ਸਦਾ ਯਾਦ ਰਖਣਾ।

ਭਗਤੀ ਕਰਨਾ ਉਹ ਸਦ ਕਰਮ ਕਰਨੇ ਹਨ ਜਿਹੜੇ ਭਗਤ ਕਰਦਾ ਹੈ। ਭਗਤੀ ਕਰਿਆਂ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੁੰਦਾ ਹੈ। ਪਰ ਭਗਤ ਭਾਉ, ਪਿਆਰ ਬਿਨਾਂ ਕਿਸ ਕੰਮ। ਭਾਈ ਗੁਰਦਾਸ ਜੀ ਆਪਣੇ ਇਕ ਕਬਿਤ ਵਿਚ ਕਈ ਅਟਲ ਸਚਾਈਆਂ ਬਾਰੇ ਲਿਖਦੇ ਹਨ ਜੋ ਸਚਾਈਆਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿੱਚੋਂ ਭਗਤੀ ਭਾਉ ਨਾਲ ਜੁੜੀ ਹੈ:

ਸਤਿ ਬਿਨੁ ਸੰਜਮ ਨ ਪਤਿ ਬਿਨੁ ਪੂਜਾ ਹੋਇ,
ਸਚੁ ਬਿਨੁ ਸੋਚ ਨ ਜਨੇਊ ਜਤ ਹੀਨ ਹੈ।
ਬਿਨ ਗੁਰ ਦੀਖਯ ਗਯਾਨ,
ਬਿਨ ਦਰਸਨ ਧਯਾਨ,
ਭਾਉ ਬਿਨੁ ਭਗਤਿ ਨ, ਕਥਨੀ ਭੈ ਕੀਨ ਹੈ।

ਜਿਹੜੇ ਮਨੁੱਖ ਭਾਉ ਨੂੰ ਛੱਡ ਕੇ ਤਰਕ ਵਿਤਰਕ ਵਿਚ ਪੈ ਜਾਂਦੇ ਹਨ ਉਹ ਕੁਝ ਨਹੀ ਖੱਟਦੇ, ਕਮਾਉਂਦੇ। ਉਹਨਾਂ ਵਿਚ ਦਰਅਸਲ ਬੁਧੀ ਦੀ ਪ੍ਰਧਾਨਤਾ ਹੁੰਦੀ ਹੈ। ਉਹ ਆਪਣੇ ਗਿਆਨ ਦੇ ਖੇਤਰ ਵਲ ਵਧਦੇ ਹਨ, ਵਾਦ ਵਿਵਾਦ ਕਰਦੇ ਹਨ, ਲਾਭ-ਹਾਨੀ ਸੋਚਦੇ ਹਨ। ਉਹ ਹਰ ਵਸਤੂ ਦਾ ਵਿਗਿਆਨਿਕ ਆਧਾਰ ਲਭਦੇ ਹਨ। ਭਾਵੇਂ ਉਹਨਾਂ ਕੋਲ ਵੀ ਕਿਸੇ ਦੀ ਪਸੰਦ ਨਾ ਪਸੰਦ ਦਾ ਕੋਈ ਵਿਗਿਆਨਿਕ ਅਧਾਰ ਨਹੀ ਹੁੰਦਾ। ਭਲਾ ਜੇ ਬਜਾਜ ਕੋਲ ਇਕੋ ਧਾਗੇ ਦਾ, ਇੱਕੋ ਮਿੱਲ ਦਾ, ਇੱਕੋ ਮੁਲ ਦਾ ਵੱਖ ਵੱਖ ਰੰਗਾਂ ਤੇ ਨਮੂਨਿਆਂ ਦਾ ਕਪੜਾ ਪਿਆ ਹੋਵੇ ਤਾਂ ਹਰ ਕੋਈ ਇਕੋ ਹੀ ਨਮੂਨਾ ਤੇ ਰੰਗ ਪਸੰਦ ਕਿਉਂ ਨਹੀ ਕਰਦਾ? ਮਨੁੱਖ ਤਾਂ ਫਲਾਂ ਦੀ ਰੇੜ੍ਹੀ ਤੇ ਵੀ ਆਪਣੀ ਪਸੰਦ ਦੇ ਫਲ ਖ਼ਰੀਦਦਾ ਖ਼ਰੀਦਦਾ ਸ਼ਾਮ ਤਕ ਸਾਰੀ ਰੇੜ੍ਹੀ ਖ਼ਾਲੀ ਕਰ ਦੇਂਦਾ ਹੈ। ਹੋਰ ਵੀ ਵਸਤਾਂ ਨੂੰ ਆਪਣੀ ਪਸੰਦ ਅਨੁਸਾਰ ਖ਼ਰੀਦਣ ਜਾਂ ਗ੍ਰਹਿਣ ਕਰਨ ਦੇ ਪਿਛੇ ਕੋਈ ਤਰਕ ਜਾਂ ਵਿਗਿਆਨਿਕ ਤੱਤ ਨਹੀ ਹੁੰਦਾ ਸਗੋਂ ਪਸੰਦ ਪਿਆਰ ਤੇ ਭਾਉ ਹੁੰਦਾ ਹੈ। ਕਈ ਵਾਰ ਕੋਈ ਵਸਤੂ ਉਸ ਦੀ ਪ੍ਰਾਪਤ

Sri Satguru Jagjit Singh Ji Elibrary NamdhariElibrary@gmail.com

ਕੀਤੀ ਵਸਤੂ ਤੋਂ ਸੋਹਣੀ, ਮਹਿੰਗੀ, ਕੀਮਤੀ ਨੇ ਟਿਕਾਊ ਵੀ ਹੁੰਦੀ ਹੈ, ਪਰ ਪਸੰਦ ਆਪਣੀ ਆਪਣੀ ਹੁੰਦੀ ਹੈ। ਭਗਤੀ ਵਿਚ ਵੀ ਇਸ ਤਰਕ ਨੂੰ ਸਮਝ ਲੈਣਾ ਕਿ ਭਗਤੀ ਕੀ ਹੈ? ਭਗਤੀ ਦੇ ਕੀ ਲਾਭ ਹਾਨ ਹਨ? ਭਗਤੀ ਕਿਉਂ ਕਰਨੀ ਚਾਹੀਦੀ ਹੈ? ਤੇ ਆਪਣੇ ਆਪ ਨੂੰ ਰੱਬ ਸਮਝਣਾ ਵੀ ਕਾਫੀ ਨਹੀਂ। ਉਹ ਨਰਕ ਸੁਰਗ ਨੂੰ ਝੂਠ ਮੰਨਦਾ ਹੈ ਤੇ ਵਿਸ਼ੇ ਵਿਕਾਰਾਂ ਵਿਚ ਪਿਆ ਰਹਿੰਦਾ ਹੈ। ਐਸੇ ਗਿਆਨ ਦਾ ਕੀ ਲਾਭ। ਲੋੜ ਤਾਂ ਅਮਲ ਕਰਨ ਦੀ ਹੈ।

ਇਕ ਵਾਰ ਜੈਤਾ ਸੇਠ ਨੇ ਛੇਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਹਰਿ ਗੋਬਿੰਦ ਜੀ ਨੂੰ ਆਪਣੇ ਸ਼ੰਕੇ ਨਵਿਰਤ ਕਰਨ ਲਈ ਬੇਨਤੀ ਕੀਤੀ। ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿਚ ਲਿਖਦੇ ਹਨ:

"ਭਾਈ ਜੈਤਾ ਸੇਠ ਗੁਰੂ ਦੇ ਦੁਆਰੇ ਤੇ ਗੁਰਾਂ ਦੀ ਸੇਵਾ ਟਹਿਲ ਕਰੇ ਤਾਂ ਉਸ ਛੇਵੀਂ ਪਾਤਸ਼ਾਹੀ ਥੀਂ ਪੁੱਛਿਆ, ਜੀ ਸੱਚੇ ਪਾਤਸ਼ਾਹ! ਕਈ ਕਹਿੰਦੇ ਹੈਨ ਜੁ ਗਿਆਨ ਇਸ ਨੂੰ ਹੋਵੈ ਤਾਂ ਭਗਤਿ ਦਾ ਕਿਆ ਹੈ? ਗਿਆਨ ਹੀ ਏਸ ਦਾ ਉਧਾਰ ਕਰਦਾ ਹੈ।" ਬਚਨ ਹੋਇਆ ਗਿਆਨ ਭਗਤਿ ਥੀਂ ਬਿਨਾ ਸ਼ੋਭਾ ਨਹੀਂ ਪਾਂਵਦਾ, ਪਿੰਗਲਾ ਹੈ, ਜੈਸੇ ਘ੍ਰਿਤ ਬਾਸਨ ਨੂੰ ਕੀ ਤੇ ਸਰੀਰ ਨੂੰ ਭੀ ਸਨਿਗਧ ਕਰਦਾ ਹੈ, ਪਰ ਜੇ ਨਿਰਾ ਘੀ ਪੀਵੈ ਤਾਂ ਪ੍ਰਿਥਮੇ ਤਾਂ ਮੁਖ ਫਿਕਾ ਹੁੰਦਾ ਹੈ ਤੇ ਬਹੁਰੇ ਸਰੀਰ ਵਿਚ ਪੇਤੀ ਹੁੰਦੀ ਹੈ ਤੇ ਬਹੁਤ ਪੀਵਣ ਕਰ ਜੁਲਾਬ ਲਗਦਾ ਹੈ, ਜੇ ਕਫ ਹੁੰਦੀ ਹੈ ਤਾਂ ਖਾਂਸੀ ਉਤਪਨ ਕਰਦਾ ਹੈ, ਚਾਰ ਔਗੁਣ ਹੁੰਦੇ ਹੈਨ, ਜੇ ਮਿਸਰੀ ਨਾਲ ਮਿਲਾ ਕੇ ਖਾਈਦਾ ਹੈ ਤਾਂ ਮੂੰਹ ਭੀ ਮਿੱਠਾ ਹੁੰਦਾ ਹੈ ਤੇ ਖਾਂਸੀ ਭੀ ਨਹੀਂ ਹੁੰਦੀ ਤੇ ਪੇਟ ਭੀ ਨਹੀਂ ਚਲਦਾ ਤੇ ਛਾਤੀ ਬੋਝ ਭੀ ਨਹੀਂ ਹੋਂਦਾ। ਤੈਸੇ ਰੁਖੇ ਗਿਆਨ ਕਰ ਕਹਿੰਦਾ ਹੈ—ਮੈਂ ਹੀ ਬ੍ਰਹਮ ਹਾਂ, ਪ੍ਰਿਥਮੇ ਇਹ ਬਚਨ ਸ਼ੋਭਾ ਨਹੀ ਪਾਉਂਦਾ ਤੇ ਦੂਸਰਾ ਜਾਣੀਦਾ ਹੈ ਜੇ ਨਰਕ ਸੁਰਗ ਝੂਠ ਹੈਨ ਜੇ ਵਿਖਈ ਹੋਂਦਾ ਹੈ ਤਾਂ ਵਿਖਿਆਂ ਵਿਚ ਨਿਰਭੈ ਹੋਇ ਕੈ ਪਾਪ ਕਰਨ ਲੱਗਦਾ ਹੈ। ਤੇ ਕੱਚਾ ਗਿਆਨ ਹੋਂਦਾ ਹੈ ਤੇ ਛਾਤੀ ਦਾ ਬੋਝ ਇਹੁ ਹੈ ਜੋ ਆਪਣੇ ਸਮਾਨ ਵਿਚ ਕਿਸੇ ਨੂੰ ਨਹੀਂ ਜਾਣਦਾ ਪਰ ਭਗਤਿ ਰੂਪੀ ਮਿਸ਼ਰੀ ਨਾਲ ਮਿਲਿਆਂ ਸਭੇ ਵਿਘਨ ਨਾਸ਼ ਕਰਦਾ ਹੈ ਤੇ ਨਿਤ ਪ੍ਰਤਿ ਵਧਦਾ ਜਾਂਦਾ ਹੈ।

ਉਂਜ ਹੁਣ ਵਿਦਵਾਨ ਤੇ ਸਿੱਖਿਆ ਸ਼ਾਸਤਰੀ ਵੀ ਗਿਆਨ ਨੂੰ ਪਹਿਲੀ ਪੌੜੀ ਮੰਨਦੇ ਹਨ ਕੇਵਲ ਜਾਣਕਾਰੀ। ਉਸ ਤੋਂ ਅਗੇ ਸਮਝ ਹੈ ਤੇ ਫੇਰ ਅਮਲ। ਅਤੇ

ਅਮਲ ਸੇ ਜਿੰਦਗੀ ਬਨਤੀ ਹੈ
ਜਨਤ ਬੀ ਜਹਨਮ ਬੀ,
ਯੇ ਖਾਕੀ ਅਪਨੀ ਫਿਤਰਤ ਮੇਂ
ਨਾ ਨੂਰੀ ਹੈ ਨ ਨਾਰੀ ਹੈ!

ਜੰਨਤ ਇਬਾਦਤ ਨਾਲ ਹੀ ਬਣਦੀ ਹੈ, ਸੱਚੀ ਭਗਤੀ ਨਾਲ, ਪ੍ਰਭੂ ਪਿਆਰ ਦੀ ਭਗਤੀ ਨਾਲ:

Sri Satguru Jagjit SIngh Ji Elibrary NamdhariElibrary@gmail.com

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ।
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ। -ਸਿਰੀ ਰਾਗ ਮਹਲਾ 3

ਭਗਤੀ ਕੀ ਹੈ? ਇਹ ਕਿੰਨੇ ਪ੍ਰਕਾਰ ਦੀ ਹੈ ਬਾਰੇ ਗ੍ਰੰਥਾਂ ਵਿਚ ਵਰਨਨ ਹੈ ਕਿ ਭਗਤੀ ਇੱਕ ਯੋਗ ਹੈ ਅਤੇ ਨਵਧਾ ਭਗਤੀ ਲਿਖੀ ਹੈ "ਭਗਤਿ ਨਵੈ ਪ੍ਰਕਾਰ" ਮਹਲਾ-5 ਇਹ ਨੌ ਪ੍ਰਕਾਰ ਦੀ ਭਗਤੀ ਹੈ: ਸਰਵਣ, ਕੀਰਤਨ, ਸਿਮਰਣ, ਚਰਨ ਸੇਵਾ, ਅਰਚਨ, ਵੰਦਨ, ਸਾਖਯ, ਦਾਸਯ ਤੇ ਆਤਮ ਨਿਵੇਦਨ। ਮਨੁੱਖ ਕਲੇਸ਼ਾਂ ਦੀ ਨਵਿਰਤੀ ਲਈ ਆਸਨ, ਪ੍ਰਾਣਾਯਾਮ ਕਰਕੇ ਸ਼ਰੀਰ ਨੂੰ ਕਸ਼ਟ ਦੇਂਦਾ ਹੈ। ਪਰ ਬਾਣੀ ਵਿਚ ਭਗਤੀ ਨੂੰ ਯੋਗ ਕਿਹਾ ਹੈ, ਸਹਜਯੋਗ। ਭਗਤੀ ਯੋਗ ਸੰਸਾਰ ਤਿਆਗ ਕੇ ਨਹੀਂ ਸੰਸਾਰ ਵਿਚ ਰਹਿ ਕੇ ਕਮਾਇਆ ਜਾ ਸਕਦਾ ਹੈ।

ਪਤੰਜਲੀ ਰਿਖੀ ਨੇ ਯੋਗ ਦਰਸ਼ਨ ਦਾ ਪ੍ਰਚਾਰ ਕੀਤਾ। ਦਰਸ਼ਨ ਅਨੁਸਾਰ ਯੋਗ ਦੇ ਅਠ ਅੰਗ ਹਨ: ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਣਾ, ਧਯਾਨ ਅਤੇ ਸਮਾਧੀ।

ਭਗਤੀ ਜੋਗ ਵਿਚ ਅੱਠ ਅੰਗ ਕਿਹੜੇ ਹਨ ਬਾਰੇ ਭਗਤ ਰਤਨਾਵਲੀ ਵਿਚ ਲਿਖਿਆ ਹੈ:

ਪ੍ਰਿਥਮੇ ਯਮ ਜੋ ਆਪਣੇ ਮਨ ਨੂੰ ਨੀਵਾਂ ਰੱਖਣਾ, ਕਿਸੇ ਗੁਣ ਦੇ ਅਭਿਮਾਨ ਕਰਕੇ ਗਰਬ ਨਾ ਲਿਆਵਣਾ, ਦੂਸਰਾ ਨੇਮ ਜੋ ਸਾਧੁ ਸੰਗਤਿ ਵਿਖੇ ਕਥਾ ਕੀਰਤਨ ਦੇ ਵਿਚ ਮਨ ਨੂੰ ਠਹਿਰਾਵਣਾ, ਜੇ ਪੜ੍ਹਨ ਦੀ ਸ਼ਕਤਿ ਹੋਵੇ ਤਾਂ ਨੇਮ ਨਾਲ ਪੜ੍ਹਨਾ ਯਾਦ ਨੇਮ ਨਾਲ ਸੁਣਨਾ, ਤੀਸਰਾ ਏਕਾਤ ਦੇਸ ਏਹੁ ਹੈ, ਜੋ ਸਰਬ ਵਿਖੈ ਇਕ ਗੋਬਿੰਦ ਜਾਣਨਾ। ਚੌਥਾ ਆਸਣ ਏਹੁ ਹੈ, ਜੋ ਕਰਤਾਰ ਵਿਖੈ ਇਕ ਵਿਤ੍ਰਿ ਨੂੰ ਇਸਥਿਤ ਕਰਨਾ, ਪੰਜਵਾਂ ਪ੍ਰਾਣਾਯਾਮ ਏਹੁ ਹੈ ਜੋ ਗੁਰਾਂ ਤੇ ਬਚਨਾਂ ਨੇ ਸੁਣ ਕੈ ਮਨ ਵਿਖੇ ਇਕਤ੍ਰ ਸਮਝਣੇ ਪੂਰਕ, ਗੁਰਾਂ ਦੇ ਬਚਨਾਂ ਨੂੰ ਸਦਾ ਰਿਦੇ ਵਿਖੈ ਵਸਾਉਣਾ ਕਦੇ ਤਿਆਗ ਨਾ ਕਰਨਾ ਕੁੰਭਕ, ਗੁਰਾਂ ਦੇ ਬਚਨਾਂ ਕਰ ਕੈ ਜੋ ਪਦਾਰਥ ਤਿਆਗਣੇ ਕਹੇ ਹਨ, ਤਿਨ੍ਹਾਂ ਕਾ ਤਿਆਗ ਕਰਨਾ ਰੇਚਕ ਹੈ। ਛੇਵਾਂ ਧਯਾਨ ਏਹੁ ਹੈ ਜੋ ਗੁਰਾਂ ਦੇ ਬਚਨ ਸੁਣਨ ਪੜ੍ਹਨ ਬੈਠੇ ਧਯਾਨ ਓਨਾਂ ਦੇ ਅਰਥ ਵਿਖੈ ਰਖੈ, ਕੋਈ ਸੰਕਲਪ ਨੂੰ ਧਾਵੇ ਭੀ ਫੇਰ ਮਨ ਨੂੰ ਆਣ ਕੈ ਸ਼ਬਦ ਵਿਖੇ ਜੋੜੇ, ਅਸ਼ਟਮ ਸਮਾਧਿ ਇਹ ਹੈ ਜੋ ਦੋਇ ਚਾਰ ਘੜੀਆਂ ਜਿਤ ਵੇਲੇ ਮਨ ਸ਼ਬਦ ਵਿਚ ਠਹਿਰਿਆ। ਇਸ ਸਮਾਧੀ ਨੂੰ ਅਭਿਆਸ ਕਰਕੇ ਰੋਜ਼ ਵਧਾਏ। ਸਵਿਕਲਪਕ ਸਮਾਧਿ ਇਹੁ ਹੈ, ਜੋ ਜਾਣੇ ਮੈਂ ਸ਼ਬਦ ਦੇ ਸੁਣਨੇ ਵਾਲਾ ਹਾਂ ਤੇ ਸ਼ਬਦ ਦੇ ਅਰਥ ਭੀ ਸਮਝੀਐ, ਨਿਰਵਿਕਲਪ ਸਮਾਧਿ ਇਹੁ ਹੈ ਜੋ ਸ਼ਬਦ ਦੇ ਤਾਤਪਰਯ ਵਿਖੈ ਮਨ ਠਹਿਰਾਵੈ, ਇਹ ਭਗਤਿ ਜੋਗ ਹੈ।

—ਭਾਈ ਮਨੀ ਸਿੰਘ

ਭਾਈ ਜੀ ਦੀ ਉਪਰ ਦਿੱਤੀ ਲਿਖਤ ਵਿਚ ਆਏ ਤਿੰਨ ਸ਼ਬਦਾਂ ਪੂਰਕ, ਕੁੰਭਕ ਤੇ ਰੇਚਕ ਅਨੁਸਾਰ ਸਤਿਗੁਰੂ ਦੇ ਬਚਨਾਂ ਨੂੰ ਧਿਆਨ ਨਾਲ ਸੁਣ ਕੇ, ਮਨ ਵਿਖੇ

Sri Satguru Jagjit Singh Ji Elibrary NamdhariElibrary@gmail.com

ਵਸਾਉਣਾ ਅਤੇ ਜੋ ਪਦਾਰਥ ਗੁਰੂ ਤਿਆਗਣ ਵਾਸਤੇ ਕਹੇ ਨੂੰ ਤਿਆਗਣਾ ਹੈ। ਸਿੱਖ ਸਤਿਗੁਰੂ ਦੇ ਬਚਨ ਸਰਵਣ ਕਰਕੇ ਜਾਂ ਉਹਨਾਂ ਦੇ ਪਵਿੱਤਰ ਉਪਦੇਸਾਂ ਨੂੰ ਪੜ੍ਹ ਕੇ ਚਿਤ ਵਿਚ ਵਸਾ ਕੇ ਸਮਝ ਸਕਦੇ ਹਨ। ਫਿਰ ਵੀ ਇਹਨਾਂ ਉਤੇ ਲਿਖੇ ਤਿੰਨਾਂ ਸ਼ਬਦਾਂ ਦੇ ਯੋਗ ਦਰਸ਼ਨ ਅਨੁਸਾਰ ਅਰਥ ਸਮਝਣੇ ਪਾਠਕ ਦੇ ਗਿਆਨ ਵਿਚ ਵਾਧਾ ਕਰਨਗੇ।

ਇਹਨਾਂ ਸ਼ਬਦਾਂ ਨੂੰ ਯੋਗ ਦੇ ਇੱਕ ਅੰਗ ਪ੍ਰਾਣਾਯਾਮ ਅਨੁਸਾਰ ਸਮਝਿਆ ਜਾ ਸਕਦਾ ਹੈ। ਯੋਗ ਦਰਸ਼ਨ ਅਨੁਸਾਰ ਪ੍ਰਾਣਾਯਾਮ ਸਵਾਸਾਂ ਦੀ ਗਤੀ ਨੂੰ ਠਹਿਰਾਉਣ ਨੂੰ ਕਹਿੰਦੇ ਹਨ। ਪ੍ਰਾਣਾਯਾਮ ਦੇ ਕਠਿਨ ਪ੍ਰਕਾਰ ਬੇਅੰਤ ਹਨ ਪਰ ਮੁੱਖ ਦੋ ਹਨ। ਚੰਦ੍ਰਾਂਗ ਪ੍ਰਾਣਾਯਾਮ ਅਤੇ ਸੂਰਯਾਂਗ ਪ੍ਰਾਣਾਯਾਮ। ਨੱਕ ਦੇ ਸੱਜੇ ਪਾਸੇ ਇੜਾ ਤੇ ਖੱਬੇ ਪਾਸੇ ਪਿੰਗਲਾ ਨਾੜੀਆਂ ਹਨ, ਦੋਹਾਂ ਵਿਚਾਲੇ ਸੁਖਮਨਾ ਹੈ। ਯੋਗ ਸਾਧਨਾਂ ਅਨੁਸਾਰ ਇੜਾ ਦੇ ਰਸਤੇ ਓਅੰ ਦਾ ਜਪ ਕਰਕੇ ਸੁਆਸ ਅੰਦਰ ਖਿਚਿਆ ਜਾਂਦਾ ਹੈ—ਇਹ ਪੂਰਕ ਹੈ, ਠਹਿਰਾਇਆ ਜਾਂਦਾ ਹੈ ਜੋ ਕੁੰਭਕ ਹੈ ਅਤੇ ਓਅੰ ਦੇ ਜਪ ਨਾਲ ਬਾਹਰ ਛੱਡਿਆ ਜਾਂਦਾ ਹੈ ਉਹ ਰੇਚਕ ਹੈ। ਇਹ ਚੰਦ੍ਰਾਗ ਪ੍ਰਾਣਾਯਾਮ ਹੈ। ਸੂਰਯਾਂਗ ਪ੍ਰਾਣਾਯਾਮ ਵਿੱਚ ਪਿੰਗਲਾ ਨਾੜੀ ਰਾਹੀ ਪੂਰਕ ਕੁੰਭਕ ਪਿਛੋਂ ਇੜਾ ਦੁਆਰਾ ਰੇਚਕ ਤੇ ਹੁੰਦਾ ਹੈ ਜਪ ਦੁਆਰਾ। ਪ੍ਰਾਣਾਯਾਮ ਦੇ ਬਲ ਨਾਲ ਹੀ ਭੁਯੰਗਮ ਨਾੜੀ ਹਟ ਜਾਂਦੀ ਹੈ ਅਤੇ ਸੁਖਮਨਾ ਦਾ ਦੁਆਰ ਖੁਲ੍ਹ ਜਾਂਦਾ ਹੈ ਅਤੇ ਦਸਵੇਂ ਦੁਆਰ ਵਿਚ ਪ੍ਰਾਣਾਂ ਦੀ ਗਤੀ ਹੁੰਦੀ ਹੈ।

ਭਗਤੀ ਯੋਗ ਵਿਚ, ਸਤਿਗੁਰੂ ਜੀ ਨੇ ਇਸ ਕਸ਼ਟ ਸਾਧਕ ਪ੍ਰਾਣਾਯਾਮ ਨੂੰ ਸਰਲ ਕੀਤਾ ਹੈ। ਸਤਿਗੁਰੂ ਤੋਂ ਸੋਝੀ ਲੈ ਕੇ ਭਗਤੀ ਇਸ ਤਰ੍ਹਾਂ ਹੋ ਸਕਦੀ ਹੈ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ,

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ਼।
—ਸਿਰੀ ਰਾਗ ਮਹਲਾ 1

ਸਤਿਗੁਰੂ ਦੇ ਉਪਦੇਸ ਨਾਲ ਹੀ ਇਹ ਸਮਝ ਬਣਦੀ ਹੈ:

ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ।
ਭਗ਼ਤੀ ਰੰਗੁ ਨਾ ਉਤਰੈ ਸਹਜੇ ਰਹੈ ਸਮਾਇ। ਮਹਲਾ-3

ਸਤਿਗੁਰੂ ਦਾ ਉਪਦੇਸ ਪੜ੍ਹ-ਸੁਣ ਕੇ, ਉਸ ਨੂੰ ਮੰਨ ਕੇ, ਮਨ ਵਿਚ ਵਸਾ ਕੇ, ਉਸ ਤੇ ਅਮਲ ਕਰ ਕੇ ਇਹ ਸਮਝ ਆਉਂਦਾ ਹੈ:

ਭਗਤਿ ਭਾਇ ਤਰੀਐ ਸੰਸਾਰ ॥ ਬਿਨੁ ਭਗਤੀ ਤਨੁ ਹੋਸੀ ਛਾਰੁ।
—ਮਹਲਾ 5

ਸੋ ਭਗਤੀ ਕਰਨੀ ਤਾਂ ਜ਼ਰੂਰੀ ਹੈ ਪਰ ਸਤਿਗੁਰੂ ਦੇ ਦਿੱਤੇ ਉਪਦੇਸ ਅਨੁਸਾਰ।

Sri Satguru Jagjit Singh Ji Elibrary NamdhariElibrary@gmail.com

ਤਿਨਾ ਨ ਮਾਰੇ ਘੁੰਮਿ

ਕਿਸੇ ਨੂੰ ਨਾ ਮਾਰਨਾ, ਕਿਸੇ ਨਾਲ ਧੌਲ-ਧਫਾ ਨਾ ਕਰਨਾ, ਆਪਣੇ ਆਪ ਤੇ ਕਾਬੂ ਰਖਣਾ ਅਤੇ ਜੀਓ ਤੇ ਜੀਣ ਦਿਓ ਸਿਧਾਂਤ ਤੇ ਅਮਲ ਕਰਨਾ ਵੱਡੀ ਗੱਲ ਹੈ। ਪਰ ਜਿਹੜਾ ਮਾਰੇ ਉਸ ਨੂੰ ਨਾ ਮਾਰਨਾ ਹੋਰ ਵੱਡੀ ਗੱਲ ਹੈ। ਇਹ ਔਖੀ ਗੱਲ ਵੀ ਹੈ। ਕਿਉਂਕਿ ਆਮ ਤੌਰ ਤੇ ਇਨਸਾਨ ਨੂੰ ਗੁੱਸਾ ਆ ਜਾਂਦਾ ਹੈ, ਮਨ ਵਿਚਲਿਤ ਹੋ ਜਾਂਦਾ ਹੈ, ਤੇ ਜੀਅ ਕਰਦਾ ਹੈ ਬਦਲਾ ਤਾਂ ਲਿਆ ਹੀ ਜਾਏ। ਇਸ ਨਾਲ ਗੱਲ ਹੋਰ ਵਧ ਜਾਂਦੀ ਹੈ, ਅੰਦਰ ਹੋਰ ਦੁਖੀ ਹੋ ਜਾਂਦਾ ਹੈ, ਮਨ ਦੀ ਇਕਾਗਰਤਾ ਭੰਗ ਹੋ ਜਾਂਦੀ ਹੈ। ਸ਼ਾਂਤੀ, ਧੀਰਜ, ਨਿਮਰਤਾ ਵਰਗੀਆਂ ਸ਼ਕਤੀਆਂ ਕਮਜ਼ੋਰ ਹੋ ਜਾਂਦੀਆਂ ਹਨ, ਕਲਹ ਕਲੇਸ਼ ਵਧ ਜਾਂਦਾ ਹੈ। ਨਾਕਾਰਤਮਕ ਸ਼ਕਤੀਆਂ ਭਾਰੂ ਹੋ ਜਾਂਦੀਆਂ ਹਨ। ਜਿਨ੍ਹਾਂ ਦੇ ਪ੍ਰਭਾਵ ਤੋਂ ਬਚਣ ਲਈ ਹੀ ਕਿਹਾ ਗਿਆ ਹੈ :

"ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ ॥

ਅਤੇ ਇਸ ਤੋਂ ਅੱਗੇ :

—ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ ॥

ਮਾਰਨ ਵਾਲੇ ਨੂੰ ਬਦਲੇ ਵਿੱਚ ਨਾ ਮਾਰਨਾ ਵੀ ਇੱਕ ਗੱਲ ਹੈ ਪਰ ਜੇ ਉਸ ਦੇ ਘਰ ਜਾ ਕੇ ਉਸ ਦੇ ਪਰ ਚੁੰਮਣੇ ਭਾਵ ਹੋਰ ਵਧ ਨਿਰਮਤਾ ਵਿਖਾਉਣਾ ਉਸ ਤੋਂ ਕਿਤੇ ਅਗਾਂਹ ਦੀ ਗੱਲ ਹੈ। ਐਸੀ ਭਾਵਨਾ ਬਣਨੀ ਵੀ ਐਨੀ ਸੌਖੀ ਨਹੀਂ, ਜਿੰਨੀ ਬਿਜਲੀ ਜਗਾਉਣੀ ਬਝਾਉਣੀ। ਬਿਜਲੀ ਦਾ ਤਾਂ ਸੌਖਾ ਕੰਮ ਹੈ ਨਾ! ਜੇ ਸਾਡੇ ਘਰ ਬਿਜਲੀ ਲੱਗੀ ਹੋਈ ਹੈ। ਪਿਛੋਂ ਬਿਜਲੀ ਆ ਰਹੀ ਹੈ, ਹੋਰ ਕੋਈ ਨੁਕਸ ਨਹੀਂ ਤਾਂ ਸਵਿਚ ਦਬਾਉਂਦਿਆਂ ਹੀ ਚਾਨਣ ਦੀ ਚਾਦਰ ਪਸਰ ਜਾਏਗੀ। ਪਰ ਮਨੁੱਖੀ ਸੋਚ, ਮਨ ਤੇ ਬੁਧੀ ਬੜੀ ਜਟਿਲ ਹੈ। ਜ਼ਰੂਰੀ ਨਹੀਂ ਜੋ ਸਾਡੀ ਸੋਚ ਬਣਦੀ ਹੈ ਉਹ ਮਨ ਦੀ ਗੱਲ ਹੀ ਹੋਵੇ। ਜੋ ਮਨ ਵਿੱਚ ਆਵੇ ਉਸ ਨੂੰ ਬੁਧੀ ਪਰਵਾਨ ਕਰੇ।

ਕਈ ਵਾਰੀ ਲੰਘਦਿਆਂ ਲੰਘਦਿਆਂ ਵੇਖ ਕੇ ਸੋਚ ਬਣ ਹੀ ਜਾਂਦੀ ਹੈ ਕਿ ਕੋਈ ਉੱਚੀ ਇਮਾਰਤ ਜਾਂ ਵਧੀਆ ਕੋਠੀ ਮੇਰੀ ਹੋਵੇ। ਮਨ ਵੀ ਕਰਦਾ ਹੈ ਕਿ ਉਸਦੇ ਸੁਖ ਮਾਣ ਸੱਕੀਏ ਪਰ ਬੁਧੀ ਤਾਂ ਕਹਿ ਦੇਂਦ ਹੈ ਸ਼ੀਸ਼ਾ ਵੇਖਿਆ ਈ। ਇਹ ਮੂੰਹ ਤੇ ਮਨਸੂਰ ਦੀ ਦਾਰ। ਆਪਣੀ ਔਕਾਤ ਤਾਂ ਵੇਖ ਤੇ ਜੇ ਕੋਈ ਅਨੈਤਿਕ ਕੰਮ ਕਰਕੇ

Sri Satguru Jagjit Singh Ji Elibrary NamdhariElibrary@gmail.com

ਉਸ ਥਾਂ ਤੇ ਕਾਬਜ਼ ਹੋਣ ਦੀ ਵਿਉਂਤ ਬਾਰੇ ਸੋਚੇ ਤਾਂ ਬੁਧੀ ਉਸ ਕਾਰਨ ਸਾਨੂੰ ਆਉਣ ਵਾਲੀਆਂ ਔਕੜਾਂ ਬਾਰੇ ਵੀ ਚਾਨਣ ਦੇ ਦੇਂਦੀ ਹੈ। ਅਸੀਂ ਬਹੁਤ ਕੁਝ ਜੋ ਆਪਣੀ ਵਿੱਤੋਂ ਬਾਹਰ ਹੁੰਦਾ ਹੈ ਕਰਨ ਤੋਂ ਆਪਣੇ ਆਪ ਨੂੰ ਸੰਕੋਚ ਲੈਂਦੇ ਹਾਂ।

ਉਂਜ ਤਾਂ ਮਨ ਵਿੱਚ ਜੋ ਮਰਜੀ ਹੋਵੇ ਜੇ ਜ਼ਬਾਨ ਤੇ ਆ ਜਾਵੇ ਤਾਂ ਸਾਡੀ ਪੋਲ ਪੱਟੀ ਜ਼ਾਹਿਰ ਹੋ ਜਾਂਦੀ ਹੈ। ਪਰ ਜੇ ਉਸ ਤੋਂ ਬਾਅਦ ਕੋਈ ਕਿਸੇ ਜ਼ਬਾਨ ਤੇ ਆਏ ਮੰਦੇ ਕਰਮਾਂ ਜਾਂ ਮਨ ਵਿੱਚ ਆਈ ਭੈੜੀ ਸੋਚ ਕਾਰਨ ਹੱਥ ਚੁੱਕ ਕੇ, ਅਮਲੀ ਸ਼ਕਲ ਅਖਤਿਆਰ ਕਰ ਲਏ ਤਾਂ ਲੈਣੇ ਦੇ ਦੇਣੇ ਪੈ ਸਕਦੇ ਹਨ।

ਪਰ ਦੂਜੇ ਪਾਸੇ ਕੋਈ ਜ਼ਿਆਦਤੀ ਹੋਏ ਤਾਂ ਉਸ ਨੂੰ ਸਹਿਣ ਵਾਲੇ ਵਿੱਚ ਵੀ ਬੜਾ ਵੱਡਾ ਜਿਗਰਾ ਹੁੰਦਾ ਹੈ। ਉਹ ਜਿਗਰਾ ਉਸ ਨੂੰ ਵਿਰਸੇ ਵਿੱਚ ਵੀ ਮਿਲਿਆ ਹੋ ਸਕਦਾ ਹੈ। ਉਸਨੇ ਅਭਿਆਸ ਨਾਲ ਵੀ ਪ੍ਰਾਪਤ ਕੀਤਾ ਹੋ ਸਕਦਾ ਹੈ। ਉਸਦੀ ਵੱਡਤਣ ਦਾ ਪ੍ਰਤੀਕ ਵੀ ਹੋ ਸਕਦਾ ਹੈ। ਪਰ ਜੇ ਜਿਗਰਾ ਰੱਖਣਾ ਹੈ, ਹੌਸਲਾ ਰਖਣਾ ਹੈ, ਧੀਰਜ ਰਖਣਾ ਹੈ ਤਾਂ ਤਿਨਾ ਨਾ ਮਾਰੇ ਘੁਮਿ ਦੀ ਸਥਿਤੀ ਵਿੱਚ ਆਉਣ ਵਾਸਤੇ ਸਵੈ-ਕਾਬੂ ਵੀ ਰਖਣਾ ਹੀ ਹੈ। ਉਹ ਸਵੈ-ਕਾਬੂ ਰਖਣਾ ਹੈ ਮਨ ਮਾਰ ਕੇ, ਮਨ ਮੈਦਾਨ ਕਰਕੇ, ਟੋਏ ਟਿੱਬੇ ਢਾਹ ਕੇ।

ਇਸ ਵਾਸਤੇ ਕਈ ਵਾਰ ਦੂਜਿਆਂ ਨੂੰ ਸਮਝਾਉਣ ਲਈ ਸਿਆਣੇ ਸੰਸਾਰਕ ਦਲੀਲ ਵੀ ਦੇਂਦੇ ਹਨ। ਇੱਕ ਵਾਰ ਮਹਾਤਮਾ ਬੁੱਧ ਜੀ ਨੂੰ ਕਿਸੇ ਨੇ ਬੁਰਾ ਭਲਾ ਕਿਹਾ। ਉਹਨਾਂ ਨੇ ਉਸਦਾ ਕੋਈ ਜਵਾਬ ਨਹੀ ਦਿੱਤਾ ਤੇ ਆਪਣੇ ਹੀ ਰੰਗ ਵਿੱਚ ਅਗਾਂਹ ਨੂੰ ਤੁਰਦੇ ਹੋਏ। ਅਗਾਂਹ ਜਾ ਕੇ ਉਹਨਾਂ ਦੇ ਇੱਕ ਅਨੁਯਾਈ ਨੇ ਆਖਿਆ, ਮਹਾਤਮਾ ਜੀ! ਉਸ ਨੇ ਤੁਹਾਨੂੰ ਮੰਦਾ ਫਿੱਕਾ ਬੋਲਿਆ ਹੈ, ਗਾਲ੍ਹਾਂ ਕੱਢੀਆਂ ਹਨ। ਤੁਸੀ ਕੋਈ ਜਵਾਬ ਨਹੀ ਦਿੱਤਾ, ਕਿਉਂ?" ਮਹਾਤਮਾ ਜੀ ਨੇ ਉਸ ਨੂੰ ਅਗੋਂ ਸਵਾਲ ਕੀਤਾ, "ਜੇ ਕਿਤੇ ਮੰਗਣ ਗਿਆਂ, ਸਾਨੂੰ ਕੋਈ ਖ਼ੈਰ ਪਾਉਣਾ ਚਾਹੇ, ਅਸੀਂ ਉਹ ਨਾ ਲਈਏ ਤਾਂ ਉਹ ਵਸਤੂ ਕਿਸ ਕੋਲ ਰਹੀ?" ਇਸ ਸਵਾਲ ਵਿੱਚ ਛਿਪਿਆ ਹੋਇਆ ਜਵਾਬ ਉਹਨਾਂ ਦੇ ਅਨੁਯਾਈ ਨੂੰ ਵੀ ਸਮਝ ਆ ਗਿਆ।

ਕਈ ਵਾਰ ਮੰਦੀ ਸੋਚ ਵਾਲਾ ਮਨੁੱਖ ਘਰੋਂ ਲੜਾਈ ਲਈ ਤਿਆਰ ਹੁੰਦਾ ਹੈ। ਉਹ ਦੂਜੇ ਨੂੰ ਉਕਸਾਉਣ ਵਾਸਤੇ ਮੰਦਾ ਬੋਲਦਾ ਹੈ, ਮੰਦਾ ਲਿਖਦਾ ਹੈ ਤੇ ਦੂਜੇ ਦੇ ਸਰੀਰ ਤੇ ਵਾਰ ਵੀ ਕਰਦਾ ਹੈ। ਪਰ ਸਾਮ੍ਹਣੇ ਵਾਲਾ ਵਿਅਕਤੀ ਜੇ ਸ਼ਾਂਤ, ਚੁੱਪ, ਅਡੋਲ, ਸਹਿਨਸ਼ੀਲ ਰਹਿ ਕੇ ਜਰਦਾ ਹੈ ਤਾਂ ਫਿਰ ਘਰੋਂ ਲੜਾਈ ਦਾ ਬਾਨਣੂ ਬੰਨ੍ਹ ਕੇ ਆਇਆ ਮਨੁੱਖ ਬਿਨਾ ਲੜਿਆਂ ਹੀ ਹਾਰ ਮਹਿਸੂਸ ਕਰਦਾ ਹੋਇਆ ਪਰੇਸ਼ਾਨ ਹੁੰਦਾ ਹੈ। ਪਰ ਸਹਿਨਸ਼ੀਲ ਤਾਂ ਜਿੱਤ ਹੀ ਜਾਂਦਾ ਹੈ। ਹਾਂ, ਜੇ ਉਹ ਵੀ ਅਗੋਂ ਖੂਹ ਦੀ ਅਵਾਜ਼ ਦੇਵੇ ਤਾਂ ਮਹਾਂਭਾਰਤ ਕਿਸੇ ਵੇਲੇ ਵੀ ਹੋ ਸਕਦਾ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਤਾਂ:

Sri Satguru Jagjit Singh Ji Elibrary NamdhariElibrary@gmail.com

—ਜ਼ੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾਂ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
—ਭਾਈ ਗੁਰਦਾਸ

ਤਾਂ ਗੁਰੂ ਨਾਨਕ ਨੇ ਨਾਂ ਪੀੜ ਜਤਾਈ ਨਾ ਉਲ੍ਹਾਂਭਾ ਦਿੱਤਾ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਆਪ ਜੀ ਦੀ ਦਿਖਾਈ ਕਲਾ ਤੋਂ ਪ੍ਰਭਾਵਿਤ ਹੋ ਕੇ :

ਹੋਇ ਹੈਰਾਨੁ ਕਰੇਨਿ ਜੁਹਾਰੀ। —ਭਾਈ ਗੁਰਦਾਸ

ਪਰ ਜੇ ਸਤਿਗੁਰੂ ਜੀ ਉਹਨੂੰ ਉਲ੍ਹਾਂਭਾ ਦੇਂਦੇ ਉੱਚਾ ਨੀਵਾਂ ਬੋਲਦੇ ਤਾਂ ਜੀਵਣ ਤਾਂ ਲੜਨ ਨੂੰ ਤਿਆਰ ਹੀ ਸੀ। ਏਸੇ ਤਰ੍ਹਾਂ ਗੁਰੂ ਅਮਰ ਦਾਸ ਨੂੰ ਦੂਜੇ ਪਾਤਸ਼ਾਹ ਦੇ ਸਾਹਿਬਜ਼ਾਦੇ ਨੇ ਜਦੋਂ ਲੱਤ ਮਾਰੀ ਤਾਂ ਆਪ ਨੇ ਵੀ ਨਿਮਰਤਾ ਹੀ ਪ੍ਰਗਟ ਕੀਤੀ ਅਤੇ ਸਹਿਨਸ਼ੀਲਤਾ ਵਿਖਾਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਆਪਣੇ ਰਹਿਤਨਾਮੇ ਵਿੱਚ ਗੁਰਸਿੱਖਾਂ ਨੂੰ ਖ਼ਾਸ ਹੁਕਮ ਲਿਖ ਭੇਜਿਆ ਕਿ :

"ਬੋਲੁ ਕਬੋਲ ਸਹਿ ਜਾਣਾ ਸਭਦਾ, ਜੋ ਕੋਈ ਮਾਰੇ ਕੁਛੁ ਤਾਂ ਭੀ ਖਿਮਾ ਕਰਨੀ। ਤੁਸਾਂ ਦਾ ਰੱਛਕ ਗੁਰੂ ਹੈ।" ਪਰ ਇਹ ਸੁਮੱਤ ਸਤਿਗੁਰੂ ਹੀ ਦੇ ਸਕਦਾ ਹੈ ਕਿਉਂਕਿ ਉਸਨੇ ਆਪ ਕਮਾਇਆ ਹੁੰਦਾ ਹੈ। ਉਹ ਸਧਾਰਨ ਮਨੁੱਖਾਂ ਤੋਂ ਬੜੀ ਉੱਚੀ ਅਵਸਥਾ ਵਿੱਚ ਹੁੰਦਾ ਹੈ ਜਾਂ ਫਿਰ ਉਸਦੇ ਸੰਤ ਸਾਧ ਜੋ ਉਸ ਦੀ ਦੱਸੀ ਵਿਧੀ ਅਨੁਸਾਰ ਕਮਾਈ ਕਰਦੇ ਹਨ ਤਾਂ ਉਹਨਾਂ ਅੰਦਰ ਵੀ ਸਹਿਨਸ਼ੀਲਤਾ ਆ ਜਾਂਦੀ ਹੈ। ਪੰਜਵੇਂ ਪਾਤਸ਼ਾਹ ਸਤਾਈਵੇਂ ਅਤੇ ਅੱਠਾਈਵੇਂ ਸਹਸਕ੍ਰਿਤੀ ਸ਼ਲੋਕ ਵਿੱਚ ਸੰਤ ਦਾ ਸੁਭਾਅ ਦਸਦੇ ਹੋਏ ਲਿਖਦੇ ਹਨ :

ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ ॥
ਨਾਨਕ ਭੋਜਨ ਅਨਿਕ ਪ੍ਰਕਾਰੇਣ
ਨਿੰਦਕ ਆਵਧ ਹੋਇ ਉਪਤਿਸਟਤੇ ॥
ਤਿਰਸਕਾਰ ਨਹ ਭਵੰਤਿ, ਨਹ ਭਵੰਤਿ ਮਾਨ ਭੰਗਨਹ ॥
ਸੋਭਾਹੀਨ ਨਹ ਭਵੰਤਿ, ਨਹ ਪੋਹੰਤਿ ਸੰਸਾਰ ਦੁਖ ਨਹ ॥
ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ
ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥

ਭਾਵ ਸੰਤਾਂ ਵਾਸਤੇ ਉਹਨਾਂ ਅੰਦਰ ਸਹਿਸ਼ੀਲਤਾ ਹੋਣ ਕਰਕੇ ਮਿੱਤਰ ਵੈਰੀ ਸਮਾਨ ਹੁੰਦੇ ਹਨ। ਉਹਨਾਂ ਨੂੰ ਕੋਈ ਅਨੇਕ ਪ੍ਰਕਾਰ ਦੇ ਭੋਜਨ ਦੇਵੇ, ਉਹਨਾਂ ਦੀ ਕੋਈ ਨਿੰਦਿਆ ਕਰੇ, ਕੋਈ ਉਹਨਾਂ ਨੂੰ ਸ਼ਸਤਰ ਮਾਰਨ ਲਈ ਖੜਾ ਹੋਵੇ ਉਹ ਸਭ ਨੂੰ ਇਕੋ ਜਿਹਾ ਵੇਖਦੇ ਹਨ। ਨਾ ਉਹਨਾਂ ਦਾ ਅਨਾਦਰ ਹੁੰਦਾ ਹੈ ਨਾ ਮਾਨ ਭੰਗ ਹੁੰਦਾ ਹੈ। ਨਾ ਉਹ ਸੋਭਾਹੀਨ ਹੁੰਦੇ ਹਨ। ਨਾ ਉਹਨਾਂ ਨੂੰ ਸੰਸਾਰ ਦਾ ਦੁੱਖ ਪੋਹਦਾ ਹੈ। ਪਰ ਇਹ ਬਿਰਤੀ ਨਾਮ ਜਪਣ ਨਾਲ ਬਣੀ ਹੈ, ਸਾਧ ਸੰਗਤ ਕਰਨ ਨਾਲ ਬਣਦੀ

Sri Satguru Jagjit Singh Ji Elibrary NamdhariElibrary@gmail.com

ਹੈ ਅਤੇ ਪ੍ਰਾਣੀ ਵਿੱਚ ਇਸ ਨਾਲ ਹੀ ਸੁਖ ਦਾ ਵਾਸ ਹੁੰਦਾ ਹੈ। ਇਸ ਦੇ ਉਲਟ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੇ ਕੋਈ ਪ੍ਰਾਣੀ ਦਿੱਸਣ ਨੂੰ ਤਾਂ ਭਜਨ ਬੰਦਗੀ ਕਰਦਾ ਹੈ, ਅੰਦਰੋਂ ਸੜਦਾ ਕ੍ਰਿਝਦਾ ਰਹਿੰਦਾ ਹੈ, ਕੁੜ੍ਹਦਾ ਰਹਿੰਦਾ ਹੈ; ਮੰਦਾ ਚਿਤਵਦਾ ਤੇ ਮੰਦਾ ਬੋਲਦਾ ਹੈ ਤਾਂ ਸਪਸ਼ਟ ਹੈ ਕਿ ਉਹ ਭਜਨ ਬੰਦਗੀ ਨਹੀ ਕਰਦਾ ਆਪਣੇ ਵਾਸਤੇ ਵਿਖਾਲਾ ਕਰਦਾ ਹੈ। ਪੰਜਵੇਂ ਪਾਤਸ਼ਾਹ ਮਨੁੱਖ ਨੂੰ ਸਮਝਾਉਣ ਵਾਸਤੇ ਪਵਨ, ਪਾਣੀ ਸਹਿਨਸ਼ੀਲ ਹੋਣ ਦੀ ਮਿਸਾਲ ਵੀ ਦੇਂਦੇ ਹਨ, ਅਤੇ ਧਰਤੀ ਦੇ ਖ਼ਿਮਾ ਸਰੂਪ ਹੋਣ ਦੀ ਵੀ :

ਸਹਿਨਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ।

ਪਰ ਨਾਲ ਸਮਝਾਉਂਦੇ ਹਨ। ਤੂੰ ਕੀ ਲੈ ਕੇ ਆਇਆ ਹੈ ਜਿਸਦਾ ਹੰਕਾਰ ਕਰਦਾ ਹੈ।

ਫਰੀਦ ਜੀ ਮਨੁੱਖ ਨੂੰ ਨਿਮਰ ਹੋਣ ਲਈ ਪੈਰਾਂ ਹੇਠ ਵਿਛਾਈ ਜਾਣ ਵਾਲੀ ਦੱਬ ਤੁੱਲ ਹੋਣ ਦੀ ਸਿੱਖਿਆ ਦੇਂਦੇ ਹਨ ਤੇ ਗੁਰੂ ਨਾਨਕ ਤਾਂ ਖਿਮਾਂ ਬਾਰੇ ਇਸ ਤਰ੍ਹਾਂ ਫਰਮਾਉਂਦੇ ਹਨ :

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥ —ਓਅੰਕਾਰ

ਸੋ ਜੇ ਕਿਸੇ ਨੇ ਤਿਨਾ ਨ ਮਾਰੇ ਘੁੰਮਿ ਦਾ ਮੁੱਢ ਬੰਨ੍ਹਣਾ ਹੋਵੇ ਤਾਂ ਉਸ ਲਈ ਖ਼ਿਮਾਭਾਵੀ ਅਤੇ ਸਹਿਨਸ਼ੀਲ ਹੋਣਾ ਜ਼ਰੂਰੀ ਹੈ। ਉਂਜ ਵੀ ਜੇ ਮਨੁੱਖ ਚਾਹੇ ਕਿ ਇੱਟ ਦਾ ਜਵਾਬ ਪੱਥਰ ਨਾਲ ਦੇਵੇ, ਜੇ ਉਹ ਸੋਚੇ ਕਿ ਲੜਾਈ ਖ਼ੂਹ ਦੀ ਅਵਾਜ਼ ਹੈ, ਜੇ ਉਹ ਚਿਤਵੇ ਕਿ ਜੇ ਤੁਸੀਂ ਅਮਨ ਚਾਹੁੰਦੇ ਹੋ ਤਾਂ ਜੰਗ ਲਈ ਤਿਆਰ ਰਹੋ ਤਾਂ ਉਸ ਨੂੰ ਸਹੀ ਸੁਖ ਨਹੀ ਮਿਲ ਸਕਦਾ। ਕਿਉਂਕਿ ਉਸਦੇ ਅੰਦਰ ਦੀ ਕ੍ਰੋਧ ਦੀ ਅਗਨੀ ਅਜੇ ਪ੍ਰਚੰਡ ਹੈ। ਉਸਦੇ ਦਿਮਾਗ਼ ਨੂੰ ਹੰਕਾਰ ਨੇ ਅਸਲੀਅਤ ਵਲੋਂ ਬੇਹੋਸ਼ ਕਰ ਦਿੱਤਾ ਹੈ। ਉਸਦੀ ਤ੍ਰਿਸ਼ਨਾ ਬੇਲਗਾਮ ਘੋੜੇ ਵਾਂਗ ਬੇਕਾਬੂ ਹੈ। ਪਰ ਇਹਨਾਂ ਨੂੰ ਕਾਬੂ ਕਰੇ ਬਿਨਾ ਪਿਛਾਂਹ ਮੁੜਿਆ ਨਹੀਂ ਜਾ ਸਕਦਾ। ਫਿਰ ਤਿਨਾ ਨਾ ਮਾਰੇ ਘੁੰਮਿ ਵਾਲੀ ਅਵਸਥਾ ਕਿੱਥੋਂ ਬਣਨੀ ਹੈ। ਪਰ ਗੁਰੂ ਅਮਰ ਦਾਸ ਜੀ ਕਹਿੰਦੇ ਹਨ ਕਿ ਮੈਂ ਹਉਮੈ, ਤ੍ਰਿਸ਼ਨਾ, ਕ੍ਰੋਧ ਤੋਂ ਬਚ ਗਿਆ ਹਾਂ ਕਿਉਂਕਿ ਮੈਨੂੰ ਸਤਿਗੁਰੂ ਮਿਲਿਆ ਹੈ—

ਗੁਰ ਮਿਲਿਐ ਹਮ ਕਉ ਸਰੀਰ ਸੁਧਿ ਭਈ ॥
ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥
ਬਿਨਸੇ ਕ੍ਰੋਧ ਖਿਮਾ ਗਹਿ ਲਈ ॥ ਗਉੜੀ ਮਹਲਾ-3

ਅੰਦਰੋਂ ਸਤਿਗੁਰ ਦੀ ਕਿਰਪਾ ਨਾਲ, ਸਤਿਗੁਰੂ ਨੂੰ ਮਿਲਿਆਂ ਪ੍ਰਾਪਤ ਹੋਈ ਹੈ ਉਸ ਤੋਂ ਵਿਛੜਿਆਂ ਨਹੀ ਕੁਝ ਪ੍ਰਾਪਤ ਹੋਣਾ, ਨਾ ਹੀ ਉਸ ਤੋਂ ਬੇਮੁਖ ਹੋਇਆਂ ਸਾਡਾ ਮਨ ਸ਼ੁਧ ਹੁੰਦਾ ਹੈ।

Sri Satguru Jagjit Singh Ji Elibrary NamdhariElibrary@gmail.com

ਜਿੰਨ੍ਹਾਂ ਦਾ ਮਨ ਸ਼ੁਧ ਹੁੰਦਾ ਹੈ ਉਹ ਬਚਨ ਵੀ ਸਹੀ ਕਰਦੇ ਹਨ। ਜਦੋਂ ਬਚਨ ਸਹੀ ਕਰਦੇ ਹਨ ਤਾਂ ਕਰਮ ਵੀ ਚੰਗੇ ਹੀ ਹੁੰਦੇ ਹਨ, ਕੋਈ ਓਪਰਾ ਨਹੀਂ ਲੱਗਦਾ, ਬੇਗਾਨਾ ਨਹੀਂ ਲੱਗਦਾ। ਸੰਸਾਰ ਵਿੱਚ ਸੁਹਿਰਦਤਾ ਫੈਲਦੀ ਹੈ। ਮਿਤਰਤਾ ਵੱਧਦੀ ਹੈ, ਦੁਸ਼ਮਨੀ ਘਟਦੀ ਹੈ। ਸੁਖ ਵੱਧਦਾ ਹੈ ਐਸੀਆਂ ਤਰੰਗਾਂ ਦਾ ਹੀ ਅਦਾਨ-ਪ੍ਰਦਾਨ ਹੁੰਦਾ ਹੈ। ਮਨ ਦੀ ਅਵਸਥਾ ਜਦੋਂ ਸਹਿਜ ਹੋ ਜਾਂਦੀ ਹੈ ਤਾਂ ਕਿਸੇ ਨੂੰ ਬਦਲੇ ਵਿੱਚ ਮਾਰਨਾ ਤਾਂ ਕਿਤੇ ਰਿਹਾ ਉਸਦੇ ਘਰ ਜਾ ਕੇ ਉਸਦੇ ਪੈਰ ਚੁੰਮਣੇ ਔਖੇ ਨਹੀਂ ਲੱਗਦੇ ਪਰ ਇਹ ਹੁੰਦਾ ਹੈ ਲਗਾਤਾਰ ਚਿੰਤਨ ਕਰਿਆਂ, ਕੋਸ਼ਿਸ਼ ਕਰਿਆਂ, ਸਵੈ-ਕਾਬੂ ਰਖਿਆਂ ਅਤੇ ਸ੍ਰੀ ਸਤਿਗੁਰੂ ਜੀ ਦਾ ਆਸਰਾ ਲਿਆਂ।

Sri Satguru Jagjit SIngh Ji Elibrary NamdhariElibrary@gmail.com

ਰੀਸਾ ਕਰਹਿ ਤਿਨਾੜੀਆ

ਰੀਸ ਕਰਨਾ ਹੁੰਦਾ ਹੈ, ਕਿਸੇ ਦੀ ਬਰਾਬਰੀ ਕਰਨਾ। ਬਰਾਬਰੀ ਕਰਨ ਵਾਲਾ ਮਨੁੱਖ ਵੀ ਆਪਣੇ ਤੋਂ ਛੋਟੇ ਤੇ ਕਮਜ਼ੋਰ ਦੀ ਬਰਾਬਰੀ ਨਹੀਂ ਕਰਦਾ ਸਗੋਂ ਆਪਣੇ ਤੋਂ ਵੱਡੇ ਦੀ ਬਰਾਬਰੀ ਕਰਦਾ ਹੈ। ਉਹ ਵੱਡਾ ਵੀ ਐਡਾ ਵੱਡਾ ਹੁੰਦਾ ਹੈ ਕਿ ਕਈ ਵਾਰ ਆਪ ਉਸ ਦੇ ਗਿੱਟਿਆਂ ਤਕ ਵੀ ਨਹੀਂ ਪਹੁੰਚੀਦਾ। ਇੱਕ ਮਿਸਾਲ ਸੁਣੀ ਹੈ ਕਿ ਚੂਹੇ ਦੀ ਹਾਥੀ ਦੇ ਬੱਚੇ ਨਾਲ ਦੋਸਤੀ ਹੋ ਗਈ। ਇਕ ਦਿਨ ਚੂਹੇ ਨੇ ਉਸ ਤੋਂ ਪੁਛਿਆ, "ਮਿਤਰਾ ਤੇਰੀ ਉਮਰ ਕਿੰਨੀ ਹੈ?" "ਦੋ ਸਾਲ। ਤੇਰੀ ਕਿੰਨੀ ਉਮਰ ਹੈ?" ਹਾਥੀ ਦੇ ਬੱਚੇ ਨੇ ਕਿਹਾ। ਚੂਹਾ ਕਹਿਣ ਲਗਾ, "ਉਮਰ ਤਾਂ ਮੇਰੀ ਵੀ ਦੋ ਸਾਲ ਹੈ ਪਰ ਕੁਝ ਬਿਮਾਰ ਛਮਾਰ ਰਹਿਣ ਕਰਕੇ ਏਡਾ ਕੁ ਹਾਂ।" ਰੀਸ ਕੀਤੀ ਉਮਰ ਦੀ, ਸਰੀਰ ਹਾਥੀ ਤੁੱਲ ਨਾ ਹੋਣ ਦਾ ਬਹਾਨਾ ਲਭ ਲਿਆ।

ਗੁਰਬਾਣੀ ਵਿਚ ਰੀਸ ਕਰਨ ਦੀ ਡਾਢੀ ਪਰਚਲਤ ਮਿਸਾਲ ਹੈ ਹੰਸ ਤੇ ਬਗਲੇ ਦੀ। ਆਪਣਾ ਹੰਸਾਂ ਵਰਗਾ ਚਿਟਾ ਰੰਗ ਵੇਖ ਕੇ ਬਗਲਿਆਂ ਨੇ ਸੋਚਿਆ ਅਸੀਂ ਵੀ ਇਹਨਾਂ ਵਾਂਗ ਤਰ ਸਕਦੇ ਹਾਂ ਪਰ ਹੋਇਆ ਕੀ?

ਹੰਸਾ ਵੇਖ ਤਰੰਦਿਆ ਬਗਾ ਭਿ ਆਯਾ ਚਾਉ ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰ ਪਾਉ ॥ -ਮਹਲਾ 3

ਹੰਸਾ ਦੇ ਮੁਕਾਬਲੇ ਤਾਰੀ ਲਾਉਂਦਾ ਬਗਲਾ ਤਾਂ ਜਾਨ ਗੁਆ ਹੀ ਬੈਠਦਾ ਹੈ। ਪਰ ਜੇ ਕੋਈ ਬਗਲਾ ਹੰਸਾਂ ਵਿੱਚ ਬੈਠ ਜਾਏ। ਉਸ ਦੇ ਰੰਗ ਕਰਕੇ ਭਾਵੇਂ ਕੋਈ ਅਨਜਾਣ ਉਸ ਨੂੰ ਨਾ ਪਛਾਣ ਸਕੇ ਤਾਂ ਵਖਰੀ ਗਲ ਹੈ ਪਰ ਉਸ ਦੇ ਕਰਮ ਆਪਣੀ ਪਛਾਣ ਕਰਾ ਦੇਂਦੇ ਹਨ। ਕਿਉਂਕਿ ਜਦ ਭੁੱਖ ਲਗਣੀ ਹੈ ਹੰਸ ਨੇ ਮੋਤੀ ਚੁਗਣੇ ਹਨ, ਤੇ ਬਗਲੇ ਨੇ ਤਾਂ ਮਛੀ ਨੂੰ ਚੁੰਝ ਵਿਚ ਫਸਾ ਲੈਣਾ ਹੈ।

ਹੰਸ ਪ੍ਰਤੀਕ ਹੈ ਸੱਚੇ ਸੁੱਚੇ ਸਦਾਚਾਰੀ ਮਨੁੱਖ ਦਾ, ਗੁਰਸਿੱਖ ਦਾ ਬਗਲਾ ਪ੍ਰਤੀਕ ਹੈ ਕਪਟੀ ਮਨੁੱਖ ਦਾ, ਪਾਖੰਡੀ ਸਾਧ ਦਾ ਜਿਹੜਾ ਬੈਠਾ ਤਾਂ ਉਚੇ ਸੁੱਚੇ ਮਨੁੱਖ ਦਾ ਭੇਖ ਧਾਰੀ ਹੈ ਪਰ ਬਗਲ ਸਮਾਧ ਲਈ, ਮਛੀ ਦੀ ਉਡੀਕ ਵਿੱਚ ਹੈ। ਉਹ ਸਤਿਗੁਰੂ ਸਰੋਵਰ ਵਿਚੋਂ ਮੋਤੀ ਨਹੀਂ ਚੁਗਦਾ:

ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ ॥
ਜਾ ਹੰਸ ਸਭਾ ਵੀਚਾਰੁ ਕਰ ਦੇਖਨਿ ਤਾਂ ਬਗਾ ਨਾਲਿ ਜੋੜੁ ਕਦੇ ਨ ਆਵੈ ॥
—ਸਲੋਕ ਮਹਲਾ 5

Sri Satguru Jagjit Singh Ji Elibrary NamdhariElibrary@gmail.com

ਰੀਸ਼ਾਂ ਕਰਨ ਵਾਲਾ ਬਗਲਾ ਹੰਸ ਤਾਂ ਬਣਨੋ ਰਿਹਾ।

ਬਗੁਲੇ ਹੰਸ ਬਰਾਬਰੀ ਕਿਉ ਮਿਕਨਿ ਮਿਕੈ ॥ —ਭਾਈ ਗੁਰਦਾਸ

ਰੀਮ ਕਰਨ ਵਾਲਾ ਸਮਾਨਤਾ ਦਾ ਕੋਈ ਬਹਾਨਾ ਲਭਦਾ ਹੈ। ਉਹ ਆਪਣਾ ਨਿਕਾਸ ਤੇ ਨਿਵਾਸ ਸਥਾਨ ਇਕੋ ਜਿਹਾ ਹੋਣ ਕਰਕੇ ਵੀ ਵੱਡੇ ਨਾਲ ਬਰਾਬਰੀ ਦਾ ਭੁਲੇਖਾ ਸਿਰਜ ਬੈਠਦਾ ਹੈ। ਉਹ ਇਹ ਵੀ ਸਿਰਜ ਬੈਠਦਾ ਹੈ ਕਿ ਅਸੀਂ ਇਕੋ ਮਾਂ ਦੇ ਜਾਏ ਹਾਂ ਸੋ ਸਾਡੀ ਇਕੋ ਜਿਹੀ ਇੱਜ਼ਤ ਚਾਹੀਦੀ ਸੀ ਨੇੜੇ ਦੇ ਇਤਿਹਾਸ ਦੀਆਂ ਦੋ ਹਸਤੀਆਂ ਹੋਈਆਂ ਹਨ : ਸ੍ਰੀ ਰਵਿੰਦਰ ਨਾਥ ਟੈਗੋਰ ਤੇ ਮਹਾਤਮਾ ਗਾਂਧੀ। ਉਹ ਆਪਣੇ ਮਾਪਿਆਂ ਦੇ ਇਕਲੌਤੇ ਲੜਕੇ ਨਹੀਂ ਸਨ। ਪਰ ਉਹਨਾਂ ਦੇ ਭਰਾਵਾਂ ਨੂੰ ਉਹਨਾਂ ਜਿਹਾ ਮਾਣ ਨਹੀਂ ਮਿਲਿਆ। ਕੁੰਤੀ ਦੇ ਸਾਰੇ ਪੁੱਤਰ, ਧਰਮ ਪੁੱਤਰ ਨਹੀਂ ਸਨ। ਗੁਣਾਂ ਦੀ ਜਾਗ ਮਾਪਿਆਂ ਵਲੋਂ ਲਾਈ ਜਾਂਦੀ ਹੈ ਮਾਤਾ ਪਿਤਾ ਦਾ ਜੀਅ ਕਰਦਾ ਹੈ ਕਿ ਉਸ ਦੇ ਸਾਰੇ ਪੁੱਤਰ ਲਾਇਕ ਨਿਕਲਣ ਪਰ ਹਰ ਥਾਂ ਇੰਜ ਨਹੀਂ ਹੁੰਦਾ। ਕਈ ਆਪਣੇ ਕੁਕਰਮਾਂ ਕਰਕੇ ਮਾਪਿਆਂ ਦਾ ਨਾਂ ਮਲੀਨ ਕਰ ਦੇਂਦੇ ਹਨ, ਕਈ ਸ਼ੁਭ ਕਰਮਾਂ ਕਰਕੇ ਮਾਪਿਆਂ ਦਾ ਨਾਂ ਉਜਲ ਕਰਦੇ ਹਨ। ਨਾਂ ਉਸ ਦਾ ਜ਼ਰੂਰ ਆਦਰ ਨਾਲ ਲਿਆ ਜਾਂਦਾ ਹੈ ਜਿਹੜਾ ਕੋਈ ਸਾਧਨਾ ਕਰਦਾ ਹੈ, ਖੋਜ ਕਰਦਾ ਹੈ, ਤਾਕਤ ਦੀ ਦੁਰਵਰਤੋਂ ਨਹੀਂ ਕਰਦਾ।

ਵੱਡੇ ਵੱਡੇ ਸਾਇੰਸਦਾਨ, ਖੋਜੀ, ਵਿਦਵਾਨਾਂ ਨੂੰ ਤਾਂ ਸਭ ਸਿਆਣੇ ਜਾਣਦੇ ਹਨ। ਸਭ ਜਾਣਦੇ ਹਨ, ਬਾਲਮੀਕ, ਵੇਦ ਵਿਆਸ, ਅਫਲਾਤੂ, ਸਿਕੰਦਰ, ਪੋਰਸ, ਭਗਤ ਕਬੀਰ ਤੇ ਸਤਿਗੁਰੂ ਨਾਨਕ ਆਦਿ ਨੂੰ। ਉਹਨਾਂ ਦੇ ਵੱਡੇ ਵਡੇਰਿਆਂ ਅਤੇ ਔਲਾਦ ਨੂੰ ਮਹਾਂਪੁਰਸ਼ਾਂ, ਖੋਜੀਆਂ, ਸੂਰਬੀਰਾਂ ਕਰਕੇ ਭਾਵੇਂ ਕੋਈ ਜਾਣਦਾ ਹੋਵੇ ਉਹਨਾਂ ਦੇ ਆਪਣੇ ਕਰਕੇ ਕੋਈ ਨਹੀਂ ਜਾਣਦਾ।

ਫਿਰ ਇਹ ਵੀ ਗਲ ਨਹੀਂ ਕਿ ਕੋਈ ਵੱਡਾ ਜਾਂ ਛੋਟਾ ਹੀ ਠੀਕ ਹੈ। ਸਤਿਗੁਰੂ ਰਾਮ ਦਾਸ ਜੀ ਦਾ ਵੱਡਾ ਸਾਹਿਬਜ਼ਾਦਾ ਪ੍ਰਿਥੀਚੰਦ ਸੰਗਤ ਵਿਚ ਆਦਰ ਨਾ ਪਾ ਸਕਿਆ। ਸਤਿਗੁਰੂ ਹਰੀ ਸਿੰਘ ਦਾ ਵਡਾ ਸਾਹਿਬਜ਼ਾਦਾ ਸਤਿਗੁਰੂ ਪ੍ਰਤਾਪ ਸਿੰਘ ਤਖਤ ਦਾਵਰ ਦਾ ਮਾਲਕ ਬਣਿਆ। ਫਿਰ ਕੇਵਲ ਦੋ ਸਤਿਗੁਰੂ ਸਾਹਿਬਾਨ : ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਹੀ ਇਤਿਹਾਸ ਵਿਚ ਆਇਆ ਹੈ—ਦੋਨੋ ਭਾਈ ਏਕ ਸਰੂਪ ਕਰ ਭਾਸੇ ਹੋਰ ਭਰਾਵਾਂ ਬਾਰੇ ਨਹੀਂ। ਕਿਉਂਕਿ ਜੋ ਸਤਿਗੁਰੂ ਦੇ ਭਾਈ ਸਨ ਉਹ ਸਤਿਗੁਰ ਦੇ ਸਤਿਬਚਨੀ ਨਹੀ ਸਨ। ਫਿਰ ਕੋਈ ਹੋਰ ਸਾਂਝ ਰੀਸ ਦੀ, ਜਿਦ ਤਾਂ ਕਰਾ ਸਕਦੀ ਹੈ ਬਰਾਬਰੀ ਦਾ ਅਧਿਕਾਰ ਨਹੀ ਦੇਂਦੀ।

ਭਾਈ ਗੁਰਦਾਸ ਜੀ ਇਕੋ ਸਮੁੰਦਰ ਵਿਚੋਂ ਨਿਕਲੀਆਂ ਦੋ ਵਸਤਾਂ ਦੇ ਗੁਣਾਂ ਦੀ ਵਿਰੋਧਤਾ ਬਾਰੇ ਲਿਖਦੇ ਹਨ :

ਸਾਇਰ ਵਿਚਹੁ ਨਿਕਲੈ ਕਾਲਕੂਟੁ ਤੇ ਅੰਮ੍ਰਿਤ ਵਾਣੀ।
ਉਸੁ ਖਾਧੈ ਮਰਿ ਮੁਕੀਐ ਉਤੁ ਖਾਧੈ ਹੋਇ ਅਮਰੁ ਪਰਾਣੀ। ਵਾਰ-31

Sri Satguru Jagjit Singh Ji Elibrary NamdhariElibrary@gmail.com

ਮਨੁੱਖ ਦੀ ਇਹ ਜ਼ਬਾਨ ਵੀ ਵਿਸ ਤੇ ਅੰਮ੍ਰਿਤ ਉਗਲਦੀ ਹੈ। ਇਸ ਵਿਚੋਂ ਨਿਕਲੇ ਕੋਈ ਸ਼ਬਦ ਪਿਆਰ ਪੈਦਾ ਕਰਦੇ ਹਨ ਕੋਈ ਨਫ਼ਰਤ। ਸਿਆਣੇ ਕਹਿੰਦੇ ਹਨ ਤਲਵਾਰ ਦਾ ਫੱਟ ਤਾਂ ਮਿਲ ਜਾਂਦਾ ਹੈ ਜ਼ਬਾਨ ਦਾ ਫਟ ਨਹੀਂ ਮਿਲਦਾ। ਹਾਂ ਇੱਕ ਗੱਲ ਹੈ ਮੰਦਾ ਬਚਨ ਕਰਨ ਵਾਲਾ ਮੁੱਕਰ ਸਕਦਾ ਹੈ ਕਿ ਮੈਂ ਇਹ ਬਚਨ ਨਹੀਂ ਕੀਤਾ। ਪਰ ਕਈ ਮੰਦੇ ਬਚਨ ਲਿਖ ਦੇਂਦੇ ਹਨ। ਦੇ ਦਿਤੇ ਨਾ ਉਹਨਾਂ ਹੱਥ ਵੱਢ ਕੇ! ਹਾਂ ਮੰਦਾ ਬਚਨ ਬੋਲਣ ਵਾਲਾ ਜਾਂ ਲਿਖਣ ਵਾਲਾ, ਸ਼ੁਭ ਤੇ ਸ਼ੁਧ ਬੋਲਣ ਵਾਲੇ, ਆਦਰ ਮਾਣ ਪਾਉਣ ਦੀ ਰੀਸ ਜਰੂਰ ਕਰਦਾ। ਪਰ ਪਾ ਨਹੀਂ ਸਕਦਾ।

ਰੀਸ ਕਰਨ ਵਾਲੇ ਦੀ ਇਹ ਸਮੱਸਿਆ ਹੈ ਕਿ ਉਹ ਆਪਣੀ ਗ਼ਲਤੀ ਨਹੀਂ ਮੰਨਦਾ। ਉਹ ਆਪਣੀ ਕਮੀ ਕਮਜ਼ੋਰੀ ਦਾ ਦੋਸ਼ ਦੂਜੇ ਨੂੰ ਦੇਂਦਾ ਹੈ। ਭਾਈ ਗੁਰਦਾਸ ਜੀ ਕੁਝ ਮਿਸਾਲਾਂ ਦੇਂਦੇ ਹਨ:

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ। —ਵਾਰ 34

ਪੰਜਵੀ ਵਾਰ ਦੀ ਉਨੀਵੀ ਪਉੜੀ ਵਿਚ ਭਾਈ ਗੁਰਦਾਸ ਜੀ ਵਖ ਵਖ ਜੀਵਾਂ ਤੇ ਤੱਤਾਂ ਦੇ ਸੁਭਾਅ ਬਾਰੇ ਲਿਖਦੇ ਹਨ। ਉਹ ਦਸਦੇ ਹਨ ਕਿ ਸੁਭਾ ਅਨੁਸਾਰ ਹੀ ਉਹਨਾਂ ਦੀ ਚੰਗੀ ਮਾੜੀ ਪਛਾਣ ਹੈ:

ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।
ਕੋਇਲ ਬੋਲੈ ਅੰਬ ਵਣਿ ਵਣਿ ਵਣਿ ਕੁਥਾਉ ਸੁਖਾਵੈ।
ਵਗ ਨ ਹੋਵਨਿ ਕੁਤੀਆਂ ਗਾਈ ਗੋਰਸ ਵੰਸੁ ਵਧਾਵੈ।

ਪਰ ਚੰਗੇ ਦੀ ਰੀਸ ਕਰਕੇ ਕੋਈ ਚੰਗਾ ਨਹੀ ਬਣ ਸਕਦਾ। ਸਤਿਗੁਰ ਨਾਨਕ ਦੀ ਕਿਰਪਾ ਨਾਲ ਮਿੱਠੇ ਰੀਠੇ ਦੇਂਦੀ ਟਾਹਣੀ ਦੇ ਨਾਲ ਦੀ ਟਾਹਣੀ ਜੇ ਰੀਸ ਕਰੇ ਕਿ ਮੈਂ ਵੀ ਉਸ ਰੁੱਖ ਦਾ ਹੀ ਹਿੱਸਾ ਹਾਂ ਮੇਰੇ ਰੀਠੇ ਕੋੜੇ ਕਿਉਂ ਹਨ ਤਾਂ ਉਸ ਨੂੰ ਰੀਠੇ ਮਿੱਠੇ ਥੋੜਾ ਲਗ ਜਾਣਗੇ। ਸਤਿਗੁਰ ਦੀ ਕਿਰਪਾ ਦ੍ਰਿਸ਼ਟੀ ਰੁੱਖਾਂ ਬਿੱਰਛਾਂ ਪਸ਼ੂਆਂ ਪੰਛੀਆਂ ਤੇ ਹੁੰਦੀ ਹੈ। ਐਨੀ ਵਡੀ ਕਿ ਬਚਨ ਹੈ ਕਿ ਸ੍ਰੀ ਭੈਣੀ ਸਾਹਿਬ ਉਤੋਂ ਉਡ ਕੇ ਲੰਘਦਾ ਪੰਛੀ ਵੀ ਬਖ਼ਸ਼ਿਆ ਜਾਂਦਾ ਹੈ। ਪਰ ਜੇ ਮਨੁੱਖ ਨਹੀਂ ਬਖ਼ਸ਼ਿਆ ਜਾਂਦਾ ਤਾਂ ਉਸ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਉਹ ਵਿਚਾਰਵਾਨ ਹੁੰਦਿਆਂ ਸੋਚੇ ਉਸ ਦਾ ਆਪਣਾ ਕਿੰਨਾ ਕੁ ਦੋਸ਼ ਹੈ?

ਸਤਿਗੁਰੂ ਨਾਨਕ ਦੇਵ ਜੀ ਜੀਵ ਨੂੰ ਸਮਝਾਉਣ ਵਾਸਤੇ ਨਾਰ ਭਤਾਰ ਦੀ ਮਿਸਾਲ ਦੇ ਕੇ ਸਮਝਾਉਂਦੇ ਹਨ ਕਿ ਇਕ ਔਰਤ ਆਪਣੇ ਪਤੀ ਦੀ ਆਗਿਆ ਵਿਚ ਰਹਿੰਦੀ ਹੈ। ਉਸ ਦੀ ਬਰਾਬਰੀ ਜੇ ਭੈੜੇ ਚਜ ਅਚਾਰ ਵਾਲੀ, ਮੈਲੇ ਮਨ ਵਾਲੀ ਔਰਤ ਕਰੇ ਤਾਂ ਉਸ ਨੂੰ ਸੁਖ ਨਹੀ ਮਿਲਦਾ। ਸੁਖ ਤਾਂ ਚਜ ਅਚਾਰ ਚੰਗੇਰਾ ਕਰਨ ਨਾਲ ਹੀ ਮਿਲਣਾ ਹੈ, ਨਿਮਾਣੀਆਂ ਹੋ ਕੇ ਰਹਿਣ ਨਾਲ ਮਿਲਣਾ ਹੈ:

Sri Satguru Jagjit Singh Ji Elibrary NamdhariElibrary@gmail.com

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।
ਮਨਹੁ ਕਸੁਧਾ ਕਾਲੀਆ ਬਾਹਰ ਚਿਟਵੀਆਹ।
ਰੀਸ ਕਰੇ ਨਿਤਾੜੀਆ ਜੋ ਸੇਵਹਿ ਦਰ ਖੜੀਆਹ।
ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।
ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨੜੀਆਹ।
ਨਾਨਕ ਜਨਮ ਸਕਾਰਥਾ ਜੇ ਤਿਨ ਕੈ ਸੰਗ ਮਿਲਾਹ।
—ਸਿਰੀ ਰਾਗ ਵਾਰ ਮਹਲਾ 1

ਜਿਹੜੀਆਂ ਕੇਵਲ ਰੀਸਾਂ ਕਰਦੀਆਂ ਹਨ ਕਿਸੇ ਦੇ ਤੁਲ ਹੋਣ ਲਈ ਉਹਨਾਂ ਦੀ ਰੀਸ ਈਰਖਾ ਭਰੀ ਹੈ। ਈਰਖਾ ਤੇ ਹੋਰ ਔਗੁਣ ਜਨਮ ਵਿਚ ਕਿੰਨੇ ਕੁ ਲਾਹੇਵੰਦ ਹਨ ਬਾਰੇ ਪੰਜਵੇਂ ਪਾਤਸ਼ਾਹ ਲੈ ਲਿਖਿਆ ਹੈ:

ਸੁਆਦ ਬਾਦ ਈਰਖਾ ਮਦ ਮਾਇਆ।
ਇਨ ਸੰਗ ਲਾਗਿ ਰਤਨ ਜਨਮੁ ਗਵਾਇਆ। -ਸੂਹੀ ਮਹਲਾ 5

ਇਹ ਫ਼ੈਸਲਾ ਮਨੁੱਖ ਦਾ ਹੈ ਕਿ ਉਸ ਨੇ ਰੀਸ ਕਰਨ ਦਾ ਹੱਕ ਸਮਝਕੇ ਕਰਿਝਦੇ ਰਹਿਣਾ ਹੈ ਜਾਂ ਨਿਮਾਣੇ ਹੋ ਕੇ ਸੁਖ ਅਨੰਦ ਲੈਣਾ ਹੈ।

Sri Satguru Jagjit Singh Ji Elibrary NamdhariElibrary@gmail.com

ਅੰਤਰਿ ਤ੍ਰਿਸਨਾ ਅਗਿ

ਮਨੁੱਖ ਸੁਖ ਚਾਹੁੰਦਾ ਹੈ, ਆਰਾਮ। ਉਹ ਐਸ਼ ਚਾਹੁੰਦਾ ਹੈ, ਮੌਜ ਮਸਤੀ। ਜਿਸ ਕਰਕੇ ਉਹ ਆਪਣੇ ਸੰਸਾਰ ਨੂੰ ਹਾਲਾਤ ਅਨੁਸਾਰ ਨਹੀਂ ਢਾਲਦਾ ਸਗੋਂ ਹਾਲਾਤ ਨੂੰ ਅਤੇ ਸਾਧਨਾਂ ਨੂੰ ਆਪਣੇ ਅਨੁਕੂਲ ਕਰਨ ਲਈ ਦੌੜ-ਭਜ ਕਰਦਾ ਰਹਿੰਦਾ ਹੈ। ਇਹ ਭੱਜ-ਨੱਸ ਉਸ ਦੀ ਸਰੀਰਕ ਵੀ ਹੁੰਦੀ ਹੈ ਤੇ ਦਿਮਾਗ਼ੀ ਵੀ। ਸਾਧਨ ਜੁਟਾ ਕੇ ਉਹ ਸੰਸਾਰਕ ਭੋਗਾਂ ਵਿਚ ਲੀਨ ਹੋ ਜਾਂਦਾ ਹੈ। ਸਫਰ ਸਮੇਂ ਸੁਖ ਪ੍ਰਾਪਤੀ ਲਈ ਉਸ ਨੇ ਤੇਜ ਤੋਂ ਤੇਜ ਰਫ਼ਤਾਰ ਵਾਲੀ ਸੁਆਰੀ ਬਣਾ ਲਈ ਹੈ। ਉਹ ਧਰਤੀ ਹੀ ਨਹੀਂ, ਸਾਗਰ ਤੇ ਵਾਯੂ ਮੰਡਲ ਦੀਆਂ ਡੂੰਘਾਈਆਂ ਤੇ ਉਚਾਈਆਂ ਤੋਂ ਦੂਰ ਜਾਣ ਲਈ ਹਰ ਯਤਨ ਕਰ ਰਿਹਾ ਹੈ। ਕੁਦਰਤੀ ਦੇਣ ਤੇ ਵਾਤਾਵਰਨ ਦੇ ਪ੍ਰਭਾਵ ਅਨੁਸਾਰ ਨਹੀਂ ਸਰਦੀ-ਗਰਮੀ ਤੇ ਹੋਰ ਮੌਸਮ ਉਸ ਦੀ ਲੋੜ ਅਨੁਸਾਰ ਬਦਲਦੇ ਲਗਦੇ ਹਨ। ਉਸ ਦੇ ਕਮਰੇ, ਕਾਰਾਂ, ਬੱਸਾਂ, ਗੱਡੀਆਂ, ਹਵਾਈ ਜਹਾਜ਼ ਆਦਿ ਲੋੜ ਅਨੁਸਾਰ ਠੰਢਕ ਤੇ ਨਿੱਘ ਦੇਂਦੇ ਹਨ। ਭੌਤਿਕ ਸੁਖ ਤਾਂ ਸ਼ਾਇਦ ਮਨੁੱਖ ਪ੍ਰਾਪਤ ਕਰ ਰਿਹਾ ਹੈ। ਪਰ ਉਸਦਾ ਅੰਦਰ ਅਸ਼ਾਂਤ ਹੈ, ਦੁਖੀ ਹੈ, ਪ੍ਰੇਸ਼ਾਨ ਹੈ। ਉਹ ਦੂਜੇ ਨੂੰ ਸੁਖੀ ਵੇਖ ਕੇ ਵੀ ਦੁਖੀ ਹੈ ਅਤੇ ਆਪਣੇ ਆਪ ਨੂੰ ਦੁਖੀ ਅਨੁਭਵ ਕਰ ਕੇ ਵੀ। ਇਸ ਦੁਖ ਦਾ ਮੁੱਖ ਕਾਰਨ ਹੈ ਤ੍ਰਿਸਨਾ, ਅੰਦਰ ਦੀ ਪਿਆਸ, ਪ੍ਰਾਪਤੀ ਦੀ ਪ੍ਰਬਲ ਇੱਛਾ, ਲਾਲਚ। ਇਹ ਤ੍ਰਿਸਨਾ ਮਨੁੱਖ ਦੇ ਸਰੀਰ ਅੰਦਰ ਸੁੱਕੇ ਬਾਲਣ ਨੂੰ ਲਗੀ ਅੱਗ ਵਾਂਗ ਫੈਲ ਜਾਂਦੀ ਹੈ, ਭਾਂਬੜ ਮਚਾਂਦੀ ਹੈ। ਬੇਚੈਨੀ ਵਧਦੀ ਹੈ, ਪ੍ਰੇਸ਼ਾਨੀ ਘਰ ਕਰ ਜਾਂਦੀ ਹੈ ਅਤੇ ਚੰਗਾ ਭਲਾ ਨਵਾਂ ਨਰੋਆ ਸਰੀਰ ਸੁਖਾਂ ਤੋਂ ਦੂਰ ਲਗਾ ਜਾਂਦਾ ਹੈ।

ਤ੍ਰਿਸਨਾ ਦੀ ਵਧੀਆ ਮਿਸਾਲ ਮ੍ਰਿਗ ਤ੍ਰਿਸਨਾ ਹੈ। ਮ੍ਰਿਗ ਜਾਂ ਹਿਰਨ ਆਪਣੀ ਨਾਭੀ ਦੀ ਕਸਤੂਰੀ ਦੀ ਮਹਿਕ ਨੂੰ ਬਾਹਰੋਂ ਆਉਂਦੀ ਮਹਿਸੂਸ ਕਰਦਾ ਹੈ ਅਤੇ ਉਸ ਦੀ ਭਾਲ ਵਿਚ ਚੁੰਗੀਆਂ ਭਰਦਾ ਭਜਦਾ ਭਜਦਾ ਹਫ ਕੇ ਸ਼ਿਕਾਰੀ ਦੀ ਮਾਰ ਹੇਠ ਆ ਕੇ ਜਾਨ ਗੁਆ ਬਹਿੰਦਾ ਹੈ। ਮਨੁੱਖ ਆਪਣੇ ਅੰਦਰ ਝਾਤੀ ਮਾਰ ਕੇ ਸੁਖ-ਚੈਨ ਲਈ ਯਤਨ ਨਹੀਂ ਕਰਦਾ ਸਗੋਂ ਬਾਹਰ ਵੱਲ ਦੌੜਦਾ ਹੈ।

ਬਾਹਰ ਕੀ ਹੈ? ਆਲੇ-ਦੁਆਲੇ ਤੋਂ ਪ੍ਰਾਪਤ ਸਮਰਥ ਲੋਕਾਂ ਦੇ ਭੌਤਿਕ ਸੁਖ-ਕਾਰਾਂ-ਕੋਠੀਆਂ ਜ਼ਮੀਨ-ਜਾਇਦਾਦਾਂ, ਸੋਨਾ-ਚਾਂਦੀ, ਨੋਟ। ਪਰ ਰੱਜ ਨਹੀਂ ਆਉਂਦਾ ਬੰਦੇ ਨੂੰ। ਅੰਦਰ ਬੇਚੈਨੀ ਹੈ ਜਿਵੇਂ ਅੱਗ ਲਗੀ ਹੁੰਦੀ ਹੈ। ਇਹ ਅਵਸਥਾ ਸਾਰੇ ਸੰਸਾਰ ਦੀ ਹੈ। ਪਰ ਕੀ ਇਸ ਅਵਸਥਾ ਵਿਚ ਫਸੇ ਲੋਗ ਸੁਖੀ ਹਨ, ਸੌਖੇ ਹਨ? ਕੀ ਉਹਨਾਂ ਦੀ ਜ਼ਿੰਦਗੀ ਸੁਖੀ ਸੁਹੇਲੀ ਹੈ? ਉਹਨਾਂ ਅੰਦਰ ਵਿਕਾਰ ਤਾਂ ਨਹੀਂ

Sri Satguru Jagjit Singh Ji Elibrary NamdhariElibrary@gmail.com

ਪੈਦਾ ਹੋ ਰਹੇ? ਨਹੀਂ, ਉਹ ਦੁਖੀ ਤੇ ਪ੍ਰੇਸ਼ਾਨ ਹਨ:

ਤ੍ਰਿਸਨਾ ਅਗਨਿ ਜਲੈ ਸੰਸਾਰ ॥
ਜਲਿ ਜਲਿ ਖਪੈ ਬਹੁਤ ਵਿਕਾਰਾ ॥ —ਮਾਰੂ ਮਹਲਾ 3

ਤ੍ਰਿਸਨਵਾਨ ਵਿਅਕਤੀ ਦੀ ਹਾਲਤ ਉਹ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਕਹੇ ਸੁਣੇ ਸ਼ਬਦਾਂ ਉਤੇ ਇਤਬਾਰ ਹੀ ਨਹੀਂ ਰਹਿੰਦਾ। ਕੋਈ ਕੋਈ ਬਹੁਤ ਵਧੀਆ ਬੁਲਾਰਾ ਹੈ, ਲੋਕ ਉਸਦੀ ਗੱਲ ਮੰਤਰ ਮੁਗਧ ਹੋ ਕੇ ਸੁਣਦੇ ਹਨ। ਉਹ ਧਰਮ ਬਾਰੇ ਗੱਲ ਕਰੇ ਜਾਂ ਰਾਜਨੀਤੀ ਬਾਰੇ, ਸਮਾਜ ਬਾਰੇ ਗੱਲ ਕਰੇ ਜਾਂ ਰਿਵਾਜ ਬਾਰੇ ਸਰੋਤਾ ਉਸ ਤੋਂ ਪ੍ਰਭਾਵਿਤ ਹੁੰਦੇ ਹਨ। ਉਸ ਨੂੰ ਸੁਣਨ ਲਈ ਨੇੜਿਓਂ ਹੀ ਨਹੀਂ ਦੂਰ ਦੂਰ ਦੇ ਲੋਕ ਆਉਂਦੇ ਹਨ। ਬੁਲਾਰੇ ਦੇ ਭਾਸ਼ਣ ਦੇਣ ਵਾਲੀ ਥਾਂ ਤਾਂ ਵਧੀਆ ਸਟੇਜ ਦੇ ਰੂਪ ਵਿਚ ਸਜਾਈ ਹੀ ਜਾਂਦੀ ਹੈ ਸਰੋਤਿਆਂ ਦੇ ਬਹਿਣ ਲਈ ਵੀ ਵਧੀਆ ਆਕਰਸ਼ਕ ਪੰਡਾਲ ਬਣਾਏ ਜਾਂਦੇ ਹਨ। ਉਚੇਚੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ ਕਿ ਫਲਾਣੇ ਸੰਤ, ਰਾਜਨੇਤਾ ਆਦਿ ਦਾ ਪ੍ਰਵਚਨ ਜਾਂ ਭਾਸ਼ਣ ਸੁਣਨ ਲਈ ਵਹੀਰਾਂ ਘਤੋ। ਉਸ ਬੁਲਾਰੇ ਦਾ ਭਾਸ਼ਣ ਜਾਂ ਉਪਦੇਸ ਵਿਚ ਭਾਵੇਂ ਕਿਸੇ ਨੇ ਕੁਝ ਗ੍ਰਹਿਣ ਕੀਤਾ ਹੋਵੇ, ਉਹ ਖੁਦ ਭਾਸ਼ਣ ਦੇ ਕੇ ਨਹੀਂ ਰਜਦਾ ਉਹ ਹੋਰ ਵਧ ਸਰੋਤਿਆਂ ਵਿੱਚ ਬੋਲਣਾ ਚਾਹੁੰਦਾ ਹੈ। ਤ੍ਰਿਸਨਾ ਵਧ ਜਾਂਦੀ ਹੈ।

ਬੋਲਣ ਤੋਂ ਅਗਲੀ ਅਵਸਥਾ ਹੈ ਸੁਣਨ ਦੀ। ਮਨੁੱਖ ਵਧੀਆ ਭਾਸ਼ਣ ਹੀ ਨਹੀਂ ਗੀਤ ਸੰਗੀਤ ਵੀ ਸੁਣਦਾ ਹੈ ਪਰ ਜੀਅ ਕਰਦਾ ਹੈ ਹੋਰ ਸੁਣੇ, ਤਾਂ ਵੀ ਉਹ ਜੇ ਕਿਸੇ ਪੰਡਾਲ, ਘਰ ਜਾਂ ਸੰਸਥਾ ਵਿਚ ਬਹਿ ਕੇ ਸੁਣਨ ਲਈ ਟਾਈਮ ਨਹੀਂ ਮਿਲਦਾ ਤਾਂ ਕਾਰ ਜਾਂ ਹੋਰ ਸੁਆਰੀ ਵਿਚ ਟੇਪਾਂ ਲਾ ਕੇ ਸੁਣਦਾ ਹੈ। ਕਈ ਤਾਂ ਆਪਣੇ ਸੁਣਨ ਲਈ ਕੰਨਾਂ ਵਿਚ ਸੁਣਨ ਵਾਲੀ ਮਸ਼ੀਨ ਲਾ ਕੇ ਟੇਪ ਰਿਕਾਰਡ ਜਾਂ ਮੋਬਾਈਲ ਚਲਾਈ ਰਖਦੇ ਹਨ।

ਅੱਖਾਂ ਤਾਂ ਰੰਗ ਤਮਾਸ਼ੇ ਵੇਖ ਵੇਖ ਅਤ੍ਰਿਪਤ ਹੀ ਰਹਿੰਦੀਆਂ ਹਨ। ਉਹ ਜਾਂ ਤਾਂ ਕਿਸੇ ਦੀ ਅਦਾਕਾਰੀ ਜਾ ਕੇ ਵੇਖਦੀਆਂ ਹਨ ਜਾਂ ਫਿਰ ਹੁਣ ਟੈਲੀਵੀਜ਼ਨ, ਵੀ.ਡੀ.ਓ. ਨੇ ਸਭ ਕੁਝ ਤੱਕਣ ਲਈ ਮਨੁੱਖ ਦੇ ਘਰ ਤੇ ਸੌਣ ਕਮਰੇ ਵਿਚ ਲੈ ਆਂਦਾ ਹੈ। ਪਰ ਤਸਲੀ ਨਹੀਂ। ਤ੍ਰਿਸਨਾ ਨੂੰ ਠੱਲ੍ਹ ਨਹੀਂ ਪੈਂਦੀ।

ਏਸੇ ਤਰ੍ਹਾਂ ਹੀ ਸੁਆਦਾਂ ਵਿਚ ਪਿਆ ਮਨੁੱਖ ਵੀ ਨਹੀਂ ਰਜਦਾ।

ਕਲਮਕਾਰ ਕਲਮ ਚਲਾ ਕੇ ਨਹੀਂ ਰਜਦਾ। ਉਹ ਲਿਖੀ ਜਾਂਦਾ ਹੈ। ਬਿਨਾ ਸੋਚੇ ਸਮਝੇ ਕਿ ਇਸ ਦਾ ਕੀ ਅਸਰ ਹੋਵੇਗਾ। ਉਹ ਦੂਜੇ ਦੀ ਸੋਭਾ ਕਰਨ ਲਗਿਆਂ ਭਾਵੇਂ ਝਿਜਕੇ, ਨੁਕਸ ਕੱਢ ਕੱਢ ਕੇ ਪੇਸ਼ ਕਰਨੇ ਆਪਣੀ ਸ਼ਾਨ ਸਮਝਦਾ ਹੈ। ਬਹੁਤੀ ਵਾਰ ਉਹ ਵੀ ਗ਼ਲਤ, ਉਹ ਕਦੀ ਆਪਣੀ ਪੀੜ੍ਹੀ ਹੇਠ ਸੋਟਾ ਨਹੀ ਮਾਰਦਾ ਤੇ ਦੂਜੇ ਤੇ ਵਾਰ ਕਰਦਾ ਹੈ। ਭਾਵੇਂ ਪੁਠਾ ਵੀ ਪਵੇ। ਤ੍ਰਿਸਨਾ ਭੁੱਖ ਹੈ ਕਿ ਜੇ ਆਪ ਵੱਡਾ ਨਾ ਬਣ ਸਕੇ ਤਾਂ ਦੂਸਰੇ ਨੂੰ ਛੋਟਾ ਕਰ ਦੇਵੇ।

Sri Satguru Jagjit Singh Ji Elibrary NamdhariElibrary@gmail.com

ਇਹ ਸਭ ਕੁਝ ਅੰਦਰ ਦੀ ਭੁਖ ਵਸ ਹੀ ਕੀਤਾ ਜਾਂਦਾ ਹੈ। ਸਤਿਗੁਰੂ ਅੰਗਦ ਦੇਵ ਜੀ ਨੇ ਐਸੇ ਭੁਖੇ ਤ੍ਰਿਸਨਾਵਾਨ ਬਾਰੇ ਬਾਣੀ ਵਿਚ ਲਿਖਿਆ ਹੈ:

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥
ਅਖੀ ਦੇਖਿ ਨ ਰਜੀਆ ਸੁਣ ਗਾਹਕ ਇਕ ਵੰਨ ॥
ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ ॥ -ਵਾਰ ਮਾਝ

ਰੁਪਏ ਪੈਸੇ ਦੇ ਮਾਮਲੇ ਵਿਚ ਤਾਂ ਗੱਲ ਹੋਰ ਵੀ ਅੱਗੇ ਹੈ। ਬੰਦਾ ਪੈਸਾ ਪੈਸਾ ਕਮਾਉਂਦਾ, ਖਾਂਦਾ ਪੀਂਦਾ ਜੋੜਦਾ, ਵਪਾਰ ਵਿਚ ਖ਼ਰਚ ਕਰਦਾ ਹੈ। ਉਹ ਪੈਸੇ ਨਾਲ ਪੈਸਾ ਕਮਾਉਂਦਾ ਅਮੀਰ ਹੁੰਦਾ ਹੈ। ਹਜ਼ਾਰਾਂ, ਲੱਖਾਂ, ਕਰੋੜਾਂ ਜੋੜ ਕੇ ਕੀ ਉਹ ਸੰਤੁਸ਼ਟ ਹੋ ਜਾਂਦਾ ਹੈ? ਪੰਜਵੇਂ ਪਾਤਸ਼ਾਹ ਕਹਿੰਦੇ ਹਨ ਨਹੀ, ਉਹ ਤ੍ਰਿਸਨਾਵਸ, ਬੱਸ ਨਹੀਂ ਕਰਦਾ। ਪਰ ਉਹਨਾਂ ਕਿਹਾ ਹੈ ਤ੍ਰਿਸਨਾ ਬੁਝਣ ਦਾ ਬੀ ਵੀ ਨਾਸ ਨਹੀ ਹੋਇਆ।

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ਕੋਟਿ ਜੋਰੇ ਲਾਖ ਕ੍ਰੋਰੇ ਮਨ ਨ ਹੋਰੇ
ਪਰੈ ਪਰੈ ਹੀ ਕਉ ਲੁਝੀ ਹੇ ॥ -ਗਉੜੀ ਮਹਲਾ 5

ਰਾਜਿਆਂ ਤੇ ਜਿਮੀਦਾਰਾਂ ਦੀ ਅਵਸਥਾ ਵੀ ਐਸੀ ਹੀ ਹੈ:—

ਵਡੇ ਵਡੇ ਰਾਜਨ ਅਰੁ ਭੂਮਨ ਤਾਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥ -ਧਨਾਸਰੀ ਮਹਲਾ 5

ਤ੍ਰਿਸਨਾ ਦਾ ਕਾਰਨ ਹੈ ਮਨੁੱਖ ਦਾ ਸੰਸਾਰਕ ਖਲਜਗਣ ਵਿੱਚ ਫਸਿਆ ਹੋਣਾ ਅਤੇ ਸੰਸਾਰ ਦੇ ਕਰਤਾ ਨੂੰ ਦੂਰ ਜਾਣ ਕੇ ਉਸ ਵਲੋਂ ਮੂੰਹ ਮੋੜਨਾ ਹੈ।

ਤ੍ਰਿਸਨਾ ਇਕ ਰੋਗ ਹੈ ਜਿਸ ਦਾ ਇਲਾਜ ਵੀ ਹੋਣਾ ਹੀ ਚਾਹੀਦਾ ਹੈ। ਸੋ ਜਿਸ ਬਦਪ੍ਰੇਹਜ਼ੀ ਕਰਕੇ ਕੋਈ ਰੋਗ ਹੋਵੇ ਉਸ ਨੂੰ ਛਡਣ ਨਾਲ ਹੀ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਜਿਹੜਾ ਵੈਦ ਰੋਗ ਦੀ ਸਾਰ ਜਾਣਦਾ ਹੋਵੇ ਉਸ ਨੂੰ ਹੀ ਨਬਜ਼ ਵਿਖਾਉਣੀ ਤੇ ਉਸ ਤੋਂ ਹੀ ਦੁਆਈ ਲੈਣੀ ਉਚਿਤ ਹੈ। ਇਸ ਬਾਰੇ ਵੀ ਪੰਜਵੇਂ ਪਾਤਸ਼ਾਹ ਨੇ ਸਪਸ਼ਟ ਲਿਖਿਆ ਹੈ:-

ਤ੍ਰਿਸਨਾ ਬੁਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥
-ਬਸੰਤ ਮਹਲਾ 5

ਸਤਿਗੁਰੂ ਦੀ ਕਿਰਪਾ ਨਾਲ ਅੰਦਰ-ਬਾਹਰ ਵਸੇ ਪ੍ਰਭੂ ਨੂੰ ਸਿਮਰਿਆ ਜਾਂਦਾ ਹੈ ਅਤੇ ਸਦੀਵ ਕਾਲੀ ਸੁਖ ਅਨੰਦ ਪ੍ਰਾਪਤ ਹੁੰਦਾ ਹੈ।

ਕੁਝ ਮਨੁੱਖ ਗੁਰੂ ਵਲੋਂ ਮੂੰਹ ਮੋੜ ਲੈਂਦੇ ਹਨ। ਉਹ ਆਪਣੀ ਮਨਮਤ ਵਰਤਦੇ ਹਨ ਸੋ ਉਹਨਾਂ ਨੂੰ ਮਨਮੁਖ ਕਿਹਾ ਜਾਂਦਾ ਹੈ। ਉਹਨਾਂ ਦੀ ਤ੍ਰਿਸਨਾ ਕੁਲਖਣੀ ਨਾਰ ਵਰਗੀ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਤੀਜੇ ਪਾਤਸ਼ਾਹ ਇਸ ਵਿਚਾਰ ਨੂੰ ਸਮਝਾਉਣ ਲਈ ਇੱਕ ਇਸਤਰੀ ਦੀ ਮਿਸਾਲ ਦੇਂਦੇ ਹਨ। ਜੋ ਮਨ ਦੀ ਮੈਲੀ, ਭੈੜੇ ਲਛਣਾਂ ਵਾਲੀ ਹੈ। ਉਸ ਨੂੰ ਨਾ ਮਾਪਿਆਂ ਦੀ ਇੱਜ਼ਤ ਦਾ ਖਿਆਲ ਹੈ ਨਾ ਪਤੀ ਦੀ ਪਤ ਦਾ। ਉਹ ਆਪਣੇ ਪਤੀ ਦਾ ਘਰ ਛਡ ਕੇ ਪਰਾਏ ਮਰਦ ਨਾਲ ਰੰਗ ਰਲੀਆਂ ਮਾਣ ਰਹੀ ਹੈ। ਪਰ ਉਸ ਦੀ ਤ੍ਰਿਪਤੀ ਫਿਰ ਵੀ ਨਹੀਂ ਹੁੰਦੀ। ਉਹ ਤ੍ਰਿਸਨਾਵਾਨ ਦੁਖੀ ਹੈ।

ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥ –ਸਿਰੀ ਰਾਗ

ਕਈ ਸੰਤ-ਸਾਧ ਸਤਿਗੁਰ ਤੋਂ ਬੇਮੁਖ ਹੋ ਕੇ ਆਪਣੀ ਦੁਕਾਨਦਾਰੀ ਚਲਾਉਂਦੇ ਹਨ। ਮੱਥੇ ਟਿਕਾਉਂਦੇ ਹਨ। ਪੂਜਾ ਦਾ ਧਾਨ ਖਾਂਦੇ ਹਨ। ਲਬ ਲੋਭ ਦੇ ਮਾਰੇ ਹੋਏ ਹਨ। ਸਤਿਗੁਰੂ ਦੀ ਨਿੰਦਿਆ ਕਰਦੇ ਹਨ। ਉਹਨਾਂ ਦਾ ਵਿਖਾਲੇ ਵਜੋਂ ਕੀਤਾ ਇਸ਼ਨਾਨ ਪਾਣ, ਭਜਨ ਬੰਦਗੀ ਤੇ ਬਾਣੀ ਦਾ ਪਾਠ ਵੀ ਉਹਨਾਂ ਦੇ ਕਪਟੀ ਹਿਰਦੇ ਨੂੰ ਸ਼ੁਧ ਨਹੀਂ ਕਰ ਸਕਦਾ। ਉਹ ਅੰਤ ਨੂੰ ਆਪਣਾ ਜਨਮ ਬਿਰਥਾ ਗੁਆ ਜਾਂਦੇ ਹਨ। ਸ੍ਰੀ ਸਤਿਗੁਰੂ ਅਮਰ ਦਾਸ ਜੀ ਐਸੇ ਸੰਤਾਂ ਬਾਰੇ ਲਿਖ ਗਏ ਹਨ:

ਹਿਰਦੈ ਜਿਨ ਕੈ ਕਪਟੁ ਵਸਹਿ ਬਾਹਰਹੁ ਸੰਤ ਕਹਾਹਿ ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥ –ਗੂਜਰੀ ਮਹਲਾ 3

ਐਸੇ ਵਿਅਕਤੀ ਨਾਮ ਜਪਣਾ ਵਿਸਾਰ ਕੇ ਹੋਰ ਧੰਦਿਆਂ ਵਿਚ ਲਗੇ ਰਹਿੰਦੇ ਹਨ। ਉਹ ਦੁਬਿਧਾ ਵਿਚ ਹੀ ਫਸੇ ਰਹਿੰਦੇ ਹਨ ਉਹਨਾਂ ਅੰਦਰ ਵੀ ਤ੍ਰਿਸਨਾ ਅੱਗ ਰਹਿੰਦੀ ਹੈ :—

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
—ਸਿਰੀ ਰਾਗ ਮਹਲਾ 1

ਤ੍ਰਿਸਨਾ ਦੀ ਅੱਗ ਵਿੱਚ ਸੜਨੋਂ, ਨਾਮ ਜਪ ਕੇ ਬਚਣ ਦਾ ਇਕੋ ਹੀ ਸਾਧਨ

ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ –ਮਹਲਾ 3

ਸਤਿਗੁਰੂ ਆਪੇ ਤ੍ਰਿਸਨਾ ਦੀ ਅੱਗ ਤੋਂ ਬਚਾ ਲਏਗਾ।

Sri Satguru Jagjit Singh Ji Elibrary NamdhariElibrary@gmail.com

ਕਬੀਰ ਸਮੁੰਦੁ ਨਾ ਛੋਡੀਐ

ਪਾਣੀ, ਜੀਵਨ ਪ੍ਰਵਾਹ ਦੇ ਮੂਲ ਵਿੱਚ ਹੈ। ਅਕਾਸ਼ ਵਿੱਚ ਉੱਡਣ ਵਾਲੇ, ਧਰਤੀ ਉਤੇ ਵਿਚਰਨ ਵਾਲੇ ਜੀਵਾਂ ਅਤੇ ਬਨਸਪਤੀ ਲਈ ਪਹਿਲਾ ਪਾਣੀ ਜੀਉ ਹੈ। ਪਾਣੀ ਦਾ ਸਭ ਤੋਂ ਵੱਡਾ ਭੰਡਾਰ ਸਮੁੰਦਰ ਹੈ। ਜਿਸ ਵਿਚ ਜੀਵਾਂ ਦੀਆਂ ਬਹੁਤ ਸਾਰੀਆਂ ਜੂਨਾਂ, ਆਪਣੀ ਜੂਨ ਭੋਗਦੀਆਂ ਹਨ। ਇਸੇ ਸਮੁੰਦਰ ਨੂੰ ਸਾਗਰ, ਜਲਨਿਧੀ, ਸਿੰਧੂ ਰਤਨਾਗਰ ਵੀ ਆਖਿਆ ਗਿਆ ਹੈ। ਏਸੇ ਦਾ ਅਰਥ ਵਿਸਤਾਰ ਖ਼ੁਸ਼ੀ, ਖੇੜੇ, ਸੀਮਾਂ ਵਾਲਾ, ਜੋ ਚੰਗੀ ਤਰ੍ਹਾਂ ਗਿੱਲਾ ਕਰੇ ਆਦਿ ਵਿੱਚ ਹੈ। ਪੁਰਾਣਾਂ ਅਨੁਸਾਰ ਚੌਦਾਂ ਰਤਨਾਂ ਦੀ ਪ੍ਰਾਪਤੀ ਵੀ ਸਮੁੰਦਰ ਤੋਂ ਹੀ ਹੋਈ ਹੈ। ਉਹਨਾਂ ਰਤਨਾਂ ਅਤੇ ਖ਼ਾਸ ਕਰਕੇ ਅੰਮ੍ਰਿਤ ਦੀ ਪ੍ਰਾਪਤੀ ਲਈ ਦੇਵਤਿਆਂ ਤੇ ਦੈਤਾਂ ਨੇ ਰਲ ਕੇ ਸਮੁੰਦਰ, ਖੀਰ-ਸਾਗਰ ਨੂੰ ਰਿੜਕਿਆ ਅਤੇ ਰਿੜਕਣ ਲਈ ਸੁਮੇਰ ਪਰਬਤ ਦੀ ਮਧਾਣੀ ਬਣਾਈ ਅਤੇ ਬਾਸਕ ਨਾਗ ਦਾ ਨੇਤਰਾ ਬਣਾਇਆ। ਇਹਨਾਂ ਚੌਦਾਂ ਰਤਨਾਂ ਵਿੱਚ ਜਿੱਥੇ ਕਾਮਧੇਨ, ਕਲਪ ਬ੍ਰਿਛ, ਲੱਛਮੀ, ਅੰਮ੍ਰਿਤ ਸਨ ਉਥੇ ਜ਼ਹਿਰ-ਕਾਲਕੂਤ ਤੇ ਸ਼ਰਾਬ ਵੀ ਸੀ।

ਸਧਾਰਨ ਤੌਰ ਤੇ ਵੀ ਜਦੋਂ ਦਹੀਂ ਰਿੜਕਿਆ ਜਾਂਦਾ ਹੈ ਤਾਂ ਉਸ ਵਿਚੋਂ ਮੱਖਣ ਵੀ ਨਿਕਲਦਾ ਹੈ ਤੇ ਛਿੱਡੀ ਵੀ। ਇਹ ਵੱਖਰੀ ਗੱਲ ਹੈ ਕਿ ਕੋਈ ਕਿਸ ਦੀ ਚੋਣ ਕਰਦਾ ਹੈ।

ਉਹੀ ਸਮੁੰਦਰ ਜਿਹੜਾ ਰਤਨਾਂ ਦਾ ਸਾਗਰ ਹੈ ਜਿਸਦੀ ਡੂੰਘਾਈ ਤੀਹ ਹਜ਼ਾਰ ਫੁੱਟ ਤੱਕ ਹੈ, ਵਿੱਚ ਉੱਨੀ ਤੱਤ ਮੰਨੇ ਗਏ ਹਨ ਜਿਨ੍ਹਾਂ 'ਚੋਂ ਪ੍ਰਧਾਨ ਤੱਤ ਖਾਰ ਹੈ-ਲੂਣ। ਏਸੇ ਕਰ ਕੇ ਸਮੁੰਦਰ ਦਾ ਪਾਣੀ ਖਾਰਾ ਹੁੰਦਾ ਹੈ। ਸਮੁੰਦਰ ਨੂੰ ਖਾਰਾ ਸਮਝ ਕੇ ਹੀ ਉਸ ਨੂੰ ਨਕਾਰਨਾ ਚੰਗਾ ਨਹੀਂ ਕਿਉਂਕਿ ਇਸ ਤਰ੍ਹਾਂ ਤਾਂ ਅਸੀਂ ਉਸ ਸਮੁੰਦਰ ਦੇ ਗੁਣਾਂ ਤੋਂ ਵਾਂਝੇ ਰਹਿ ਜਾਵਾਂਗੇ। ਸਮੁੰਦਰ ਤੋਂ ਇਲਾਵਾ ਜਲ ਦੇ ਹੋਰ ਵੀ ਛੋਟੇ ਵੱਡੇ ਸਰੋਤ ਹਨ। ਪਰ ਉਹ ਜ਼ਿੰਦਗੀ ਨੂੰ ਉਸ ਤਰ੍ਹਾਂ ਆਸਰਾ ਨਹੀ ਦੇ ਸਕਦੇ, ਜਿਸ ਤਰ੍ਹਾਂ ਸਮੁੰਦਰ ਦਾ ਪਾਣੀ ਆਸਰਾ ਦੇਂਦਾ ਹੈ। ਏਸੇ ਕਰਕੇ ਕਬੀਰ ਜੀ ਆਪਣੀ ਬਾਣੀ ਵਿਚ ਲਿਖਦੇ ਹਨ :

> ਕਬੀਰ ਸਮੁੰਦੁ ਨਾ ਛੋੜੀਐ ਜਉ ਅਤਿ ਖਾਰੋ ਹੋਇ ॥
> ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿ ਹੈ ਕੋਇ ॥

ਭਾਵ ਸਮੁੰਦਰ ਜ਼ਿੰਦਗੀ ਦਾ ਬੜਾ ਵੱਡਾ ਆਸਰਾ ਹੈ ਕੋਈ ਵੀ ਛੋਟਾ ਆਸਰਾ ਉਸਦਾ ਮੁਕਾਬਲਾ ਨਹੀਂ ਕਰ ਸਕਦਾ। ਛੋਟਾ ਆਸਰਾ ਝੀਲ ਦਾ ਹੋ ਸਕਦਾ ਹੈ, ਛੱਪੜ ਦਾ ਹੋ ਸਕਦਾ ਹੈ, ਟੋਏ ਦਾ ਹੋ ਸਕਦਾ ਹੈ ਜਾਂ ਏਸੇ ਤਰ੍ਹਾਂ ਦਾ ਕੋਈ ਹੋਰ

Sri Satguru Jagjit Singh Ji Elibrary NamdhariElibrary@gmail.com

ਜਿੱਥੇ ਪਾਣੀ ਖਲੋਤਾ ਹੋਵੇ। ਕਬੀਰ ਜੀ ਇੱਕ ਹੋਰ ਮਿਸਾਲ ਦੇਂਦੇ ਹਨ ਮੱਛੀ ਨਾਲ ਜੁੜਿਆਂ ਹੋਇਆਂ ਦੀ ਕਿ ਉਹਨਾਂ ਨੂੰ ਛੋਟੀਆਂ ਛੱਪੜੀਆਂ ਵਿਚੋਂ ਕੀ ਮਿਲਦਾ ਹੈ? ਉਹਨਾਂ ਵਿਚ ਤਾਂ ਪਾਣੀ ਹੀ ਥੋੜਾ ਹੁੰਦਾ ਹੈ। ਉਹ ਲਿਖਦੇ ਹਨ:

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ ॥
ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸੰਮਾਲਿ ॥

ਪਰ ਕਬੀਰ ਜੀ ਦਾ ਛੋਟੇ ਆਸਰੇ ਤੋਂ ਅਰਥ ਸਿਰਫ ਛੱਪੜਾਂ ਟੋਬਿਆਂ ਦਾ ਪਾਣੀ ਨਹੀਂ। ਉਹ ਭਗਤ ਸਨ ਸੋ ਉਹਨਾਂ ਦਾ ਉਸ ਤੋਂ ਭਾਵ ਸਾਡੇ ਪੂਜਾ ਦੇ ਛੋਟੇ ਛੋਟੇ ਸਾਧਨਾਂ ਦਾ ਹੈ। ਕਮਜ਼ੋਰ ਮਨ ਅਤੇ ਘੱਟ ਚੇਤਨਤਾ ਵਾਲਾ ਉੜਿਆ ਥੁੜਿਆ ਮਨੁੱਖ ਆਪਣੀਆਂ ਕਮੀਆਂ ਕਮਜ਼ੋਰੀਆਂ ਦਾ ਮਾਰਿਆ ਹੋਇਆ, ਸੁਖ ਦੇ ਸਾਧਨਾਂ ਲਈ ਭਟਕਦਾ ਫਿਰਦਾ ਹੈ। ਉਂਜ ਉਸ ਨੂੰ ਇਹ ਸਮਝ ਨਹੀਂ ਹੁੰਦੀ ਕਿ ਉਹ ਸੁਖ ਕਿਸ ਤਰ੍ਹਾਂ ਬਣ ਸਕਦਾ ਹੈ? ਕਿਉਂਕਿ ਕਈ ਵਾਰੀ ਵੱਡੇ ਪਰਵਾਰ ਬੇਅੰਤ ਧਨ-ਪਦਾਰਥ, ਅਰੋਗ ਸਰੀਰ ਹੋਣ ਦੇ ਬਾਵਜੂਦ ਉਹਨਾਂ ਦੀ ਭਟਕਣਾ ਨਹੀਂ ਮੁਕਦੀ। ਪਦਾਰਥਕ ਸੁਖ, ਮਾਨਸਿਕ ਸੰਤੁਸ਼ਟਤਾ ਨਹੀਂ ਦੇਂਦੇ ਤੇ ਜੇ ਕੁਝ ਮਾਨਸਿਕ ਸੰਤੁਸ਼ਟਤਾ ਆ ਜਾਂਦੀ ਹੈ ਤਾਂ ਆਤਮਕ ਸੁਖ ਨਹੀਂ ਬਣਦਾ। ਜੇ ਕੋਈ ਆਤਮਿਕ ਸੁਖ ਬਣਨ ਲੱਗਦਾ ਹੈ ਤਾਂ ਅਧਿਆਤਮਕ ਪ੍ਰਾਪਤੀ ਨਹੀਂ ਹੋਈ ਹੁੰਦੀ। ਜਿਥੇ ਜਿਥੇ ਜਿਹੜੀ ਜਿਹੜੀ ਕਮੀ ਰਹੀ ਹੁੰਦੀ ਹੈ ਉਸ ਵਾਸਤੇ ਮਨੁੱਖ ਭਟਕਦਾ ਹੈ, ਧਾਗੇ ਤਵੀਤਾਂ ਵਾਲਿਆਂ ਕੋਲ, ਟੂਣੇ ਟਮਾਣੇ ਕਰਨ ਵਾਲਿਆਂ ਕੋਲ, ਕਾਲੇ ਇਲਮ ਵਾਲਿਆਂ ਕੋਲ, ਕਿਸੇ ਧੂਣੀ ਰਮਾਈ ਬੈਠੇ ਸਾਧ ਸੰਤ ਕੋਲ, ਕਿਸੇ ਨਾ ਸੁਣ ਸਕਣ ਵਾਲੇ, ਨਾ, ਵੇਖ ਸਕਣ ਵਾਲੇ, ਨਾ ਮਹਿਸੂਸ ਕਰ ਸਕਣ ਤੇ ਨਾ ਕੋਈ ਸਿੱਖਿਆ ਦੇ ਸਕਣ ਵਾਲੇ ਦੇਵੀ ਦੇਵਤੇ ਕੋਲ ਤੇ ਜਾਂ ਫਿਰ ਰੋਟੀਆਂ ਕਾਰਨ ਤਾਲ ਪੂਰਨ ਵਾਲੇ ਕਿਸੇ ਪ੍ਰਚਾਰਵਾਦੀ ਸਾਧੂ ਮਹਾਤਮਾ ਕੋਲ। ਤਸੱਲੀ ਫਿਰ ਵੀ ਨਹੀਂ ਹੁੰਦੀ। ਕੋਈ ਲੰਮੀ ਉਮਰ ਦੀ ਅਸੀਸ ਦੇਂਦਾ ਹੈ ਕੋਈ ਦੁੱਧ-ਪੁੱਤ ਦਾ ਵਰਦਾਨ ਦੇਂਦਾ ਹੈ, ਕੋਈ ਅੰਨ-ਧਨ ਕੇ ਭੰਡਾਰ ਭਰੇ ਰਹਿਣ ਦੀ ਗੱਲ ਕਰਦਾ ਹੈ ਤੇ ਕੋਈ ਮਾਣ-ਸਨਮਾਨ ਵਧਣ ਵਾਸਤੇ ਬਚਨ ਕਰਦਾ ਹੈ। ਪਰ ਇਹ ਸਾਰੇ ਛੋਟੇ ਆਸਰੇ ਹਨ। ਇਹਨਾਂ ਆਸਰਿਆਂ ਨਾਲ ਸੁਖ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਕਰਕੇ ਮਨੁੱਖ ਨੂੰ ਇਸ ਤੋਂ ਅਗਾਂਹ ਤੁਰਨ ਦੀ ਲੋੜ ਹੁੰਦੀ ਹੈ। ਸ਼ੇਖ ਫਰੀਦ ਜੀ ਛੋਟੇ ਵੱਡੇ ਆਸਰਿਆਂ ਦਾ ਫ਼ਰਕ ਸਰਵਰ ਤੇ ਛੱਪੜ ਦੇ ਫ਼ਰਕ ਨਾਲ ਪੇਸ਼ ਕਰਦੇ ਹਨ:

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥

ਜਿਨ੍ਹਾਂ ਛੱਪੜੀਆਂ ਵਿਚ ਗੰਦਲਾ ਪਾਣੀ ਹੈ ਉਹਨਾਂ ਛੱਪੜੀਆਂ ਨੇ ਸੁੱਕ ਵੀ ਜਾਣਾ ਹੈ। ਮਿਸਾਲ ਵਜੋਂ ਦਰਿਆ ਵੱਡਾ ਹੁੰਦਾ ਹੈ ਤੇ ਦਰਿਆ ਨਾਲੋਂ ਜੇ ਕੋਈ ਨਦੀ ਨਾਲਾ ਨਿਖੜ ਜਾਏ ਤਾਂ ਉਸਦੀ ਸਥਿਤੀ ਕੀ ਹੁੰਦੀ ਹੈ? ਉਹ ਨਾ ਆਪ ਸ਼ਹੁ ਸਾਗਰ ਨਾਲ ਮਿਲ ਸਕਦਾ ਹੈ, ਨਾ ਉਸ ਪਾਣੀ ਵਿਚਲੇ ਜੀਵਾਂ ਤੇ ਉਸ ਤੇ ਨਿਰਭਰ ਜੀਵਾਂ

Sri Satguru Jagjit Singh Ji Elibrary NamdhariElibrary@gmail.com

ਦੀ ਤ੍ਰਿਪਤੀ ਕਰ ਸਕਦਾ ਹੈ। ਕਈ ਨਾਲੇ ਤਾਂ ਦੂਰ ਜਾਂਦੇ ਬਰੇਤੇ ਵਿਚ ਗੁਆਚ ਜਾਂਦੇ ਹਨ। ਏਸੇ ਤਰ੍ਹਾਂ ਨਾਲ ਛੋਟੇ ਛੋਟੇ ਆਸਰੇ ਬਣਾਈ ਬੈਠੇ ਨਾਮ ਦਾ ਢੰਡੋਰਾ ਦੇਣ ਵਾਲੇ ਵਿਅਕਤੀ ਹੁੰਦੇ ਹਨ ਪਰ ਜੇ ਉਹਨਾਂ ਵਿਅਕਤੀਆਂ ਦਾ ਸੰਬੰਧ ਗੁਰੂ ਨਾਲ ਹੈ, ਸਤਿਗੁਰੂ ਨਾਲ ਹੈ ਤਾਂ ਉਹ ਆਪਣੇ ਧੁਰੇ ਨਾਲ ਜੁੜੇ ਹੋਏ ਹਨ, ਉਹ ਦਰਿਆ ਤੇ ਨਿਖੜਨ ਵਾਲੇ ਨਦੀ ਨਾਲੇ ਨਹੀ, ਉਸ ਵਿਚ ਮਿਲਣ ਵਾਲੇ ਹਨ।

ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਕੁਝ ਭਗਤੀ ਵਾਲੇ ਸਾਧਾਂ ਨੇ ਆਪਣੇ ਆਪਣੇ ਡੇਰੇ ਬਣਾ ਲਏ। ਵੱਡੇ ਜਾਂ ਛੋਟੇ, ਜਾਂ ਜੋ ਪਿਛਲੇ ਗੁਰੂਆਂ ਵਲ ਵੀ ਝਾਤ ਮਾਰੀਏ ਤਾਂ ਉਦੋਂ ਵੀ ਕੁਝ ਨ ਕੁਝ ਇਸ ਤਰ੍ਹਾਂ ਦੀ ਸਥਿਤੀ ਰਹੀ ਹੈ। ਪਰ ਜਿਸਦੀ ਸਤਿਗੁਰੂ ਪ੍ਰਤੀ ਸ਼ਰਧਾ ਨਹੀਂ ਰਹੀ, ਸਤਿਗੁਰੂ ਨਾਲ ਸਾਂਝ ਨਹੀਂ ਰਹੀ, ਜਿਹੜਾ ਆਪਣੇ ਕੋਲ ਆਉਣ ਵਾਲੀ ਸੰਗਤ ਨੂੰ ਸਤਿਗੁਰੂ ਨਾਲ ਨਹੀਂ ਜੋੜਦਾ ਰਿਹਾ, ਉਹ ਸੰਗਤ ਨੂੰ ਤਾਂ ਗੁਮਰਾਹ ਕਰਦਾ ਹੀ ਰਿਹਾ ਹੈ ਆਪਣਾ ਆਪ ਵੀ ਗੁਆ ਬੈਠਾ ਹੈ। ਉਸਦੀ ਸਥਿਤੀ ਉਸ ਟਾਹਣੀ ਨਾਲੋਂ ਟੁਟੇ ਪੀਲੇ ਪੱਤੇ ਵਰਗੀ ਹੋ ਗਈ ਜਿਸ ਨੂੰ ਸਮੇਂ ਦੀ ਹਵਾ ਦੇ ਥਪੇੜਿਆਂ ਨੇ ਧਰਤੀ ਤੇ ਵੀ ਟਿੱਕਣ ਨਹੀਂ ਦਿੱਤਾ।

ਅੱਜ ਵੀ ਕੁਝ ਸੰਤਾਂ ਸਾਧਾਂ ਦਾ ਨਾਂ ਹੈ, ਉਹਨਾਂ ਦੀ ਪਛਾਣ ਹੈ, ਸੰਗਤ ਉਹਨਾਂ ਦਾ ਆਦਰਮਾਣ ਕਰਦੀ ਹੈ। ਉਥੇ ਜਾ ਕੇ ਮਿਲ ਬੈਠ ਕੇ ਹਰਿ ਜੱਸ ਕੀਰਤਨ ਕਰਦੀ ਸੁਣਦੀ ਹੈ ਪਰ ਇਹ ਇਸ ਕਰਕੇ ਹੈ ਕਿ ਉਹਨਾਂ ਡੇਰਿਆਂ ਦੇ ਪ੍ਰਬੰਧਕਾਂ ਨੇ, ਮਹੰਤਾਂ ਨੇ, ਸੰਤਾਂ ਨੇ, ਬਾਬਿਆਂ ਨੇ, ਸੂਬਿਆਂ ਨੇ ਸਤਿਗੁਰੂ ਸੂਰਜ ਪ੍ਰਤੀ ਸ਼ਰਧਾ ਸਤਿਕਾਰ ਕਾਇਮ ਰਖਿਆ ਹੈ। ਉਹ ਆਪ ਸਤਿਗੁਰੂ ਦੇ ਸਨਮੁੱਖ ਹਨ ਅਤੇ ਆਪਣੇ ਸੰਪਰਕ ਵਿਚ ਆਏ ਸਿੱਖਾਂ ਨੂੰ ਗੁਰੂ ਚਰਨਾਂ ਨਾਲ ਜੋੜਦੇ ਹਨ। ਉਹ ਆਪ ਗੁਰੂ ਦੇ ਦਰ ਉਤੇਂ ਆ ਕੇ ਸੇਵਾ ਕਰਦੇ ਹਨ, ਨਿਮਰਤਾ ਰਖਦੇ ਹਨ। ਹੁਕਮ ਵਿਚ ਰਹਿੰਦੇ ਹਨ ਅਤੇ ਸਹਿਜੇ ਹੀ ਹੋਰ ਵਿਅਕਤੀ ਉਹਨਾਂ ਦਾ ਅਨੁਕਰਨ ਕਰਦੇ ਹਨ ਅਤੇ ਬਹੁਤ ਸਾਰਾ ਸੁਖ ਅਨੰਦ ਤੇ ਸੰਤੋਖ ਪ੍ਰਾਪਤ ਕਰ ਲੈਂਦੇ ਹਨ।

ਇਸ ਦੇ ਉਲਟ ਵੱਖਰੇ ਰਹਿਣ ਵਾਲਾ ਕੋਈ ਵਕਤੀ ਤੌਰ ਤੇ ਤਾਂ ਸ਼ਾਇਦ ਆਪਣੇ ਕਿਸੇ ਸਾਧਨ ਨਾਲ, ਆਪਣੀ ਵਾਹ ਵਾਹ ਕਰ ਕਰਾ ਸਕਦਾ ਹੈ। ਆਪਣੀ ਚਰਚਾ ਕਰ ਕਰਾ ਸਕਦਾ ਹੈ ਪਰ ਸਦੀਵੀ ਸੁਖ ਨਹੀਂ ਪ੍ਰਾਪਤ ਕਰ ਸਕਦਾ। ਕਿਉਂਕਿ ਉਸਦੀ ਬਹੁਤੀ ਸ਼ਕਤੀ ਭੀੜ, ਧਨ, ਪਦਾਰਥ ਤੇ ਤਾਕਤ ਇਕੱਠੀ ਕਰਨ ਵਿਚ ਹੀ ਲਗ ਜਾਂਦੀ ਹੈ। ਉਸਦੀ ਭਾਜੜ ਗੁਰੂ ਦਾ ਮੁਕਾਬਲਾ ਕਰਨ ਦੀ ਰਹਿੰਦੀ ਹੈ। ਉਹ ਖੁਦ ਤਾਂ ਬੇਮੁਖ ਹੁੰਦਾ ਹੀ ਹੈ ਭੋਲੇ ਭਾਲੇ ਸਿੱਖਾਂ ਨੂੰ ਵੀ ਆਪਣੇ ਭਰਮ ਜਾਲ ਵਿਚ ਫਸਾ ਲੈਂਦਾ ਹੈ।

ਸਾਰੇ ਸੁਖ ਤਾਂ ਸਤਿਗੁਰੂ ਸਾਗਰ ਕੋਲ ਹਨ। ਉਸ ਕੋਲ ਕਿਸੇ ਪਦਾਰਥ ਦੀ ਤੋਟ ਨਹੀਂ। ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਆਇਆ ਹੈ:

ਗੁਰੁ ਸਾਗਰੁ ਰਤਨੀ ਨਹੀ ਤੋਟ ॥
ਲਾਲ ਪਦਾਰਥ ਸਾਚੁ ਅਖੋਟ ॥

ਪਰ ਇਹਨਾਂ ਅਮੁਕ ਰਤਨਾਂ ਤੇ ਪਦਾਰਥਾਂ ਨੂੰ ਪਾਇਆ ਕਿਵੇਂ ਜਾ ਸਕਦਾ ਹੈ?

Sri Satguru Jagjit Singh Ji Elibrary NamdhariElibrary@gmail.com

ਪ੍ਰਸ਼ਨ ਨੂੰ ਵੀ ਗੁਰੂ ਨਾਨਕ ਦੇਵ ਜੀ ਹੀ ਹਲ ਕਰ ਦੇਂਦੇ ਹਨ। ਆਪ ਬਾਣੀ ਵਿਚ ਲਿਖਦੇ ਹਨ ਕਿ :

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥

ਸ਼ਬਦਾਰਥ ਵਿਚ ਕਰਣੀ ਸੰਬੰਧੀ ਲਿਖਿਆ ਹੈ—ਗੁਰੂ ਦੀ ਕਰਣੀ ਵਲ ਕਿਉਂ ਭਜਦੇ ਹੋ। ਉਹ ਕਰਣੀ, ਉਸਦੇ ਚੋਜ ਹੋ ਸਕਦੇ ਹਨ ਜੋ ਸਾਡੀ ਸਮਝ ਤੋਂ ਪਰੇ ਹਨ।

ਆਪ ਲਿਖਦੇ ਹਨ ਸੰਸਾਰਕ ਸਮੁੰਦਰ ਵਿਚੋਂ ਪ੍ਰਾਪਤ ਪਦਾਰਥ ਵਕਤੀ ਤੌਰ ਤੇ ਸੁਖ ਦੇ ਸਕਦੇ ਹਨ ਪਰ ਉਹ ਅਟੁੱਟ ਸੁਖ ਨਹੀਂ ਦੇ ਸਕਦੇ। ਅਟੁੱਟ ਸੁਖ ਸਤਿਗੁਰੂ ਨੂੰ ਸੇਵਨ ਨਾਲ ਹੀ ਮਿਲ ਸਕਦਾ ਹੈ। ਆਪ ਮਾਰੂ ਰਾਗ ਵਿਚ ਲਿਖਦੇ ਹਨ :

ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ ॥
ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੇ ॥ -ਮਾਰੂ ਮਹਲਾ 1

ਚਉਥੇ ਪਾਤਸ਼ਾਹ ਵੀ ਸਤਿਗੁਰੂ ਨੂੰ ਹੀ ਸਾਗਰ ਲਿਖਦੇ ਹਨ। ਪਰ ਉਹ ਕਿਸੇ ਚੀਜ਼ ਦਾ ਸਾਗਰ ਹੈ ਤੇ ਉਸ ਨਾਲ ਕਿਸ ਤਰ੍ਹਾਂ ਦਾ ਸੰਬੰਧ ਹੈ ਬਾਰੇ ਲਿਖਦੇ ਹਨ :

ਸਤਿਗੁਰੂ ਸਾਗਰ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥
ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥

ਕਿਉਂਕਿ ਮਨੁੱਖ ਸਾਗਰ ਵਿਚ ਸਮਾਉਣ ਵਾਲੇ ਨਦੀਆਂ ਅਤੇ ਵਹਿਣਾਂ ਵਾਂਗ ਹੈ ਅਤੇ

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਤੇ ਜਦੋਂ ਸਾਨੂੰ ਉਸਦਾ ਥਾਹ ਪਤਾ ਹੀ ਨਹੀਂ ਤਾਂ ਫੇਰ ਕਿਸੇ ਹੋਰ ਪੋਖਰ, ਛੱਪੜ, ਟੋਘਨੇ ਆਦਿ ਤੇ ਨਿਰਭਰ ਕਰਨ ਦੀ ਥਾਂ ਤੇ ਇਹ ਸਮਝਦਿਆਂ ਹੋਇਆ :—

ਗੁਰ ਸਾਗਰੁ ਪੂਰਾ ਭੰਡਾਰ
ਊਤਮ ਰਤਨ ਜਵਾਹਰ ਅਪਾਰ ॥ —ਆਸਾ ਮਹਲਾ 3

ਸਾਡੀ ਸਤਿਗੁਰੂ ਅਰਜਨ ਦੇਵ ਜੀ ਵਾਂਗ ਉਸ ਅੱਗੇ ਹੀ ਇਹ ਅਰਦਾਸ ਕਰਨੀ ਬਣਦੀ ਹੈ ਕਿ :—

ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥
ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹੁ ਸਦਾ ਨਿਹਾਲਾ ॥
—ਰਾਮਕਲੀ ਮਹਲਾ 5

ਸਾਡਾ ਕਬੀਰ ਜੀ ਦੇ ਲਿਖੇ ਸ਼ਬਦਾਂ ਤੇ ਅਮਲ ਕਰਨਾ ਬਣਦਾ ਹੈ ਕਿ ਸਾਨੂੰ ਸਮੁੰਦਰ ਨੂੰ ਨਹੀਂ ਛਡਣਾ ਚਾਹੀਦਾ।

ਕਬੀਰ ਸਮੁੰਦੁ ਨਾ ਛੋਡੀਐ

Sri Satguru Jagjit SIngh Ji Elibrary NamdhariElibrary@gmail.com

ਹਮਾਰਾ ਧੜਾ

ਪੰਜਾਬੀ ਦਾ ਅਖਾਣ ਹੈ, 'ਧਰਮ ਨਾਲੋਂ ਧੜਾ ਪਿਆਰਾ ਹੁੰਦਾ ਹੈ। ਮਨੁੱਖ ਜਦੋਂ ਧੜੇਬੰਦੀ ਵਿੱਚ ਪੈ ਜਾਂਦਾ ਹੈ ਤਾਂ ਸੱਚ-ਝੂਠ, ਚੰਗਾ-ਮੰਦਾ, ਬੁਰਾ-ਭੱਲਾ ਕੁਝ ਨਹੀ ਸੋਚਦਾ। ਬਸ! ਜਿਹੜੀ ਉਸਦੇ ਧੜੇ ਦੀ ਗਲ ਹੋਵੇ ਓਸੇ ਨੂੰ ਠੀਕ ਮੰਨ ਕੇ ਅਮਲ ਕਰਦਾ ਹੈ। ਇੱਕ ਵਾਰ ਇੱਕ ਵਿਅਕਤੀ, ਦੂਜੇ ਨਾਲ ਗੱਲੀ ਲੱਗਾ ਹੋਇਆ ਸੀ। ਪਹਿਲੇ ਵਿਅਕਤੀ ਦੇ ਪੱਖ ਦੇ ਬੰਦੇ ਕਿਸੇ ਹੋਰ ਵਿਅਕਤੀ ਨੂੰ ਧੌਲ-ਧੱਫਾ ਕਰਦੇ ਆ ਰਹੇ ਸਨ। ਪਹਿਲਾ ਵਿਅਕਤੀ ਗੱਲਾਂ ਵਿੱਚੇ ਛੱਡ ਕੇ ਗਿਆ ਅਤੇ ਮਾਰ ਖਾ ਰਹੇ ਵਿਅਕਤੀ ਨੂੰ ਦੋ ਲਾ ਆਇਆ।

"ਉਸ ਦਾ ਕਸੂਰ?"

"ਮੈਨੂੰ ਕੀ ਪਤਾ, ਕੋਈ ਤਾਂ ਹੋਊਗਾ ਮੇਰੇ ਨਾਲ ਦੇ ਐਵੇਂ ਤਾਂ ਨਹੀ ਸਨ ਉਸ ਨੂੰ ਮਾਰ ਰਹੇ।" ਉਸ ਨੇ ਪੁੱਛ ਦਾ ਉੱਤਰ ਦਿੱਤਾ।

ਆਪਣੇ ਧੜੇ ਦਾ ਵਿਅਕਤੀ ਗ਼ਲਤ ਵੀ ਸਹੀ ਲਗਦਾ ਹੈ, ਤੇ ਦੂਜੇ ਦੇ ਧੜੇ ਦਾ ਸਹੀ ਵੀ ਗ਼ਲਤ। ਧੜੇਬੰਦੀ ਦਾ ਮੁੱਢ ਮੂਲ ਹੀ ਆਪਣੇ ਪਰਾਏ ਦੀ ਸੋਚ ਹੈ।

ਧੜੇਬੰਦੀ ਦੇ ਮੁੱਢ ਮੂਲ ਵਿਚ ਅਹਿਮ ਦਾ ਵਾਸ ਹੁੰਦਾ ਹੈ ਨਹੀਂ ਤਾਂ ਇਕੋ ਜਮਾਤ ਦੇ ਬੰਦੇ ਆਪਣੇ ਆਪ ਨੂੰ ਵੱਖ ਵੱਖ ਧੜਿਆਂ ਵਿੱਚ ਨਾ ਵੰਡਣ। ਬੀਤੇ ਦੇ ਸਫ਼ਿਆਂ ਵਿੱਚ ਬਹੁਤ ਸਾਰੇ ਐਸੇ ਮਨੁੱਖਾਂ ਦਾ ਚਿਹਰਾ ਮੁਹਰਾ ਨਜ਼ਰ ਆਉਂਦਾ ਹੈ ਜਿਹੜੇ ਇਕੋ ਰੰਗ, ਨਸਲ, ਪਰਵਾਰ ਦੇ ਹੁੰਦੇ ਹੋਏ, ਇੱਕੋ ਭਾਸ਼ਾ ਭਾਸ਼ੀ ਹੁੰਦੇ ਹੋਏ, ਇੱਕੋ ਧਰਮ, ਮਜ਼੍ਹਬ, ਦੀਨ ਇਮਾਨ ਨੂੰ ਮੰਨਣ ਵਾਲੇ ਹੋਣ ਦੇ ਬਾਵਜੂਦ ਸਾਂਝਾਂ ਤੋੜ ਬਹਿੰਦੇ ਹਨ। ਇਸ ਵਿੱਚ ਕਸੂਰ ਆਪਣੇ ਰਹਿਨੁਮਾ ਤੋਂ ਬਾਗ਼ੀ ਹੋਣ ਵਾਲੇ ਦਾ ਹੁੰਦਾ ਹੈ। ਅਤੇ ਇਸ ਭਾਵਨਾ ਦੇ ਪਿੱਛੇ ਕੰਮ ਕਰਦੀ ਹੈ ਹਉਮੈ। ਮਨ ਵਿੱਚ ਦ੍ਰਿੜ ਨਿਸਚਾ ਹੋ ਜਾਂਦਾ ਹੈ ਕਿ ਮੈਂ ਆਪਣੇ ਆਗੂ ਨਾਲੋਂ ਸਿਆਣਾ ਹਾਂ, ਅਗਵਾਈ ਕਰਨ ਦੇ ਸਮਰੱਥ ਹਾਂ ਤੇ ਲੋਕਾਂ ਵਿੱਚ ਵਧ ਮਕਬੂਲ ਹਾਂ। ਜਿਸ ਦੇ ਸਿੱਟੇ ਵਜੋਂ ਐਸਾ ਵਿਅਕਤੀ ਪਹਿਲਾਂ ਤਾਂ ਆਪਣੇ ਅੰਦਰ ਵਿਚ ਘੋਲਦਾ ਰਹਿੰਦਾ ਹੈ ਫਿਰ ਜੋੜ ਤੋੜ ਵਿੱਚ ਪੈ ਜਾਂਦਾ ਹੈ ਅਤੇ ਅੰਤ ਵਿਚ ਆਪਣਾ ਧੜਾ ਕਾਇਮ ਕਰਦਾ ਹੈ। ਇੰਜ ਨਵੇਂ ਨਵੇਂ ਦਲਾਂ, ਪਾਰਟੀਆਂ, ਗਰੁਪਾਂ ਆਦਿ ਦੀ ਗਿਣਤੀ ਵਧਦੀ ਜਾਂਦੀ ਹੈ ਅਤੇ ਉਹ ਮੁਖਧਾਰਾ ਤੋਂ ਦੂਰ ਹੁੰਦੇ ਜਾਂਦੇ ਹਨ। ਇਹਨਾਂ ਵਿਚੋਂ ਗ਼ਲਤ ਧੜੇ ਸਚਾਈ ਦੇ ਰਾਹ ਤੇ ਚਲਣ ਵਾਲਿਆਂ ਤੋਂ ਵੱਡੇ ਵੀ ਹੋ ਸਕਦੇ ਹਨ। ਇਹਨਾਂ ਧੜਿਆਂ ਦੇ ਆਗੂਆਂ ਦੀ ਹਉਮੈ, ਹੰਕਾਰ, ਜ਼ਿਦ, ਆਕੜ ਦੁਨੀਆਂ ਨੂੰ ਕਈ ਵਾਰ ਤਬਾਹੀ ਦੇ ਕਗਾਰ ਤੱਕ ਪਹੁੰਚਾ ਦੇਂਦੇ ਹਨ।

ਸਾਡੇ ਸਾਮ੍ਹਣੇ ਮਹਾਂਭਾਰਤ ਦੀ ਉਦਾਹਰਨ ਹੈ। ਕੌਰਵਾਂ ਨੇ ਪਾਂਡਵਾਂ ਦਾ ਹੱਕ ਮਾਰੀ

Sri Satguru Jagjit Singh Ji Elibrary NamdhariElibrary@gmail.com

ਰੱਖਿਆ। ਉਹਨਾਂ ਨੂੰ ਜ਼ਲੀਲ ਕਰਨ ਤੇ ਜਾਨੋਂ ਜਹਾਨੋਂ ਖ਼ਤਮ ਕਰਨ ਲਈ ਹਰ ਹਥ ਕੰਡਾ ਆਪਨਾਇਆ। ਕਿਸੇ ਨਰ ਦੇ ਆਖੇ ਕੀਹ ਲਗਨਾ ਸੀ ਇਸ ਦੀ ਸਿੱਖਿਆ ਨੂੰ ਵੀ ਹੇਚ ਜਾਤਾ, ਵਿਨਾਸ਼ ਕਾਲੇ ਵਿਪਰੀਤ ਬੁੱਧੀ। ਭਗਵਾਨ ਸ੍ਰੀ ਕ੍ਰਿਸ਼ਨ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਯੁਧ ਨੂੰ ਟਾਲਣ ਦੀ ਪਰ ਧੜੇ ਨੇ ਧਰਮ ਦੇ ਰਾਹ ਚਲਣ ਹੀ ਨਹੀ ਦਿੱਤਾ। ਸਿਟਾ ਇਹ ਨਿਕਲਿਆ ਕਿ 18 ਖੂਹਣੀ (ਇੱਕ ਖੂਹਣੀ ਵਿੱਚ 21870 ਹਾਥੀ, 21870 ਰੱਥ, 65610 ਘੋੜੇ ਅਤੇ 109350 ਪੈਦਲ: ਕੁਲ 218700) ਦੀ ਫ਼ੌਜ ਤਬਾਹ ਹੋ ਗਈ। ਇਸ ਤੋਂ ਪਹਿਲਾਂ ਯੁਗ ਵਿੱਚ ਲੰਕਾਗੜ੍ਹ ਢਹਿਣ ਵੇਲੇ ਵੀ ਨੁਕਸਾਨ ਕੋਈ ਘੱਟ ਨਹੀਂ ਹੋਇਆ ਅਤੇ ਜਿੱਤ ਸਦਾ ਧਰਮ ਦੀ, ਨਿਆਂਕਾਰੀ ਤੇ ਸੱਚੇ ਸੁੱਚੇ ਧੜੇ ਦੀ ਹੋਈ, ਨਾਰਾਇਣ ਦੀ ਹੋਈ। ਜਿਹੜਾ ਮਾਤਲੋਕ ਵਿੱਚ ਚੋਜ ਕਰਨ ਲਈ ਭਗਵਾਨ ਰਾਮ ਜਾਂ ਭਗਵਾਨ ਕ੍ਰਿਸ਼ਨ ਦੇ ਜਾਮੇ ਵਿੱਚ ਅਵਤਰਿਤ ਹੋਇਆ ਸੀ।

ਉਹੀ ਨਾਰਾਇਣ ਚੌਥੇ ਪਾਤਸ਼ਾਹ ਸਤਿਗੁਰੂ ਰਾਮ ਦਾਸ ਦੇ ਜਾਮੇ ਵਿਚ ਪ੍ਰਗਟ ਹੋਇਆ ਤਾਂ ਧੜੇਬੰਦੀ ਬਾਰੇ ਉਹਨਾਂ ਨੇ ਗ਼ਲਤ ਪਖ ਛੱਡ ਕੇ ਸਹੀ ਦ੍ਰਿਸ਼ਟੀਕੋਣ ਤੇ ਪੱਖ ਅਪਣਾਉਣ ਦਾ ਉਪਦੇਸ ਦਿੱਤਾ। ਉਹਨਾਂ ਨੇ ਆਸਾ ਰਾਗ ਦੇ ਇੱਕ ਸ਼ਬਦ ਵਿਚ ਉਚਰਿਆ ਕਿ ਕੋਈ ਆਪਣੇ ਮਿੱਤਰਾਂ ਭਰਾਵਾਂ, ਕੁੜਮਾਂ ਆਦਿ ਰਿਸ਼ਤੇਦਾਰਾਂ ਨਾਲ ਧੜਾ ਕਾਇਮ ਕਰਦਾ ਹੈ। ਕੋਈ ਆਪਣੇ ਸੁਆਰਥ ਲਈ ਰਾਜਨੀਤਕ ਤਾਕਤ ਦੇ ਮਾਲਕ ਚੌਧਰੀਆਂ ਨਾਲ ਧੜੇ ਜੋੜਦੇ ਹਨ। ਪਰ ਉਹ ਸਭ ਖੁਦ ਚਲਣਹਾਰ ਹਨ। ਇਹ ਧੜੇ ਮੋਹ-ਮਾਇਆ ਦਾ ਪਸਾਰਾ ਹੈ। ਮੂਰਖ ਲੋਕ ਮੋਹ ਮਾਇਆ ਲਈ ਲੜਦੇ ਹਨ ਉਹਨਾਂ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਘਰ ਕਰ ਜਾਂਦੇ ਹਨ।

ਉਂਜ ਵੀ ਸਭ ਸੁਆਰਥੀ, ਸੁਆਦਾਂ, ਲੜਾਈ ਝਗੜਿਆਂ ਦਾ ਮੁੱਢ ਮੂਲ ਇਹ ਪੰਜ ਵਿਕਾਰ ਹੀ ਹਨ।

ਸਹੀ ਧੜਾ ਕਿਹੜਾ ਹੈ ਬਾਰੇ ਆਪ ਨੇ ਲਿਖਿਆ ਹੈ:

ਹਮਾਰਾ ਧੜਾ ਹਰਿ ਰਹਿਆ ਸਮਾਈ।
ਹਮਹਰਿ ਸਿਉ ਧੜਾ ਕੀਆ ਮੇਰੀ ਹਰਿ ਟੇਕ।
ਮੈ ਹਰ ਬਿਨੁ ਪਖੁ ਧੜਾ ਅਵਰੁ ਨਾ ਕੋਈ
ਹਉ ਹਰਿ ਗੁਣ ਗਾਵਾ ਅਸੰਖ ਅਨੇਕ। (ਮਹਲਾ 4)

ਉਸ ਅਕਾਲ ਪੁਰਖ ਦੇ ਧੜੇ ਨੂੰ ਇਸ ਕਰਕੇ ਅਪਣਾਇਆ ਗਿਆ ਹੈ ਕਿ ਉਹ ਅਧਰਮ ਦਾ ਨਹੀ ਧਰਮ ਦਾ ਧੜਾ ਹੈ, ਛਲ ਫਰੇਬ ਕਪਟ ਨਾਲ ਜਿੱਤ ਹਾਰ ਦਾ ਫੈਸਲਾ ਕਰਨ ਵਾਲਾ ਤੇ ਕਿਸੇ ਸੁਆਰਥ ਨਾਲ ਜੁੜਿਆ ਧੜਾ ਨਹੀ ਸਗੋ ਪਰਮੇਸ਼ਰ ਦੇ ਨਾਂ ਵਾਲਾ ਧੜਾ ਹੈ ਜਿਸ ਨਾਲ ਸਾਰਾ ਜਗਤ ਜਿਤਿਆ ਜਾ ਸਕਦਾ ਹੈ।

ਜਨ ਨਾਨਕ ਦਾ ਹਰਿ ਧੜਾ ਧਰਮੁ
ਸਭਿ ਸ੍ਰਿਸਟਿ ਜਿਣਿ ਆਵੈ।

ਅੱਜ ਵੀ ਪਹਿਰੇ ਦਾ ਮਾਲਕ ਸਤਿਗੁਰੂ ਗੁਰ ਪਰਮੇਸਰੁ ਪਾਰਬ੍ਰਹਮ ਹੈ। ਸੋ ਉਹਨਾਂ ਦਾ ਉਪਦੇਸ ਮੰਨਣ ਵਿੱਚ ਹੀ ਸੁਖ ਹੈ।

Sri Satguru Jagjit Singh Ji Elibrary NamdhariElibrary@gmail.com

ਠੰਢਾ ਦਿਮਾਗ਼-ਲਮੇਰੀ ਉਮਰ

ਕੁਝ ਸਮਾਂ ਪਹਿਲਾਂ ਜਾਪਾਨ ਨੇ ਇਕ ਸਦੀ ਤੋਂ ਵੱਧ ਉਮਰ ਜੀਉਣ ਵਾਲੇ ਵਿਅਕਤੀਆਂ ਦਾ ਸਰਵੇ ਕੀਤਾ। ਸਵਾਸਥ ਤੇ ਕਲਿਆਣ ਮੰਤਰਾਲੇ ਨੇ ਉਹਨਾਂ ਵਿਅਕਤੀਆਂ ਨਾਲ ਗਲਬਾਤ ਕਰਕੇ ਉਹਨਾਂ ਦੀ ਲੰਮੀ ਉਮਰ ਦਾ ਰਾਜ਼ ਪੁੱਛਿਆ। ਲਗਪਗ ਸਾਰੇ ਵਿਅਕਤੀਆਂ ਨੇ ਇਹੀ ਕਿਹਾ ਕੀ ਉਹ ਆਪਣੇ ਦਿਮਾਗ਼ ਨੂੰ ਠੰਢਾ ਰੱਖਦੇ ਹਨ। ਹਲਕਾ ਫੁਲਕਾ ਖਾਣਾ ਖਾਂਦੇ ਹਨ। ਜਲਦੀ ਸੌਂਦੇ ਤੇ ਜਲਦੀ ਜਾਗਦੇ ਹਨ। ਸਖ਼ਤ ਮਿਹਨਤ ਕਰਦੇ ਹਨ ਅਤੇ ਪਰਮਾਤਮਾ ਤੇ ਭਰੋਸਾ ਰੱਖਦੇ ਹਨ।

ਮੰਤਰਾਲੇ ਨੇ ਦੋ ਹਜ਼ਾਰ ਅੱਠ ਸੌ ਇਕਵਿੰਜਾ ਸ਼ਹਿਰੀਆਂ ਦੀ ਇੰਟਰਵਿਊ ਲਈ। ਉਹਨਾਂ ਸਦੀ ਪਾਰ ਕਰ ਚੁੱਕੇ ਸ਼ਹਿਰੀਆਂ ਵਿਚੋਂ ਅੱਸੀ ਫੀ ਸਦੀ ਔਰਤਾਂ ਸਨ। ਇਹ ਗੱਲ ਵਿਸ਼ਵ-ਭਰ ਦੇ ਅੰਕੜਿਆਂ ਤੋਂ ਸਪਸ਼ਟ ਹੋ ਚੁੱਕੀ ਹੈ ਕਿ ਸੰਸਾਰ ਵਿੱਚ ਔਸਤਨ ਲੰਮੇਰੀ ਉਮਰ ਜਪਾਨੀਆਂ ਦੀ ਹੁੰਦੀ ਹੈ। ਉਹਨਾਂ ਦੀ ਉਮਰ ਹੀ ਲੰਮੀ ਨਹੀ ਹੁੰਦੀ ਸਗੋਂ ਉਹ ਅਰੋਗ ਤੇ ਰਿਸ਼ਟ-ਪੁਸ਼ਟ ਵੀ ਹੁੰਦੇ ਹਨ।

ਜਾਪਾਨੀਆਂ ਦਾ ਹੀ ਨਹੀਂ, ਹੋਰ ਕਿਸੇ ਦੇਸ ਦੇ ਵਸਨੀਕਾਂ ਦਾ ਵੀ ਜੇ ਦਿਮਾਗ਼ ਠੰਢਾ ਰਹਿੰਦਾ ਹੈ ਤਾਂ ਉਹ ਵੀ ਲੰਮੇਰੀ ਉਮਰ ਭੋਗ ਸਕਦੇ ਹਨ। ਸਾਂਖ ਦਰਸ਼ਨ ਅਨੁਸਾਰ ਪ੍ਰਕਿਰਤੀ, ਜਿਸ ਤੋਂ ਸਭ ਵਸਤਾਂ ਬਣੀਆਂ ਹਨ-ਸਤ, ਰਜ, ਤਮ ਦਾ ਸਮ-ਅਵਸਥਾ ਰੂਪ ਹੈ। ਇਹਨਾਂ ਵਿਚੋਂ ਪਹਿਲਾ ਗੁਣ, ਸਤ ਹੈ ਭਾਵ ਸਤੋਗੁਣ। ਜਿਹਨਾਂ ਵਿਅਕਤੀਆਂ ਵਿੱਚ ਸਤੋ ਗੁਣ ਦੀ ਪ੍ਰਧਾਨਤਾ ਹੁੰਦੀ ਹੈ ਉਹਨਾਂ ਦਾ ਦਿਮਾਗ਼ ਠੰਢਾ ਰਹਿੰਦਾ ਹੈ। ਉਹ ਸ਼ਾਂਤੀ, ਦਇਆ, ਖਿਮਾ, ਪ੍ਰਸੰਨਤਾ, ਪ੍ਰੀਤ, ਧਰਮ ਦੇ ਧਾਰਨੀ ਰਹਿੰਦੇ ਹਨ। ਦੁਖ, ਸੁਖ ਤੇ ਮੋਹ ਉਹਨਾਂ ਤੇ ਸਵਾਰ ਨਹੀਂ ਹੁੰਦੇ। ਸਗੋਂ ਠੰਢੇ ਦਿਮਾਗ਼ ਵਾਲੇ ਵਿਅਕਤੀ ਦੁੱਖਾਂ ਤੋਂ ਰਹਿਤ ਅਤੇ ਸੁਖ ਤੇ ਗਿਆਨ ਵਿੱਚ ਲਿਪਤ ਰਹਿੰਦੇ ਹਨ।

ਵਿਚਾਰ ਵਾਲੀ ਗੱਲ ਇਹ ਹੈ ਕਿ ਕਿਹੜੀ ਸੋਚ ਹੈ ਜਿਹੜੀ ਦਿਮਾਗ਼ ਨੂੰ ਠੰਢਾ ਨਹੀਂ ਰਹਿਣਾ ਦੇਂਦੀ। ਉਹ ਸੋਚ ਕਿਵੇਂ ਪੈਦਾ ਹੁੰਦੀ ਹੈ ਇਕ ਲੋਕ ਅਖਾਣ ਹੈ-ਜੈਸਾ ਅੰਨ ਵੈਸਾ ਮਨ। ਚੰਗਾ ਯਾ ਮਾੜਾ ਅੰਨ ਮਨੁੱਖ ਦੇ ਸਰੀਰ, ਮਨ, ਬਿਰਤੀ, ਸੋਚ ਤੇ ਵਿਹਾਰ ਨੂੰ ਪ੍ਰਭਾਵਿਤ ਕਰਦਾ ਹੈ। ਜੇ ਮਨੁੱਖ ਅੰਡੇ, ਮਾਸ, ਮੱਛੀ ਜਾਂ ਹੋਰ ਮਾਸਾਹਾਰੀ ਭੋਜਨ ਕਰਦਾ ਹੈ ਤਾਂ ਸਹਿਜੇ ਹੀ ਮਨੁੱਖ ਦਾ ਦਿਮਾਗ਼ ਠੰਢਾ ਨਹੀਂ ਰਹੇਗਾ। ਦਿਮਾਗ਼ ਦੀ ਗਰਮੀ, ਸਾਡੇ ਪੇਟ ਰਾਹੀ ਹੀ ਤਾਂ ਦਿਮਾਗ਼ ਨੂੰ ਜਾਂਦੀ ਹੈ, ਠੀਕ ਓਸੇ ਤਰ੍ਹਾਂ ਜਿਵੇਂ ਹੀਟਰ ਦੀਆਂ ਤਾਰਾਂ ਲਾਲ ਹੋਣ ਨਾਲ ਹੀ ਉਸਦੀ ਗਰਮੀ ਬਾਹਰ ਆਉਂਦੀ ਹੈ। ਮਨੁੱਖ ਨੂੰ ਆਪਣੀ ਇਸ ਗਰਮੀ ਨੂੰ ਕਾਬੂ ਕਰਨ ਲਈ ਸ਼ਾਕਾਹਾਰੀ

Sri Satguru Jagjit Singh Ji Elibrary NamdhariElibrary@gmail.com

ਭੋਜਨ ਅਤੇ ਉਹ ਵੀ ਅਲਪ ਆਹਾਰ ਦੇ ਰੂਪ ਵਿੱਚ ਕਰਨਾ ਚਾਹੀਦਾ ਹੈ।

ਗੁੱਸਾ ਠੰਢੇ ਦਿਮਾਗ਼ ਦਾ ਵੈਰੀ ਹੈ। ਏਸੇ ਕਰਕੇ ਹੀ ਸ਼ੇਖ ਫ਼ਰੀਦ ਜੀ ਵੀ ਆਖਦੇ ਹਨ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਇ।
ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ।

ਬੁਰੇ ਦਾ ਭਲਾ ਕਰਨਾ ਕਠਿਨ ਹੈ ਪਰ ਭਾਵਨਾ ਬਣਿਆਂ ਸਾਧਨਾ ਕੀਤਿਆਂ, ਮਹਾਪੁਰਸ਼ਾਂ ਦੀ ਸੰਗਤ ਕਰਿਆਂ ਮਨ ਇਸ ਪਾਸੇ ਲਗ ਸਕਦਾ ਹੈ।

ਮਨ ਦੀ ਭਟਕਨਾ ਵਧਾਉਣ ਵਿਚ ਇੰਦਰੀਆਂ ਰਾਹੀ ਕੀਤੇ ਜਾਂਦੇ ਵਿਕਾਰਾਂ ਦਾ ਖ਼ਾਸ ਹਿੱਸਾ ਹੈ। ਪੰਜ ਵਿਕਾਰ ਆਪਣਾ ਦਬਦਬਾ ਰਖਦੇ ਹਨ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਮਾਰ ਵਿਚ ਆ ਜਾਂਦਾ ਹੈ। ਉਸ ਅੰਦਰ ਨਫ਼ਰਤ ਜਾਂ ਘਿਰਨਾ ਵੀ ਪੈਦਾ ਹੋ ਜਾਂਦੀ ਹੈ। ਉਹ ਜੇ ਉਹਨਾਂ ਨੂੰ ਬੇਲਗਾਮ ਘੋੜਿਆਂ ਵਾਂਗ ਫਿਰਨ ਦੇਵੇ ਤਾਂ ਉਹ ਉਸ ਦੀਆਂ ਇੰਦਰੀਆਂ ਨੂੰ ਪ੍ਰਭਾਵਿਤ ਵੀ ਕਰਦੇ ਹਨ, ਸਰੀਰ ਨੂੰ ਪ੍ਰਭਾਵਿਤ ਵੀ ਕਰਦੇ ਹਨ ਜਿਸ ਦਾ ਸਿੱਟਾ ਸੁਭਾਅ ਵਿੱਚ ਗਰਮੀ ਤੇ ਉਮਰ ਦਾ ਘਟਨਾ ਹੁੰਦਾ ਹੈ।

ਠੰਢੇ ਰਹਿਣ ਲਈ ਸੜਨਾ, ਕੁੜਨਾ, ਕਰਿਝੱਣਾ ਤੇ ਗੁੱਸਾ ਕਰਨਾ ਛਡਣਾ ਹੀ ਪਏਗਾ। ਨਹੀਂ ਤਾਂ ਦੂਜੇ ਵੀ ਆਖਣ ਲਗ ਪੈਂਦੇ ਹਨ, ਕਾੜ੍ਹਨੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ ਸਾਡਾ ਕੀ।

ਮਨੁੱਖ ਦੀ ਤਾਕਤ, ਸਮਰਥਾ ਪ੍ਰਤਿਭਾ ਤੇ ਪ੍ਰਭੁਤਾ ਦਾ ਗਰਾਫ ਉਤਾਂਹ ਨੂੰ ਤਾਂ ਹੋਲੀ ਹੋਲੀ ਜਾਂਦਾ ਹੈ ਪਰ ਡਿਗਦਾ ਯਕਦਮ ਹੈ ਬੁਢਾਪਾ ਆਉਣ ਤੇ। ਜੇ ਇਕ ਅਫ਼ਸਰ ਦੀ ਉਦਾਹਰਨ ਲਈਏ ਤਾਂ ਉਹ ਹੋਲੀ ਹੋਲੀ ਤਰੱਕੀ ਕਰਕੇ ਰੋਬ੍ਹ ਪਾਉਣ ਜੋਗਾ ਹੁੰਦਾ ਹੈ। ਉਸਦੀ ਕਲਮ ਦੀ ਤਾਕਤ ਆਉਂਦੀ ਹੈ, ਉਸਦੀ ਮੰਨੀ ਜਾਂਦੀ ਹੈ। ਉਸ ਦੀ ਤਨਖਾਹ, ਭਤੇ, ਕਾਰ, ਕੋਠੀ, ਨੌਕਰ-ਚਾਕਰ ਤੇ ਹੋਰ ਸੁਖ ਸੁਵਿਧਾ ਵਧਦੀ ਹੈ। ਉਹ ਆਪਣੇ ਆਪ ਨੂੰ ਬੜਾ ਕੁਝ ਸਮਝਦਾ ਹੈ ਪਰ ਜਿਵੇਂ ਹੀ ਉਹ ਰਿਟਾਇਰ ਹੁੰਦਾ ਹੈ। ਅਕਾਸ਼ੋਂ ਡਿੱਗਾ ਖਜ਼ੂਰ ਤੇ ਅਟਕ ਜਾਂਦਾ ਹੈ। ਪੈਨਸ਼ਨ ਨਿਗੂਣੀ ਹੁੰਦੀ ਹੈ, ਪੁੱਤਰ ਧੀਆਂ ਜਵਾਨ ਹੋ ਕੇ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ। ਸਲਾਮ ਕਰਨ ਵਾਲਾ ਜਾਂ ਆਖੇ ਲਗਾਣ ਵਾਲਾ ਘੱਟ ਹੀ ਕੋਈ ਰਹਿੰਦਾ ਹੈ। ਘਰ ਦਾ ਇਕ ਖੂੰਜਾ ਉਸ ਕਾ ਸੰਸਾਰ ਰਹਿ ਜਾਂਦਾ ਹੈ। ਹੋਰਾਂ ਦਾ ਵਿਹਾਰ ਤਾਂ ਓਪਰਾ ਹੋ ਹੀ ਜਾਂਦਾ ਹੈ ਗਿਆਨ ਤੇ ਕਰਮ ਇੰਦਰੀਆਂ ਵੀ ਥੱਕ ਗਈਆ ਲਗਦੀਆਂ ਹਨ। ਇਸ ਸਮੇਂ ਗੁੱਸਾ ਆਉਂਦਾ ਹੈ, ਦਿਮਾਗ਼ ਠੰਢਾ ਨਹੀ ਰਹਿੰਦਾ ਉਮਰ ਤਾਂ ਘਟਦੀ ਹੀ ਹੈ ਕਈ ਵਾਰ ਆਤਮ-ਹਤਿਆ ਤੱਕ ਕਰਨ ਨੂੰ ਜੀਅ ਕਰਦਾ ਹੈ। ਪਰ ਗਿਆਨੀ ਪੁਰਸ਼ ਵਿਵੇਕਸ਼ੀਲ ਰਹਿੰਦਾ ਹੈ ਉਹ ਠੰਢੇ ਦਿਮਾਗ਼ ਨਾਲ ਸੋਚਦਾ ਤੇ ਸੰਭਲਦਾ ਹੈ। ਵਿੱਸ ਨਹੀ ਘੋਲਦਾ, ਟੈਨਸ਼ਨ ਨਹੀ ਪਾਲਦਾ ਆਪਣੀ ਇੱਛਾ ਅਨੁਸਾਰ ਜਿਉਂਦਾ ਹੈ।

ਮਨੁੱਖ ਸ਼ੁਰੂ ਤੋਂ ਹੀ ਜੇ ਸਦ ਬਚਨ ਬੋਲੇ ਤੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਰਹੇ

Sri Satguru Jagjit Singh Ji Elibrary NamdhariElibrary@gmail.com

ਤਾਂ ਉਸਦੀ ਬਿਰਤੀ ਠੀਕ ਰਹਿੰਦੀ ਹੈ। ਉਹ ਫ਼ਰੀਦ ਜੀ ਦੇ ਸਲੋਕ ਨੂੰ ਧਿਆਨ ਵਿੱਚ ਰੱਖੇ :

ਫਰੀਦਾ ਜੋ ਤੈ ਮਾਰਨ ਮੁਕੀਆਂ ਤਿਨਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ ਪੈਰਿ ਤਿਨਾ ਦੇ ਚੁੰਮਿ।

ਉਸ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਸਤਿ ਕਰਕੇ ਮੰਨੇ :

ਹੋਰ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ
ਖਿਮਾ ਕਰਨੀ ਬੋਲ ਕੁਬੋਲੁ ਸਹਿ ਜਾਣਾ ਸਭਦਾ।
ਜੋ ਕੋਈ ਮਾਰੇ ਕੁਛ ਤਾਂ ਭੀ ਖਿਮਾ ਕਰਨੀ ਤੁਸਾਂ ਦਾ ਰਛਕ ਗੁਰੂ ਹੈ।

ਇਹ ਭਾਵਨਾ ਜਾਂ ਹਰ ਪ੍ਰਸਥਿਤੀ ਵਿੱਚ ਆਪਣੇ ਆਪ ਨੂੰ ਚੇਤੰਨ ਰੱਖਣ ਤੇ ਸਾਧਨਾ ਕਰਨ ਨਾਲ ਹੀ ਆਉਂਦਾ ਹੈ। ਇਹ ਜਾਚ ਸਿੱਖਣ ਲਈ ਸੰਤਾਂ ਕਾ ਸੰਗ ਜ਼ਰੂਰੀ ਹੈ। ਉਸ ਨਾਲ ਦਿਮਾਗ਼ ਵੀ ਠੰਢਾ ਰਹੇਗਾ।

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਠਾਂਢਿ ਪਰੀ ਸੰਤਹ ਸੰਗਿ ਬਸਿਆ। ਅੰਮ੍ਰਿਤ ਨਾਮੁ ਤਹਾ ਜੀਅ ਰਸਿਆ।
ਠਾਕੁਰ ਆਪਨੇ ਜੋ ਜਨ ਭਾਇਆ। ਨਾਨਕ ਉਆ ਕੇ ਮਨੁ ਸੀਤਲਾਇਆ।

ਉਹ ਸੀਤਲ ਮਨ ਰੱਖਣ ਵਾਲਿਆਂ ਦੀ ਮਿਸਾਲ ਸਤਿਗੁਰੂ ਸਾਹਿਬਾਨ ਆਪ ਹਨ ਜਾਂ ਫਿਰ ਉਹਨਾਂ ਦੇ ਭਜਨੀਕ ਸਿੱਖ-ਸਾਧ।

Sri Satguru Jagjit Singh Ji Elibrary NamdhariElibrary@gmail.com

ਕੰਤ ਮਿਲਿਓ ਮੇਰੋ ਸਭੁ ਦੁਖ ਜੋਹਿਓ

ਭਾਰਤੀ ਸਮਾਜਕ ਢਾਂਚੇ ਅਨੁਸਾਰ ਇਸਤਰੀ ਪਰਾਇਆ ਧਨ ਹੈ। ਉਹ ਧਨ ਜਿੰਨਾ ਚਿਰ ਮਾਪਿਆਂ ਦੇ ਘਰ ਰਹਿੰਦਾ ਹੈ, ਉਹਨਾਂ ਨੂੰ ਫਿਕਰ-ਚਿੰਤਾ ਬਣੀ ਰਹਿੰਦੀ ਹੈ। ਮਾਪੇ ਉਸ ਨੂੰ ਉਸਦੇ ਸੁਆਮੀ ਘਰ ਭੇਜ ਕੇ ਸੁਰਖਰੂ ਹੋ ਸਕਦੇ ਹਨ। ਇਸਤਰੀ ਵੀ ਆਪਣੇ ਆਪ ਨੂੰ ਆਪਣੇ ਸੁਆਮੀ-ਪਤੀ ਨੂੰ ਪ੍ਰਾਪਤ ਕਰ ਕੇ ਸੁਖੀ ਮਹਿਸੂਸ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਉਸਦੀ ਭਾਵਨਾ ਹੁੰਦੀ ਹੈ:

ਕੰਤ ਮਿਲਿਓ ਮੇਰੋ ਸਭੁ ਦੁਖ ਜੋਹਿਓ।

ਕੰਤ ਨੂੰ ਮਿਲਿਆਂ ਨਾਰ ਤਾਂ ਨਿਸ਼ਚਿੰਤ ਹੋ ਸਕਦੀ ਹੈ ਪਰ ਭਤਾਰ ਦੀ ਜ਼ੁੰਮੇਵਾਰੀ ਵਧ ਜਾਂਦੀ ਹੈ। ਉਸ ਨੇ ਹੀ ਇਹਸਾਸ ਕਰਨਾ ਹੁੰਦਾ ਹੈ ਕਿ ਉਸ ਦੀ ਜੀਵਨ ਸਾਥਣ ਭਰੇ ਪੂਰੇ ਪਰਵਾਰ ਨੂੰ ਛੱਡ ਕੇ ਆਈ ਹੈ। ਉਥੇ ਉਸ ਨੂੰ ਅਮਿਣਵਾਂ ਪਿਆਰ ਮਿਲਿਆ ਹੋਵੇਗਾ। ਉਹ ਮਾਪਿਆਂ ਦੀ ਲਾਡਲੀ ਰਹੀ ਹੋਵੇਗੀ। ਉਹ ਸਖੀਆਂ ਸਹੇਲੀਆਂ ਦੀ ਗਰਬ-ਗਹੇਲੀ ਹੋ ਸਕਦੀ ਹੈ। ਸੁਆਮੀ ਕੋਲ ਆ ਕੇ ਉਸ ਨੂੰ ਦੁਖ ਤਕਲੀਫ ਨਾ ਹੋਵੇ। ਆਪਣੇਪਨ ਦੀ ਘਾਟ ਮਹਿਸੂਸ ਨਾ ਹੋਵੇ।

ਉਸ ਦੇ ਮਾਪਿਆਂ ਨੇ ਉਸ ਨੂੰ ਦੂਜੇ ਨੰਬਰ ਤੇ ਰੱਖਿਆ ਹੋ ਸਕਦਾ ਹੈ। ਉਹਨਾਂ ਦੀ ਭਾਵਨਾ ਹੋ ਸਕਦੀ ਹੈ ਕਿ ਉਸਨੇ ਸਹੁਰੇ ਚਲੀ ਜਾਣਾ ਹੈ, ਨਾ ਕਮਾ ਕੇ ਖੁਆਉਣਾ ਹੈ, ਨਾ ਪਕਾ ਕੇ। ਸੋ ਉਹ ਪੁੱਤਰਾਂ ਵਲ ਵੱਧ ਧਿਆਨ ਦੇ ਸਕਦੇ ਹਨ। ਉਹ ਪੁੱਤਰਾਂ ਨੂੰ ਚੰਗੀ ਖ਼ੁਰਾਕ ਦੇਂਦੇ ਹੋਣਗੇ। ਉਹਨਾਂ ਰਾਹੀਂ ਉਹਨਾਂ ਦੀ ਪੜ੍ਹਾਈ ਉਤੇ ਰੱਜਵਾਂ ਖਰਚਾ ਕੀਤਾ ਜਾਂਦਾ ਹੋਵੇਗਾ। ਸਲਾਹ ਵੀ ਉਹਨਾਂ ਨਾਲ ਹੀ ਕੀਤੀ ਜਾਂਦੀ ਹੋ ਸਕਦੀ ਹੈ। ਇਸ ਨੂੰ ਕਿਤੇ ਹੱਸਣ-ਖੇਡਣ ਉਤੇ, ਕਿਸੇ ਨਾਲ ਗਲ ਬਾਤ ਕਰਨ ਉਤੇ, ਭਰਾਵਾਂ ਦੀ ਵੀ ਡਾਟ-ਡਪਟ ਸਹਿਣੀ ਪੈਂਦੀ ਹੋ ਸਕਦੀ ਹੈ। ਹੋ ਸਕਦਾ ਹੈ ਉਥੇ ਇਹ ਨਿੱਤ ਦੀ ਟੋਕਾ ਟਾਕੀ ਕਰਕੇ ਵਿਚਾਰੀ ਜਹੀ, ਬੁਝੀ-ਬੁਝੀ, ਉਦਾਸ, ਪ੍ਰੇਸ਼ਾਨ ਰਹੀ ਹੋਵੇ। ਉਹ ਕੇਵਲ ਕੰਤ ਘਰ ਜਾ ਕੇ ਸੁਖ ਮਾਣਨ ਦੇ ਸੁਪਨੇ ਲੈਂਦੀ, ਇਹ ਸੋਚਦੀ ਰਹੀ ਹੋਵੇ ਕਿ ਉਸ ਦਾ ਛੇਤੀ ਵਿਆਹ ਕੀਤਾ ਜਾਏ ਤਾਂ ਕਿ ਉਹ ਏਦੂ ਚੰਗੀ ਜ਼ਿੰਦਗੀ ਜੀਅ ਸਕੇ। ਪਰ ਇਹ ਚੰਗਾ ਤਾਂ ਕੰਤ ਨੇ ਹੀ ਰੱਖਣਾ ਹੈ। ਉਸ ਨੇ ਹੀ ਉਸ ਦੀਆਂ ਆਸਾਂ ਦੇ ਬੂਟੇ ਨੂੰ ਪਾਣੀ ਦੇਣਾ ਹੈ ਤਾਂਕਿ ਉਸ ਦੇ ਫੁਲ ਅਣਖਿੜੇ ਅਧ-ਖਿੜੇ ਜਾਂ ਮਹਿਕ ਵਿਹੂਣੇ ਨਾ ਰਹਿਣ।

ਉਹ ਕਿਸੇ ਭਰੇ-ਭਕੁੰਨੇ, ਰੱਜੇ-ਪੁਜੇ ਪਰਵਾਰ ਵਿਚੋਂ ਵੀ ਆਈ ਹੋ ਸਕਦੀ ਹੈ।

Sri Satguru Jagjit Singh Ji Elibrary NamdhariElibrary@gmail.com

ਜਿਥੇ ਉਸ ਨੂੰ ਹੱਥੀ ਛਾਵਾਂ ਹੁੰਦੀਆਂ ਰਹੀਆਂ ਹੋਣ। ਜਿਥੇ ਉਹ ਕੋਠੀਆਂ ਵਿੱਚ ਰਹਿੰਦੀ ਤੇ ਕਾਰਾਂ ਵਿਚ ਸੈਰ ਕਰਦੀ ਰਹੀ ਹੋਵੇ। ਉਸ ਦੇ ਹੁਕਮ ਵਿੱਚ ਨੌਕਰਾਂ ਚਾਕਰਾਂ ਦਾ ਅਮਲਾ ਫੈਲਾ ਰਿਹਾ ਹੋਵੇ। ਕੰਤ ਘਰ ਉਹਨਾਂ ਸੁਵਿਧਾਵਾਂ ਦੀ ਮਿਕਦਾਰ ਘੱਟ ਵੀ ਹੋ ਸਕਦੀ ਹੈ ਪਰ ਜੇ ਉਸ ਨੂੰ ਰੱਜਵਾਂ ਪਿਆਰ ਮਿਲੇ ਤਾਂ ਉਹ ਸੁਖੀ ਰਹਿ ਸਕਦੀ ਹੈ, ਉਹ ਉਹ ਭਾਵਨਾ ਰੱਖ ਸਕਦੀ ਹੈ,

'ਹਭੇ ਸਾਕ ਕੂੜਾਵੇ ਡਿਠੇ ਤਿਉ ਪਲੈ ਤੈਡੇ ਲਾਗੀ' -ਮਹਲਾ 5

ਉਹ ਆਪਣੇ ਪੇਕੇ ਘਰ ਕੁਝ ਵੀ ਹੋਵੇ ਰਾਣੀ ਸਹੁਰੇ ਘਰ ਆ ਕੇ, ਆਪਣੇ ਕੰਤ ਦੀ ਹੀ ਕਹਾਏਗੀ ਉਹ ਇਹ ਕਹਿ ਸਕਦੀ ਹੈ ਕਿ "ਕੰਤ ਪਕਰਿ ਹਮ ਕੀਨੀ ਰਾਨੀ"—ਗੁਰੂ ਅਰਜਨ। ਇਹ ਕੰਤ ਨੇ ਧਿਆਨ ਰਖਣਾ ਹੈ ਕਿ ਉਹ ਪਰਜਾ ਨਾ ਬਣੇ, ਨਾ ਨੌਕਰਾਣੀ ਬਣੇ ਸਗੋਂ ਰਾਣੀ ਹੀ ਰਹੇ।

ਪਤੀ, ਪਤਨੀ ਨੂੰ ਵਸਤੂ ਨਾ ਸਮਝੇ, ਭੋਗ ਦੀ ਵਸਤੂ। ਉਹ ਉਸ ਨੂੰ ਜਿਉਂਦੀ ਜਾਗਦੀ ਜੀਵਨ ਸਾਥਣ ਸਮਝੇ। ਉਹ ਸਮਝੇ ਕਿ ਉਹ ਆਪ ਦੁਖ ਦਰਦ ਨੂੰ ਮਹਿਸੂਸ ਕਰਦੀ ਹੈ ਤੇ ਉਸਦਾ ਦੁਖ ਦਰਦ ਵੰਡਾ ਸਕਦੀ ਹੈ। ਉਸ ਦੀਆਂ ਜ਼ੁੰਮੇਵਾਰੀਆਂ ਦੀ ਸਾਂਝੀਦਾਰ ਹੋ ਸਕਦੀ ਹੈ।

ਪਤੀ ਕੋਲ ਆ ਕੇ ਵੀ ਕਈ ਵਾਰ ਪਤਨੀ ਨੂੰ ਉਸ ਦਾ ਬਣਦਾ ਹੱਕ ਨਹੀ ਮਿਲਦਾ। ਉਹ ਸੜਦੀ ਕ੍ਰਿੜਦੀ ਰਹਿੰਦੀ ਹੈ। ਦੁਖੀ ਪ੍ਰੇਸ਼ਾਨ ਰਹਿੰਦੀ ਹੈ। ਜਦ ਉਹ ਆਪਣਾ ਕੋਈ ਨਹੀਂ ਸਮਝਦੀ ਜਿਸ ਨੂੰ ਆਪਣੀ ਦੁਖ ਭਰੀ ਵਿਥਿਆ ਸੁਣਾ ਸਕੇ ਤਾਂ ਉਹ ਜਾਂ ਤਾਂ ਆਪ ਵਿਗੜ ਜਾਂਦੀ ਹੈ ਜਾਂ ਆਤਮਘਾਤ ਕਰ ਲੈਂਦੀ ਹੈ ਜਾਂ ਫਿਰ ਇਕੱਲੀ ਪਹਾੜ ਵਰਗੀ ਜ਼ਿੰਦਗੀ ਕੱਟਣ ਲਈ ਮਜਬੂਰ ਹੋ ਜਾਂਦੀ ਹੈ।

ਵਿਗੜੀ ਹੋਈ ਔਰਤ ਨਾ ਘਰ ਦੀ ਚਾਰ ਦੀਵਾਰੀ ਦੀ ਕੈਦ ਵਿਚ ਰਹਿੰਦੀ ਹੈ, ਨਾ ਮਾਣ ਮਰਯਾਦਾ ਦੀ। ਉਸ ਲਈ ਖਾਣ ਪੀਣ ਦਾ ਪ੍ਰਹੇਜ ਨਹੀ ਰਹਿੰਦਾ, ਉਹ ਸ਼ਰਾਬ ਸਿਗਰਟ ਅਤੇ ਹੋਰ ਨਸ਼ਿਆਂ ਵਿਚ ਗਲਤਾਨ ਰਹਿੰਦੀ ਹੈ। ਕਲੱਬਾਂ ਦੇ ਅਜ਼ਾਦ ਖਿਆਲ ਲੋਕ ਉਸ ਦੇ ਸੰਗੀ ਸਾਥੀ ਬਣਦੇ ਹਨ। ਓਪਰੇ ਮਰਦ ਉਸ ਨੂੰ ਸੁਖਾਉਂਦੇ ਹਨ। ਇਹ ਕੰਮ ਉਹ ਮੱਤ-ਬੁੱਧ ਸੰਭਾਲ ਚੁੱਕੇ ਆਪਣੇ ਬੱਚਿਆਂ ਨੂੰ ਘਰ ਛਡ ਕੇ ਵੀ ਕਰਦੀ ਹੈ। ਪਰ ਕੀ ਇਸਦੇ ਪਿਛੇ ਅਚੇਤ ਵਿੱਚ ਉਸ ਦੇ ਉਸ ਕੰਤ ਦਾ ਤਾਂ ਹੱਥ ਨਹੀ ਜਿਸ ਨੇ ਉਸ ਨੂੰ ਅਜ਼ਾਦੀ ਦਿੱਤੀ ਹੈ। ਜਾਂ ਜਿਸ ਨੇ ਉਸ ਨੂੰ ਆਪਣੀ ਨਵੇਂ ਰੰਗ ਢੰਗ ਦੀ ਸੰਗਤ ਲਈ ਤਿਆਰ ਕਰਨ ਲਈ ਸਾਊ, ਸ਼ਰੀਫ, ਸ਼ੁਧ ਸ਼ਾਕਾਹਾਰੀ ਪਰਵਾਰ ਵਿਚੋਂ ਆਈ ਨੂੰ ਮਾਸ, ਮੱਛੀ, ਆਂਡੇ ਰਿੰਨਣ ਬਣਾਉਣ ਲਈ ਮਜਬੂਰ ਕੀਤਾ ਹੈ ਜਾਂ ਉਸ ਨੂੰ ਸ਼ਰਾਬ ਪਿਆਉਣ ਲਈ ਤਿਆਰ ਕੀਤਾ ਹੈ ਜਾਂ ਫਿਰ ਆਪ ਉਸ ਨੂੰ ਕਲੱਬਾਂ ਵਿਚ ਲੈ ਕੇ ਗਿਆ ਹੈ ਤੇ ਫਿਰ ਉਸਦੇ ਸਾਮ੍ਹਣੇ ਬਗਾਨੀ ਔਰਤ ਨਾਲ ਨੇੜ ਪੈਦਾ ਕੀਤਾ ਹੈ। ਉਦੋਂ ਭਾਵੇਂ ਉਸਨੇ ਆਪਣਾ ਟੌਹਰ

Sri Satguru Jagjit SIngh Ji Elibrary NamdhariElibrary@gmail.com

ਵਿਖਾਉਣ ਲਈ ਕੀਤਾ ਹੋਵੇ ਪਰ ਹੁਣ ਤਾਂ ਸਿਰੋਂ ਪਾਣੀ ਲੰਘ ਗਿਆ ਹੈ ਤੇ ਦਰਿਆਵਾਂ ਦੇ ਵਹਿਣ ਬਦਲ ਗਏ ਹਨ।

ਇਸ ਤਰ੍ਹਾਂ ਦੀ ਵਿਗੜੀ ਹੋਈ ਔਰਤ ਤਾਂ ਸ਼ਾਇਦ ਦੁਨੀਆ ਨੂੰ ਸ਼ਰਮਸਾਰ ਕਰਨਾ ਚਾਹੁੰਦੀ ਹੋਵੇ ਪਰ ਆਪ ਲੱਜ ਸ਼ਰਮ ਦੀ ਮਾਰੀ ਔਰਤ ਆਪਣੇ ਆਪ ਨੂੰ ਖ਼ਤਮ ਕਰ ਬੈਠਦੀ ਹੈ। ਉਹ ਲੱਭਦੀ ਹੈ ਇਕਾਂਤ ਭਾਵੇਂ ਪਲ ਭਰ ਦੀ ਹੀ ਮਿਲੇ। ਘਰਦਿਆਂ ਨੂੰ ਪਤਾ ਉਦੋਂ ਲਗਦਾ ਹੈ ਜਦ ਉਹਨਾਂ ਦੇ ਸਾਮ੍ਹਣੇ ਜਿਉਂਦਾ ਸਿਵਾ ਬਲਦਾ ਹੈ। ਤੇਲ ਪਾ ਕੇ ਅਤੇ ਡੁਬ ਮਰਨ ਦੀਆਂ ਦੁਰਘਟਨਾਵਾਂ ਵੀ ਸੁਣ ਹੀ ਲਈਦੀਆਂ ਹਨ। ਕੋਈ ਸੁਖੀ ਔਰਤ ਇੰਜ ਨਹੀਂ ਕਰਦੀ। ਸੁਖੀ ਉਸ ਨੂੰ ਰੱਖਣਾ ਹੁੰਦਾ ਹੈ ਕੰਤ ਨੇ ਜੋ ਗ਼ੈਰਜ਼ੁੰਮੇਵਰਾਨਾ ਵਿਹਾਰ ਕਰਦਾ ਹੈ।

ਕੰਤ ਦੀ ਸਤਾਈ ਔਰਤ ਕਈ ਵਾਰ ਤਾਂ ਉਸ ਘਰ ਦੀਆਂ ਦਹਿਲੀਆਂ ਮੁੜ ਲੰਘ ਆਉਂਦੀ ਹੈ ਜਿਥੇ ਉਹ ਪਰਾਇਆ ਧਨ ਸੀ। ਮਾਪੇ ਵੀ ਮਜਬੂਰੀ ਉਸ ਨੂੰ ਪਨਾਹ ਦੇਂਦੇ ਹਨ। ਕੀ ਕਰਨ ਆਂਦਰਾਂ ਦਾ ਸਾਕ ਜੁ ਹੋਇਆ। ਉਥੇ ਬੈਠੀ ਉਹ ਆਪਣੇ ਕੰਤ ਕੋਲ ਛਡ ਕੇ ਆਏ ਬੱਚਿਆਂ ਨੂੰ ਮਿਲਣ ਲਈ ਵੀ ਬਿਹਬਲ ਹੋਈ ਰਹਿੰਦੀ ਹੈ ਪਰ ਕੰਤ ਤਾਂ ਪੱਥਰ ਹੋ ਗਿਆ ਹੁੰਦਾ ਹੈ, ਸਿਲ-ਪੱਥਰ। ਕੰਤ ਨੂੰ ਨਾਰ ਤੋਂ ਵੱਖ ਕਰਦਾ ਹੈ, ਕੰਤ ਦਾ ਲਾਲਚ, ਉਸਦਾ ਹੰਕਾਰ ਤੇ ਉਸ ਦੇ ਐਬ।

ਲਾਲਚੀ ਕੰਤ, ਆਪਣੀ ਜੀਵਨ ਸਾਥਣ ਦੇ ਹੁਸਨ ਜੁਆਨੀ ਨੂੰ ਮਾਨਣ ਦਾ ਲਾਲਚ ਨਹੀਂ ਕਰਦਾ। ਨਾ ਲਾਲਚ ਕਰਦਾ ਹੈ ਉਸ ਦੇ ਗੁਣਾਂ ਦੀ ਕਦਰ ਕਰਨ ਦਾ, ਚੰਗੇ ਖਾਨਦਾਨ ਨੇਕ ਚਾਲਚਲਣ ਦਾ, ਸਾਊ ਸੁਭਾ ਦਾ। ਉਹ ਲਾਲਚ ਕਰਦਾ ਹੈ ਉਸ ਦੇ ਮਾਪਿਆਂ ਦੇ ਧਨ-ਪਦਾਰਥ ਦਾ, ਕਾਰਾਂ-ਕੋਠੀਆਂ ਦਾ, ਜ਼ਮੀਨ-ਜਾਇਦਾਦ ਦਾ ਕਿ ਉਸ ਵਿਚੋਂ ਉਸ ਨੂੰ ਕੀ ਮਿਲਦਾ ਹੈ। ਜੇ ਲੜਕੀ ਦੇ ਮਾਪੇ ਗ਼ਰੀਬ ਹਨ ਤਾਂ ਉਹਨਾਂ ਨੂੰ ਨਿਚੋੜਨ ਦਾ। ਕਈ ਤਾਂ ਮਾਪਿਆਂ ਦੀ ਕੱਲੀਕਾਰੀ ਕੁੜੀ ਨਾਲ ਵਿਆਹ ਹੀ ਜਾਇਦਾਦ ਦੇ ਲਾਲਚ ਨੂੰ ਕਰਦੇ ਹਨ। ਇਹ ਭੁਖ ਉਸ ਦੀ ਮਾਂ ਨੂੰ ਵੀ ਹੋ ਸਕਦੀ ਹੈ, ਭੈਣ ਨੂੰ ਵੀ ਕਿ ਦਾਜ ਵਿਚ ਕੀਹ ਲਿਆਈ ਹੈ ਜੇ ਨਹੀ ਲਿਆਈ ਤਾਂ ਸਹੇ ਮਾਰ, ਭਨਾਵੇ ਹੱਡ, ਰਹੇ ਗੋਲੀ ਬਣ ਕੇ ਜਾਂ ਫਿਰ ਬਲੀ ਚੜ੍ਹ ਜਾਵੇ ਦਾਜ ਦੀ।

ਹੰਕਾਰ ਕੰਤ ਕਰ ਬੈਠਦਾ ਹੈ ਮਨੁੱਖ ਹੋਣ ਦਾ ਤੇ ਸਮਝਦਾ ਹੈ ਕਿ ਔਰਤ ਉਸਦੀ ਦਾਸੀ ਹੈ, ਪੈਰ ਦੀ ਜੁੱਤੀ। ਭਾਵੇਂ ਉਹ ਉਸ ਤੋਂ ਵੱਧ ਪੜ੍ਹੀ ਲਿਖੀ ਹੋਵੇ, ਚੰਗੀ ਨੌਕਰੀ ਤੇ ਲੱਗੀ ਹੋਵੇ ਜ਼ਿਆਦਾ ਤਨਖਾਹ ਲਿਆਉਂਦੀ ਹੋਵੇ ਜਾਂ ਵਪਾਰ ਵਿਚ ਉਸਦਾ ਹੱਥ ਵਟਾਉਂਦੀ ਹੋਵੇ। ਸਮਾਜਕ ਤੇ ਰਾਜਨੀਤਕ ਤੌਰ ਤੇ ਉਸ ਤੋਂ ਸਿਰਕੱਢ ਹੋਵੇ। ਉਹ ਉਸ ਨੂੰ ਆਪਣੇ ਤੋਂ ਨੀਵੀ ਸਮਝਦਾ ਹੈ। ਕਈ ਗ਼ਰੀਬ ਵਿਚਾਰੀਆਂ ਸਾਰਾ ਦਿਨ ਚਾਹ ਵੇਚ ਕੇ, ਸਬਜੀ ਦੀ ਰੇੜ੍ਹੀ ਲਾ ਕੇ ਜਾਂ ਮਿਹਨਤ ਮਜ਼ਦੂਰੀ ਕਰ ਕੇ ਰਾਤੀ ਸ਼ਰਾਬੀ ਪਤੀ ਦੀਆਂ ਗਾਲ੍ਹਾਂ ਵੀ ਖਾਂਦੀਆਂ ਹਨ, ਮਾਰ ਵੀ ਖਾਂਦੀਆਂ ਤੇ ਉਹ ਸ਼ਰਾਬ ਲਈ ਉਹਨਾਂ ਤੋਂ ਪੈਸੇ ਖੋਹ ਕੇ ਵੀ ਲੈ ਜਾਂਦੇ ਹਨ। ਕੈਸਾ ਫ਼ਰਜ ਨਿਭਾਇਆ ਜਾਂਦਾ ਹੈ ਕੰਤ ਵਲੋਂ!

Sri Satguru Jagjit Singh Ji Elibrary NamdhariElibrary@gmail.com

ਪੁਰਸ਼ ਪ੍ਰਧਾਨ ਸਮਾਜ ਹੈ, ਉਹ ਇਸਤਰੀ ਨੂੰ ਤਾਂ ਪਤੀਬ੍ਰਤਾ ਰਖਣਾ ਚਾਹੁੰਦਾ ਹੈ ਪਰ ਆਪ ਪਰਇਸਤਰੀ ਗਾਮੀ ਬਣਨੋਂ ਨਹੀਂ ਸੰਗਦਾ। ਭਗਤ ਨਾਮਦੇਵ ਐਸੇ ਵਿਭਚਾਰੀ ਨੂੰ ਆਖਦੇ ਹਨ:

ਘਰ ਕੀ ਨਾਰਿ ਤਿਆਗੈ ਅੰਧਾ। ਪਰ ਨਾਰੀ ਸਿਉ ਘਾਲੈ ਧੰਧਾ।
ਜੈਸੇ ਸਿੰਬਲੁ ਦੇਖ ਸੂਆ ਬਿਗਸਾਨਾ। ਅੰਤ ਕੀ ਬਾਰ ਮੂਆ ਲਪਟਾਨਾ।

ਭਾਈ ਗੁਰਦਾਸ ਵੀ ਹੋਰ ਨਾਰੀਆਂ ਨੂੰ ਧੀਆਂ ਭੈਣਾਂ ਸਮਝਣ ਦੀ ਸਿਖਿਆ ਦੇਂਦੇ ਹਨ—ਏਕਾ ਨਾਰੀ ਜਾਤੀ ਹੈ ਪਰ ਨਾਰੀ ਧੀ ਭੈਣ ਵਿਖਾਣੈ। ਰਹਿਤਨਾਮਿਆਂ ਵਿਚ ਇਹ ਗਲ ਮਰਯਾਦਾ ਦਾ ਹਿੱਸਾ ਹੈ ਤੇ ਤ੍ਰਿਆ ਚਰਿਤ੍ਰ ਵਿਚ ਪਰਨਾਰੀ ਨਾਲ ਪਿਆਰ ਤਿੱਖੀ ਛੁਰੀ ਨੂੰ ਵਰਤਣਾ ਹੈ। ਸਤਿਗੁਰੂ ਰਾਮ ਸਿੰਘ ਨੇ ਹੁਕਮਨਾਮੇ ਵਿਚ ਪਰਾਈ ਧੀ ਭੈਣ ਆਪਣੀ ਜਾਨਣ ਦਾ ਹੁਕਮ ਕੀਤਾ ਹੈ। ਉਹਨਾਂ ਨੇ ਪਰਾਈ ਔਰਤ ਦੇ ਸੰਗ ਨਾਲ ਹੋਣ ਵਾਲੇ ਨੁਕਸਾਨ ਵੀ ਲਿਖੇ ਹਨ:

"ਰੰਡੀ ਦੇ ਸੰਗਿ ਤੇ ਇਕ ਤਾਂ ਸਰੀਰ ਨੂ ਦੁਖ ਲਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਜਾਂਦਾ ਹੈ, ਤੀਸਰਾ ਧਰਮ ਜਾਂਦਾ ਹੈ, ਚੌਥਾ ਲੋਕਾਂ ਮੈਂ ਬਹੁਤ ਭੰਡੀ ਹੁੰਦੀ ਹੈ...ਘਰ ਮੇ ਘਰ ਦੀ ਸਿਖਣੀ ਸਾਥ ਸਪਰਸ਼ ਹੋਆ ਤਾਂ ਉਸ ਨੂੰ ਵੀ ਬਿਮਾਰੀ ਹੋਇ ਜਾਊ ਜੇ ਨਾ ਕੀਤਾ ਤਾਂ ਬੀ ਦੋਸ਼ ਹੈ।

—ਹੁਕਮਨਾਮਾ-49

ਅੱਜ ਤਾਂ ਲਾਇਲਾਜ ਬਿਮਾਰੀ ਏਡਜ਼ ਨੂੰ ਸੱਦਾ ਦੇਣ ਦਾ ਮੁੱਖ ਕਾਰਨ ਉਸ ਪਰਇਸਤਰੀ ਦਾ ਸੰਗ ਹੈ ਹੋ ਖ਼ੁਦ ਬਿਮਾਰ ਹੈ। ਏਡਜ਼ ਨੂੰ ਸੱਦਾ ਮੌਤ ਨੂੰ ਸੱਦਾ ਹੈ। ਆਪਣੀ ਸਰੀਰਕ ਮੌਤ ਤੇ ਪਰਵਾਰ ਦੀ ਸਮਾਜਕ ਤੇ ਸਦਾਚਾਰਕ ਮੌਤ ਕਿਉਂਕਿ ਇੱਕ ਮੱਛੀ ਨੇ ਸਾਰਾ ਪਾਣੀ ਗੰਦਾ ਕਰ ਦਿੱਤਾ ਹੈ।

ਇੰਜ ਕੰਤ ਦੇ ਆਪਣੇ ਫ਼ਰਜ਼ ਤੋਂ ਕੁਤਾਹੀ ਕਰਨ ਨਾਲ ਹੀ ਹੁੰਦਾ ਹੈ, ਔਰਤ ਪ੍ਰਤੀ ਦੁਰਭਾਵਨਾ ਰੱਖਣ ਤੋਂ। ਔਰਤ ਪ੍ਰਤੀ ਸੁਹਿਰਦ ਰਹਿਣ ਵਾਸਤੇ ਹੀ ਸਤਿਗੁਰੂ ਜੀ ਨੇ ਦਾਜ ਲੈਣ ਤੇ ਕੁੜੀਆਂ ਮਾਰਨ, ਗਰਭ ਗਿਰਾਉਣ ਤੋਂ ਮਨ੍ਹਾ ਕੀਤਾ ਹੈ।

ਔਰਤ ਦੁਖੀ ਹੋਏ ਤਾਂ ਬੱਚੇ ਵੀ ਪ੍ਰਭਾਵਿਤ ਹੋਣਗੇ, ਵਿਗੜਨਗੇ, ਬੱਚੇ ਵਿਗੜੇ ਤਾਂ ਪਰਵਾਰ ਤਬਾਹ ਹੋਵੇਗਾ, ਪਰਵਾਰ ਤਬਾਹ ਹੋਇਆ ਤਾਂ ਖਾਨਦਾਨੀ ਮਾਣ ਮਰਯਾਦਾ ਦਾ ਖ਼ਾਤਮਾ ਤੇ ਆਲੇ ਦੁਆਲੇ ਭੰਡੀ ਤੇ ਫਿਰ ਮਨੁੱਖ ਦਾ ਗ੍ਰਿਸਤੀ ਹੋਣ ਦਾ ਕੀ ਲਾਭ?

ਸੋ ਮਨੁੱਖ ਆਪਣੀ ਥਾਂ ਪਛਾਣੇ ਆਪਣੀ ਸਰਦਾਰੀ ਕਾਇਮ ਰੱਖਦਿਆਂ ਇਸ ਤਰ੍ਹਾਂ ਨਾਲ ਵਿਹਾਰ ਕਰੇ ਕਿ ਉਸ ਦੀ ਪਤਨੀ ਨੂੰ ਮਹਿਸੂਸ ਹੋਵੇ ਕਿ ਉਸ ਦੇ ਸਭ ਦੁਖ ਦੂਰ ਹੋ ਗਏ ਹਨ ਤੇ ਉਸ ਨੂੰ ਸੁਖਦਾਤਾ ਵਰ ਮਿਲਿਆ ਹੈ।

Sri Satguru Jagjit Singh Ji Elibrary NamdhariElibrary@gmail.com

ਚਤੁਰ ਸਿਆਣਾ ਸੁਘੜੁ ਸੋਇ

ਮਨੁੱਖ ਨੇ ਤਰੱਕੀ ਦਾ ਬੜਾ ਲੰਮਾ ਪੈਂਡਾ ਕੀਤਾ ਹੈ। ਜੰਗਲਾਂ, ਕੰਦਰਾਂ ਵਿਚ ਰਹਿਣ ਵਾਲਾ ਮਨੁੱਖ ਅੱਜ ਵਧੀਆ ਸੁਸੱਜਿਤ ਘਰਾਂ ਕੋਠੀਆਂ ਵਿਚ ਐਸ਼ ਕਰ ਰਿਹਾ ਹੈ। ਇਕੱਲਾ ਜੰਗਲਾਂ ਵਿਚ ਵਿਚਰ ਕੇ ਕੱਚੇ-ਪੱਕੇ ਮਾਸ, ਫਲਾਂ, ਕੰਦ-ਮੂਲ ਨਾਲ ਪੇਟ ਭਰਨ ਵਾਲਾ ਮਨੁੱਖ ਅੱਜ ਆਪਣੀ ਮਰਜ਼ੀ ਦੇ ਫਲ, ਸਬਜ਼ੀਆਂ, ਦਾਲਾਂ ਉਗਾ ਸਕਦਾ ਹੈ, ਛੱਤੀ ਪ੍ਰਕਾਰ ਦੇ ਭੋਜਨ ਬਣਾ ਕੇ ਖਾ ਸਕਦਾ ਹੈ। ਕੁਦਰਤ ਦੀਆਂ ਸ਼ਕਤੀਆਂ ਨੂੰ ਉਹ ਆਪਣੀ ਮਰਜ਼ੀ ਨਾਲ ਵਰਤ ਸਕਦਾ ਹੈ। ਉਸ ਕੋਲ ਵਧੀਆ ਸਵਾਰੀਆਂ ਤੇ ਸੁਖ ਦੇ ਸਾਧਨ ਹਨ। ਇਹ ਵੱਖਰੀ ਗੱਲ ਹੈ ਕਿ ਇਸ ਦਾ ਲਾਭ ਹਰ ਇਕ ਨਹੀਂ ਲੈ ਸਕਦਾ। ਇਸ ਲਈ ਸਮਰੱਥਾ ਦੀ ਲੋੜ ਹੈ। ਇਹ ਸਭ ਸੁਘੜ ਸਿਆਣੇ ਮਨੁੱਖ ਦੀ ਲਗਨ, ਮਿਹਨਤ, ਸਿਰੜ ਤੇ ਸਿਦਕ ਨਾਲ ਕੀਤੀ ਖੋਜ ਦਾ ਸਿੱਟਾ ਹੈ। ਇਹ ਖੋਜ ਮਨੁੱਖ ਨੇ ਭੌਤਿਕ ਤੌਰ 'ਤੇ ਵੀ ਕੀਤੀ ਹੈ ਅਤੇ ਅਧਿਆਤਮਕ ਤੌਰ 'ਤੇ ਵੀ ਪਰ ਉਸ ਦੀ ਸਿਆਣਪ, ਚਤੁਰਾਈ ਤੇ ਸੁਘੜਤਾ ਦੇ ਪੈਰਾਂ ਵਿਚ ਉਦੋਂ ਤਕ ਬੇੜੀਆਂ ਪਈਆਂ ਹਨ ਜਦੋਂ ਤਕ ਉਸ ਨੇ ਹਉਮੈ ਨੂੰ ਨਹੀ ਛੱਡਿਆ; ਉਹ ਮੈਂ ਤੇ ਮੇਰੀ ਤੋਂ ਦੂਰ ਨਹੀਂ ਰਿਹਾ ਹੈ।

ਮਨੁੱਖ ਅੰਦਰ ਅੱਜ ਅਹੰਕਾਰ ਆ ਗਿਆ। ਉਹ ਅਭਿਮਾਨੀ ਹੋ ਗਿਆ। ਉਸ ਦੀਆਂ ਸ਼ਕਤੀਆਂ ਵੀ ਕਮਜ਼ੋਰ ਹੋ ਗਈਆਂ ਜਾਂ ਉਹ ਸ਼ਕਤੀਆਂ ਦੀ ਦੁਰਵਰਤੋਂ ਨਾਲ ਆਪਣੇ ਤੋਂ ਮਾੜੇ ਦੀਆਂ ਬਾਦ-ਅਸੀਸਾਂ ਲੈਣ ਲੱਗਾ ਹੈ। ਜਾਂ ਉਸ ਦੀ ਬੁੱਧੀ ਭਰਿਸ਼ਟ ਹੋ ਗਈ ਤੇ ਉਹ ਆਪਣੀ ਤਾਕਤ ਨੂੰ ਭੰਗ ਦੇ ਭਾੜੇ ਗੁਆ ਬੈਠਾ। ਜੇ ਉਸ ਨੇ ਆਪਣ ਅਭਿਮਾਨ ਕਾਰਨ ਸਰਬ ਸ਼ਕਤੀਮਾਨ ਨਿਰਗੁਣ ਪਰਮਾਤਮਾ ਜਾਂ ਉਸ ਦੇ ਸਰਗੁਣ ਸਰੂਪ ਨਾਲ ਆਢਾ ਲਾ ਲਿਆ ਤਾਂ ਉਸ ਦੀਆਂ ਬਾਹਰ ਦੀਆਂ ਤਕਤਾਂ ਦੇ ਨਾਲ-ਨਾਲ ਅੰਦਰ ਦੀਆਂ ਤਾਕਤਾਂ ਵੀ ਜਵਾਬ ਦੇ ਗਈਆਂ। ਕਿਸੇ ਨੇ ਜੇ ਭਜਨ ਬੰਦਗੀ ਕੀਤੀ, ਮਾਇਆ ਨਾਲ ਮੋਹ ਤਾਂ ਨਾ ਰੱਖਿਆ ਪਰ ਇਸ ਗੱਲ ਦਾ ਮਾਣ ਕੀਤਾ ਕਿ ਮੈਂ ਮਾਇਆ ਦਾ ਤਿਆਗ ਕੀਤਾ ਹੈ, ਤਾਂ ਉਸ ਨੇ ਕੁਝ ਵੀ ਪ੍ਰਾਪਤ ਨਹੀ ਕੀਤਾ। ਕਬੀਰ ਜੀ ਦੀ ਬਾਣੀ ਅਨੁਸਾਰ :—

ਕਬੀਰ ਮਾਇਆ ਤਜੀ ਤ ਕਿਆ ਭਇਆ
ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ
ਮਾਨੁ ਸਭੈ ਕਉ ਖਾਇ ॥

Sri Satguru Jagjit Singh Ji Elibrary NamdhariElibrary@gmail.com

ਅਭਿਮਾਨ ਕਰਨ ਵਾਲੇ ਮਨੁੱਖ ਨੂੰ ਕਈ ਵਾਰ ਸਮਝ ਹੀ ਨਹੀਂ ਆਉਂਦੀ ਕਿ :-

ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ ॥

ਉਹ ਆਪਣੀ ਅਕਲਮੰਦੀ ਤੇ ਫ਼ਖ਼ਰ ਕਰ ਕੇ ਆਪਣੇ ਤੋਂ ਕਿਸੇ ਸੰਸਾਰਕ ਪੱਖੋਂ ਵੱਡੇ ਜਾਂ ਅਧਿਆਤਮਕ ਤੌਰ 'ਤੇ ਵੱਡੇ ਨੂੰ ਜਾਂ ਛੋਟਾ ਸਮਝਦਾ ਹੈ ਜਾਂ ਛੋਟਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਮੌਕਾ ਮਿਲਣ ਉਤੇ ਉਸ ਬਾਰੇ ਘਾੜਤਾਂ ਘੜਦਾ ਹੈ। ਮੌਕਾ ਮਿਲਣ ਉਤੇ ਉਸ ਬਾਰੇ ਖਰ੍ਹਵੇ, ਥੋਥੀਆਂ ਦਲੀਲਾਂ ਭਰੇ, ਸਵਾਰਥੀ ਹਉਮੈ ਵਾਲੇ ਬੋਲ ਬੋਲ ਕੇ ਹੋਰਾਂ ਦੇ ਮਨਾਂ ਵਿਚ ਜ਼ਹਿਰ ਭਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਏਥੇ ਹੀ ਬੱਸ ਨਹੀ ਕਰਦਾ ਸਗੋਂ ਉਸ ਖਿਲਾਫ਼ ਝੂਠਾ ਭੰਡੀ ਪ੍ਰਚਾਰ ਕਰਦਾ ਹੈ। ਜਨ ਸਾਧਾਰਨ ਨੂੰ ਗੁਮਰਾਹ ਕਰਨ ਦੀ ਕੋਸ਼ਸ਼ ਕਰਦਾ ਹੈ। ਪਰ ਐਸੇ ਵਿਅਕਤੀ ਦਾ ਲੇਖਾ-ਜੋਖਾ ਕਈ ਵਾਰ ਜਾਂ ਏਥੇ ਹੀ ਮੁੱਕ ਜਾਂਦਾ ਹੈ ਜਾਂ ਉਸ ਨੂੰ ਕੁਦਰਤ ਵਲੋਂ ਚੇਤਾਵਨੀ ਮਿਲਦੀ ਹੈ ਕਿ ਉਹ ਮੈਂ ਮੇਰੀ ਨੂੰ ਛੱਡ ਕੇ ਸਹੀ ਰਸਤਾ ਅਖ਼ਤਿਆਰ ਕਰੇ। ਕਈ ਵਾਰ ਇਹ ਚੇਤਾਵਨੀ ਉਸ ਲਕੀਰ ਦੇ ਫ਼ਕੀਰ ਜਾਂ ਹੋਰ ਸੋਚਵਾਨਾਂ ਲਈ ਹੁੰਦੀ ਹੈ।

ਐਸੇ ਹੰਕਾਰੀ ਵਿਅਕਤੀ ਦਾ ਦਿਮਾਗ਼ ਜਵਾਬ ਦੇ ਜਾਂਦਾ ਹੈ। ਦਿਮਾਗ਼ੀ ਨੁਕਸ ਕਾਰਨ ਉਸ ਸਹੀ ਸੋਚ ਨਹੀਂ ਸੋਚ ਸਕਦਾ। ਉਸ ਨੂੰ ਬੁਰੇ ਭਲੇ ਦੀ ਕੀ, ਆਪਣੇ ਪਰਾਏ ਦੀ ਵੀ ਪਛਾਣ ਨਹੀ ਆਉਂਦੀ। ਉਹ ਕਿਸੇ ਨਾਲ ਬੋਲਣਾ ਚਾਹੇ ਤਾਂ ਉਸ ਦੇ ਮੂੰਹੋਂ ਬੋਲ ਸਹੀ ਨਹੀਂ ਨਿਕਲਦੇ। ਉਸ ਦੀ ਬਾਣੀ ਗ਼ੈਰ-ਮਨੁੱਖੀ ਬਣ ਜਾਂਦੀ ਹੈ। ਕਈ ਵਾਰ ਕੋਈ ਲਿਖ ਕੇ ਆਪਣੀ ਗੱਲ ਕਰਨਾ ਚਾਹੁੰਦਾ ਹੈ ਪਰ ਹੱਥਾਂ ਵਿਚ ਲੇਖਣੀ ਦੀ ਪਕੜ ਸਹੀ ਹੋਣ ਦੇ ਬਾਵਜੂਦ ਉਸ ਦੇ ਲਿਖੇ ਅੱਖਰ, ਸ਼ਬਦ ਤੇ ਵਾਕ ਕਿਸੇ ਭਾਸ਼ਾ ਦੇ ਜਾਨਣ ਵਾਲੇ ਲਈ ਵੀ ਪੜ੍ਹਨ ਤੇ ਅਰਥ ਦੇਣ ਵਾਲੇ ਨਹੀਂ ਬਣਦੇ। ਉਸ ਦੀ ਇਸ ਹਾਲਤ ਬਾਰੇ ਉਹ ਤਾਂ ਬੌਧਿਕ ਤੌਰ 'ਤੇ ਸੋਚਣ ਤੋਂ ਅਸਮਰਥ ਹੁੰਦਾ ਹੈ ਪਰ ਉਸ ਦੇ ਟੋਲੇ ਦੇ ਲੋਕ ਵੀ ਧਰਮ ਦੀ ਥਾਂ ਧੜੇ ਨੂੰ ਪਿਆਰ ਕਰ ਕੇ ਅਹੰਕਾਰ ਦੇ ਕਿੰਗਰੇ ਤੋਂ ਜਿੰਨਾ ਚਿਰ ਹੇਠਾਂ ਨਹੀ ਉਤਰਦੇ ਉਹਨਾਂ ਦੀ ਸਿਆਣਪ ਕਿਸੇ ਕੰਮ ਨਹੀਂ ਆਉਂਦੀ।

ਹੰਕਾਰ ਦੀ ਕੀਤੀ ਤਪੱਸਿਆ, ਉਸ ਦਾ ਪਾਵੇ ਨਾਲ ਬੱਧਾ ਕਾਲ, ਉਸ ਨੂੰ ਬਚਾ ਨਹੀਂ ਸਕਦਾ। ਉਹ ਕਿਸੇ ਭਗਵਾਨ ਰਾਮ ਨਾਲ ਆਢਾ ਲਾ ਬੈਠਦਾ ਹੈ। ਉਹ ਬੇਸ਼ਕ ਚਾਰ ਵੇਦ, ਛੇ ਸ਼ਾਸਤਰਾਂ ਦਾ ਗਿਆਤਾ ਹੋ ਸਕਦਾ ਹੈ ਪਰ ਐਨਾ ਸੁਘੜ ਸਿਆਣਾ ਹੋ ਕੇ, ਆਪਣੇ ਰਾਜ ਤੇ ਵਿਦਿਆ ਦਾ ਅਭਿਮਾਨ ਕਰ ਕੇ ਐਸੀ ਵੱਡੀ ਗ਼ਲਤੀ ਕਰ ਬੈਠਦਾ ਹੈ ਕਿ ਆਪਣਾ ਘਰ-ਬਾਰ, ਆਪਣਾ ਰਾਜ-ਪਾਟ, ਆਪਣੀ ਸੋਨੇ ਦੀ ਲੰਕਾ ਤਬਾਹ ਕਰ ਬੈਠਦਾ ਹੈ।

ਮਨੁੱਖ ਨੂੰ ਰਾਜ ਮਦ ਦਾ ਹੀ ਨਹੀ ਹੁਸਨ-ਜਵਾਨੀ, ਧਨ-ਭੂਮੀ, ਕਰਮ-ਕਾਂਡੀ,

Sri Satguru Jagjit Singh Ji Elibrary NamdhariElibrary@gmail.com

ਸਰੀਰਕ, ਮਾਨਸਿਕ, ਬੌਧਿਕ, ਆਤਮਿਕ ਬਲ ਦਾ ਵੀ ਹੰਕਾਰ ਹੋ ਸਕਦਾ ਹੈ। ਮਾਣ-ਮੱਤਾ ਮੋਢਿਆਂ ਉੱਤੋਂ ਥੁੱਕਦਾ ਨਜ਼ਰ ਆ ਸਕਦਾ ਹੈ ਪਰ ਉਹ ਸਭ ਮਿੱ ਘੁਮੰਡ ਹੈ, ਗ਼ਰੂਰ ਹੈ। ਪੰਜਵੇਂ ਪਾਤਸ਼ਾਹ ਉਹਨਾਂ ਦੇ ਹੰਕਾਰ ਨੂੰ ਉਹਨਾਂ ਲਈ ਪਰਲੋਕ ਵਿਚ ਹਾਨੀਕਾਰਕ ਸਮਝਦੇ ਹਨ। ਉਹਨਾਂ ਅਨੁਸਾਰ ਰਾਜ ਸ਼ਕਤ ਅਭਿਮਾਨ ਕਰਨ ਵਾਲਾ ਨਰਕਾਂ ਦਾ ਭਾਗੀ ਸੁਆਨ ਬਣਦਾ ਹੈ। ਜੁਆਨੀ ਦਾ ਕਰਨ ਵਾਲਾ ਵਿਸ਼ਟਾ ਦਾ ਕੀੜਾ ਹੁੰਦਾ ਹੈ। ਆਪਣੇ ਆਪ ਨੂੰ ਚੰਗੇ ਕਰਮ ਵਾਲਾ ਸਮਝਣ ਵਾਲਾ, ਆਵਾ-ਗਵਨ ਦੇ ਚੱਕਰ ਵਿਚ ਪਿਆਰ ਰਹਿੰਦਾ ਹੈ। ਪ੍ਰਦਾਰਥ ਤੇ ਜ਼ਮੀਨ ਜਾਇਦਾਦ ਦਾ ਗੁਮਾਨ ਕਰਨ ਵਾਲਾ ਮੂਰਖ, ਅੰਨ੍ਹਾ ਤੇ ਅਗਿ ਹੈ। ਮਾਇਆ ਦਾ ਮਾਣ ਕਰਨ ਵਾਲਾ ਇਹ ਵੀ ਨਹੀ ਸਮਝਦਾ ਕਿ ਨਾਲ ਇਕ ਤੀਲਾ ਵੀ ਨਹੀ ਜਾਣਾ ਫਿਰ ਹੰਕਾਰ ਕਿਸ ਗੱਲ ਦਾ। ਕੋਈ ਜੇ ਅ ਬਾਹੂਬਲ, ਆਪਣੀਆਂ ਫ਼ੌਜਾਂ ਦਾ ਮਾਣ ਕਰੇ ਤਾਂ ਉਹ ਭੁੱਲਦਾ ਹੈ ਕਿ ਸਭ ਨੇ ਅੰਤ ਨੂੰ ਸੜ ਕੇ ਸੁਆਹ ਹੀ ਹੋ ਜਾਣਾ ਹੈ। ਉਹਨਾਂ ਦੇ ਬਚਨਾਂ ਦਾ ਨਿਚੋੜ

ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ।

ਹੰਕਾਰ ਨਾ ਕਰਨ ਵਾਲਾ ਜ਼ਰੂਰੀ ਨਹੀ ਕੋਝਾ, ਕਰੂਪ, ਦਲਿਦਰੀ, ਗ਼ਰੀਬ ਵਿਚ ਮਾੜਾ ਹੁੰਦਾ ਹੈ। ਉਸ ਦੀ ਸੋਚ ਵਿਵੇਕਸ਼ੀਲ ਹੁੰਦੀ ਹੈ। ਉਹ ਮੈਂ ਨਹੀਂ, ਤੂੰ ਵਿਸ਼ਵਾਸ ਰੱਖਦਾ ਹੈ। ਉਹ ਜੋ ਕੁਝ, ਉਸ ਨੂੰ ਪ੍ਰਾਪਤ ਹੁੰਦਾ ਹੈ, ਤਾਂ "ਮੇਰੀ ਮਿ ਦਾ ਫਲ ਨਹੀਂ ਉਸ ਦੀ ਕਿਰਪਾ ਦਾ ਪ੍ਰਸਾਦ ਸਮਝਦਾ ਹੈ।" ਉਹ ਆਪਣੀ ਸੁੰਦ ਵਿਚ ਮਾਣ-ਮੱਤਾ ਹੋਣ ਦੀ ਥਾਂ ਸਮਝਦਾ ਹੈ ਕਿ ਇਹ ਪ੍ਰਭੂ ਦੀ ਦੇਣ ਹੈ। ਅੰਦਰ ਪ੍ਰਭੂ ਦੀ ਜੋਤ ਹੈ ਸੋ ਸਭ ਸੁੰਦਰ ਸਰੂਪ ਹਨ। ਉਹ ਮਾਇਆ ਦਾ ਲਈ ਗਰੂਰ ਨਹੀਂ ਕਰਦਾ ਕਿਉਂਕਿ ਉਹ ਸਮਝਦਾ ਹੈ ਕਿ ਸਭ ਕੁਝ ਉਸੇ ਦਿੱਤਾ ਹੋਇਆ ਹੈ। ਉਹ ਆਪਣੀ ਸੂਰਮਤਾਈ 'ਤੇ ਵੀ ਮਾਣ ਨਹੀ ਕਰਦਾ ਕਿ ਪ੍ਰਭੂ ਦੀ ਦਿੱਤੀ ਤਾਕਤ ਬਿਨਾਂ ਇਹ ਸੰਭਵ ਹੀ ਨਹੀਂ ਹੁੰਦਾ ਹੈ। ਉਹ ਵਿਵੇਕ ਹੁੰਦਾ ਹੈ।

ਅਭਿਮਾਨ ਕਈ ਵਾਰ ਜਿੱਤ ਦਾ ਵੀ ਹੁੰਦਾ ਹੈ। ਆਪਣੀ ਪ੍ਰਾਪਤੀ ਨੂੰ ਪ੍ਰਮ ਕਰਨ ਦੀ ਥਾਂ ਅੰਦਰ ਪਿਆਰ ਹੰਕਾਰ ਦਾ ਬੀਜ ਫੁਟ ਪੈਂਦਾ ਹੈ। ਇਕ ਵਾਰ ਵਿਦਵਾਨਾਂ ਨੇ ਆਪ ਆਪਣੇ ਗਿਆਨ ਨੂੰ ਪ੍ਰਮਾਣਿਤ ਕਰਨ ਲਈ ਯਾਤਰਾ ਸ਼ੁਰੂ ਦਿੱਤੀ। ਉਹਨਾਂ ਖੱਚਰਾਂ 'ਤੇ ਅਧਿਐਨ ਕੀਤੇ ਗ੍ਰੰਥ ਰੱਖੇ ਤੇ ਚਰਚਾ ਲਈ ਆਚਾਰੀਆਂ, ਮੁਨੀਆਂ ਤੇ ਆਸ਼ਰਮਾਂ ਨੂੰ ਚਲ ਪਏ। ਉਹਨਾਂ ਜਿੱਤ ਹਾਰ ਦੀ ਵੀ ਇਹ ਰੱਖੀ ਕਿ ਜਿਹੜਾ ਗਿਆਨ ਗੋਸ਼ਟ ਵਿਚ ਉਹਨਾਂ ਨੂੰ ਹਰਾ ਦੇਵੇ – ਦੇ ਗ੍ਰੰਥ ਲੈ ਜਾਵੇ, ਜੇ ਉਹ ਹਰਾ ਦੇਣ ਤਾਂ ਉਹ ਉਸ ਆਚਾਰੀਆ, ਮੁਨੀ ਦੇ ਲੈ ਲੈਣਗੇ। ਉਹ ਕਈ ਆਸ਼ਰਮਾਂ ਵਿਚ ਗਏ ਤੇ ਉਹਨਾ ਨੂੰ ਹਰਾ ਕੇ ਦੇ ਗ੍ਰੰਥ ਆਪਣੀਆਂ ਖੱਚਰਾਂ ਉਤੇ ਲੱਦ ਕੇ ਆਪਣੀ ਵਿਦਵਤਾ ਤੇ ਜਿੱਤ ਨੂੰ ਪ੍ਰ

ਚਤੁਰ ਸਿਆਣਾ ਸੁਘੜੁ ਸੋਇ

ਕਰਦੇ ਰਹੇ। ਇਕ ਆਸ਼ਰਮ ਅੰਦਰ ਜਦੋਂ ਉਹ ਜਾਣ ਲੱਗੇ ਤਾਂ ਪਹਿਰਾ ਦੇ ਰਹੇ ਉਹਨਾਂ ਦੇ ਅਨੁਯਾਈ ਨੇ ਰੋਕ ਕੇ, ਜਾਣ ਦਾ ਕਾਰਨ ਪੁੱਛਿਆ। ਉਹਨਾਂ ਦੇ ਕਾਰਨ ਦੱਸਣ 'ਤੇ ਉਸ ਨੇ ਕਿਹਾ, "ਪਹਿਲਾਂ ਮੇਰੇ ਨਾਲ ਚਰਚਾ ਕਰੋ ਜੇ ਮੈਂ ਹਾਰ ਗਿਆ ਤਾਂ ਆਚਾਰੀਆ ਜੀ ਕੋਲ ਜਾਣ ਦਿਆਂਗਾ।"

ਉਹ ਵਿਦਵਾਨ, ਉਸ ਸ਼ਗਿਰਦ ਕੋਲੋਂ ਹਾਰ ਗਏ ਤੇ ਵਾਇਦੇ ਮੁਤਾਬਕ ਗ੍ਰੰਥਾਂ ਲੱਦੀਆਂ ਖੱਚਰਾਂ ਛੱਡ ਕੇ ਚਲੇ ਗਏ ਪਰ ਜਦੋਂ ਉਸ ਅਨੁਯਾਈ ਨੇ ਆਪਣੇ ਗੁਰੂ ਨੂੰ ਅੰਦਰ ਜਾ ਕੇ ਉਹਨਾਂ ਨੂੰ ਹਰਾਉਣ ਦੀ ਗੱਲ ਦੱਸੀ ਤਾਂ ਉਹਨਾਂ ਨੇ ਪਤੇ ਦੀ ਗੱਲ ਕੀਤੀ ਕਿ ਉਹਨਾਂ ਨੂੰ ਹਰਾਉਣ ਦੀ ਕੋਈ ਲੋੜ ਨਹੀਂ ਸੀ। ਉਹਨਾਂ ਨੂੰ ਉਹਨਾ ਦੀ ਵਿਦਵਤਾ ਦੇ ਹੰਕਾਰ ਨੇ ਹੀ ਹਰਾ ਦਿੱਤਾ ਹੈ।

ਇਹ ਹੰਕਾਰ ਦਾ ਰੂਪ ਉਦੋਂ ਸੂਖ਼ਮ ਹੋ ਜਾਂਦਾ ਹੈ ਜਦੋਂ ਮਨੁੱਖ ਘਰ-ਬਾਹਰ, ਗ੍ਰਿਸਥ ਛੱਡ ਕੇ ਤਪ ਸਾਧਨਾ ਕਰਦਾ ਹੈ ਪਰ ਹਉਮੈ ਨੂੰ ਨਹੀਂ ਮਾਰ ਸਕਦਾ। ਉਸ ਨੂੰ ਮਾਣ ਹੁੰਦਾ ਹੈ ਆਪਣੇ ਤਪ ਦਾ ਤੇ ਉਹ ਦੂਜਿਆਂ ਨੂੰ ਲੱਤ ਹੇਠੋਂ ਕੱਢਣਾ ਚਾਹੁੰਦਾ ਹੈ। ਐਸੇ ਤਪੱਸਵੀਆਂ, ਰਿਸ਼ੀਆਂ, ਮੁਨੀਆਂ ਦਾ ਪਾਜ ਉਦੋਂ ਖੁਲ੍ਹਦਾ ਹੈ ਜਦੋਂ ਉਹ ਵਰ-ਸਰਾਪ ਦੇਣ ਲਗਦੇ ਹਨ। ਇਸ ਵਿਚ ਵੀ ਸੂਖ਼ਮਤਾ ਦੀ ਗੱਲ ਹੈ ਕਿ ਸਹਿਜ ਸੁਭਾ ਬਚਨ ਕਰਨਾ ਤੇ ਬਚਨ ਸੱਤ ਹੋਣਾ ਇਕ ਗੱਲ ਹੈ, ਮਿਥ ਕੇ ਵਰ-ਸਰਾਪ ਦੇਣਾ ਦੂਜੀ ਗੱਲ।

ਇਕ ਵਿਚ ਸਹਿਜਤਾ ਹੈ, ਸਰਲਤਾ ਹੈ ਦੂਜੇ ਵਿਚ ਚਲਾਕੀ-ਚਤੁਰਾਈ ਤੇ ਉਸ ਪਿੱਛੇ ਵਾਹਵਾ ਖੱਟਣ ਜਾ ਖੌਫ਼ ਪੈਦਾ ਕਰਨ ਦਾ ਸੁਆਰਥ।

ਚੰਗੇ, ਸ਼ੁਭ, ਪਵਿੱਤਰ, ਪੁੰਨ ਕਰਮ ਕਰਨ ਪਿੱਛੋਂ ਜੇ ਮਾਣ ਪ੍ਰਤਿਸ਼ਠਾ ਦੀ ਗੱਲ ਆ ਗਈ ਤਾਂ ਅਭਿਮਾਨ ਆਪੇ ਹੀ ਆ ਗਿਆ। ਕੋਈ ਤੀਰਥ ਯਾਤਰਾ ਕਰੇ, ਮਰਯਾਦਾ ਰੱਖੇ, ਪੁੰਨ-ਦਾਨ ਕਰੇ ਪਰ ਖ਼ਬਰਾਂ ਛਪਵਾਉਣ ਵਾਸਤੇ ਨਹੀਂ, ਫੋਟੋ ਲੁਹਾਉਣ ਵਾਸਤੇ ਨਹੀਂ, ਧਾਰਮਿਕ ਥਾਵਾਂ 'ਤੇ ਪੱਥਰਾਂ ਉਤੇ ਨਾਂ ਉਕਰਵਾਉਣ ਵਾਸਤੇ ਨਹੀਂ ਜਿਸ ਵਿਚ ਮੈਂ ਹੈ, ਨਹੀਂ ਤਾਂ :—

ਤੀਰਥ ਬਰਤ ਅਰੁ ਦਾਨ ਕਰਿ
ਮਨ ਮੈ ਧਰੈ ਗੁਮਾਨੁ ॥
ਨਾਨਕ ਨਿਰਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥ (ਮਹਲਾ 9)

ਇਸ ਦੀ ਥਾਂ ਸੁਖ ਇਸ ਵਿਚ ਹੈ :-

ਧਨ ਕੀਰਤ ਸੁਖ ਰਾਜ ਬਡਾਈ।
ਯੁਵਤੀ ਸੁਤ ਵਿਦਯਾ ਬਹੁ ਭਾਈ।
ਏ ਸਭ ਦਾਤ ਗੁਰੂ ਕੀ ਜਾਨੈ।
ਤਾ ਤੇ ਨਹਿ ਅਭਿਮਾਨਹਿ ਠਾਨੈ।

(ਰਹਿਤਨਾਮਾ ਭਾਈ ਨੰਦ ਨਾਲ)

Sri Satguru Jagjit Singh Ji Elibrary NamdhariElibrary@gmail.com

ਪਰ ਹਉਮੈ ਦਾ ਤਿਆਗ ਕਰਨਾ ਸੌਖਾ ਨਹੀਂ ਕਿਉਂਕਿ ਇਸ ਦਾ ਮਿੱਠਾ-ਮਿੱਠਾ ਦਰਦ ਚੰਗਾ ਲਗਦਾ ਹੈ। ਸਤਿਗੁਰੂ ਦੀ ਜੀ ਬਾਣੀ ਦੀਆਂ ਤੁਕਾਂ ਹਨ :-

ਹੈ ਕੋਈ ਐਸਾ ਹਉਮੈ ਤੋਰੈ ॥
ਇਸੁ ਮੀਠੀ ਤੇ ਇਹੁ ਮਨੁ ਹੋਰੈ ॥ ਮਹਲਾ-5

ਪਰ ਸੂਰਮਾ ਵੀ ਉਹ ਹੀ ਹੈ ਜੋ ਇਸ ਦੁਸ਼ਟ ਤੋਂ ਛੁਟਕਾਰਾ ਪਾ ਲੈਂਦਾ ਹੈ :

ਨਾਨਕ ਸੋ ਸੂਰਾ ਵਰੀਆਮੁ
ਜਿਨਿ ਵਿਚਹੁ ਦੁਸਟ ਅਹੰਕਰਣੁ ਮਾਰਿਆ ॥ ਮਹਲਾ-4

ਹੰਕਾਰ ਨੂੰ ਮਾਰਨ ਤੋਂ ਬਾਅਦ ਜੇ ਮਨ ਵਿਚ ਆ ਗਿਆ ਕਿ ਮੈਂ ਹਉਮੈ ਨੂੰ ਮਾਰ ਲਿਆ ਹੈ, ਮੈਨੂੰ ਕੋਈ ਅਭਿਮਾਨ ਨਹੀ ਹੈ, ਮੈਂ ਘਮੰਡੀ ਨਹੀ ਹਾਂ ਤਾਂ ਇਸ ਵਿਚ ਵੀ ਅਚੇਤ ਵਿਚ, ਸੂਖਮ ਰੂਪ ਵਿਚ ਹੰਕਾਰ ਆਪਣਾ ਪਸਾਰਾ ਪਸਾਰੀ ਬੈਠਾ ਹੈ।

ਪੰਜਵੇਂ ਪਾਤਸ਼ਾਹ ਤਾਂ ਚਤੁਰ, ਪ੍ਰਬੀਣ, ਕਾਰਜ ਕੁਸ਼ਲ, ਨਿਪੁੰਨ ਤੇ ਸਿਆਣਾ ਵਿਅਕਤੀ ਉਸ ਨੂੰ ਹੀ ਮੰਨਦੇ ਹਨ ਜੋ ਹੰਕਾਰ ਦਾ ਤਿਆਗ ਕਰਦਾ ਹੈ। ਆਪ ਦੀ ਬਾਣੀ ਵਿੱਚ ਆਇਆ ਹੈ :

ਚਤੁਰ ਸਿਆਣਾ ਸੁਘੜ ਸੋਇ ਜਿਨਿ ਤਜਿਆ ਅਭਿਮਾਨੁ।

ਪਰ ਇਹ ਤਿਆਗ ਮਨ, ਬਚਨ, ਕਰਮ ਹਰ ਪੱਖ ਤੋਂ ਕਰਨ ਦੀ ਲੋੜ ਹੈ।

Sri Satguru Jagjit Singh Ji Elibrary NamdhariElibrary@gmail.com

ਸੀਸ ਨਿਵਾਇਐ ਕਿਆ ਥੀਐ

ਸੀਸ ਨਿਵਾਉਣਾ ਨਿਮਰਤਾ ਦਾ ਪ੍ਰਤੀਕ ਹੈ, ਹਲੀਮੀ ਦਾ। ਇਹ ਨਿਉ ਕੇ ਚੱਲਣ ਦਾ ਪ੍ਰਗਟਾਵਾ ਹੈ। ਨਿਉਣਾ ਤੇ ਮਿੱਠਾ ਬੋਲਣਾ ਚੰਗੇ ਗੁਣਾਂ ਦਾ ਨਿਚੋੜ ਹੈ। ਪਰ ਇਸ ਦੇ ਮੂਲ ਵਿਚ ਹਿਰਦੇ ਵਿਚਲੀ ਭਾਵਨਾ ਹੈ। ਜੇ ਹਿਰਦੇ ਵਿਚ ਉਸ ਵਿਅਕਤੀ ਪ੍ਰਤੀ ਆਦਰ ਸਤਿਕਾਰ ਨਹੀਂ ਜਿਸ ਅੱਗੇ ਸੀਸ ਝੁਕਾਇਆ ਜਾ ਰਿਹਾ ਹੈ ਤਾਂ ਸੀਸ ਨਿਵਾਉਣ ਦਾ ਕੀ ਲਾਭ!

ਉਂਜ ਉਸ ਵਿਅਕਤੀ ਨੂੰ ਆਮ ਆਦਮੀ ਸਮਝ ਨਹੀਂ ਸਕਦਾ ਜਿਸ ਦਾ ਮਨ ਹੋਰ ਤੇ ਮੁੱਖ ਹੋਰ ਹੁੰਦਾ ਹੈ। ਐਸੇ ਵਿਅਕਤੀ ਦੀ ਗੱਲ ਵੀ ਐਵੇਂ ਗੱਲ 'ਚੋਂ ਗੱਲ ਨਹੀਂ ਕਿਉਂਕਿ ਅਖਾਣ, ਕੱਛ ਵਿਚ ਛੁਰੀ ਮੂੰਹ ਵਿਚ ਰਾਮ ਰਾਮ, ਅਟਲ ਸਚਾਈ ਦਾ ਹੀ ਪ੍ਰਗਟਾਵਾ ਕਰਦਾ ਹੈ। ਇਸ ਮਿੱਠੀ ਛੁਰੀ ਦੀ ਮਾਰ ਤੋਂ ਬਚਣਾ ਬੜਾ ਔਖਾ ਹੈ। ਕਿਉਂਕਿ ਮਨ ਹੋਰ ਮੁੱਖ ਹੋਰ ਵਾਲਾ ਵੇਖਣ ਬੋਲਣ ਸਮੇਂ ਵਿਚਾਰਾ ਜਿਹਾ ਲਗਦਾ ਹੈ, ਜਿਸ ਨੂੰ ਪਿਆਰ ਹਮਦਰਦੀ ਦੀ ਲੋੜ ਹੈ।

ਮਨ ਹੋਰ ਮੁੱਖ ਹੋਰ ਰੱਖਣ ਵਾਲਾ ਵਿਅਕਤੀ ਐਸਾ ਕਾਰਜ ਗਿਣੀ ਮਿਥੀ ਚਾਲ ਅਧੀਨ ਰਚਨਾ ਹੈ। ਉਸ ਦਾ ਕੋਈ ਸਵਾਰਥ ਹੁੰਦਾ ਹੈ। ਭਾਵੇਂ ਕਿਸੇ ਦੀ ਜ਼ਮੀਨ ਜਾਇਦਾਦ 'ਤੇ ਕਬਜ਼ਾ ਕਰਨਾ ਹੋਵੇ, ਮਿੱਠੇ ਬਣ ਕੇ, ਜਾਂ ਕਿਸੇ ਦਾ ਸਭ ਤੋਂ ਅਜ਼ੀਜ਼ ਨਿਕਟਵਰਤੀ ਬਣ ਕੇ ਕੋਈ ਪ੍ਰਭੁਤਾ, ਮਾਣ-ਸਨਮਾਨ, ਸ਼ਕਤੀ ਹਥਿਆਉਣਾ ਹੋਵੇ, ਉਸ ਨੇ ਆਪਣੀ ਗਵਾਚੀ ਸਾਖ ਵੀ ਕਾਇਮ ਕਰਨੀ ਹੋ ਸਕਦੀ ਹੈ।

ਐਸੇ ਵਿਅਕਤੀ ਦੇ ਮਨ ਵਿਚ ਮੈਲ ਹੁੰਦੀ ਹੈ, ਜੋ ਉਜਲੇਪਨ ਦੇ ਲੇਪ ਥੱਲੇ ਦਿਸਦੀ ਨਹੀਂ। ਐਸੇ ਵਿਅਕਤੀ ਕੋਲ ਵਿਸਰੀਆਂ ਦਲੀਲਾਂ ਹੁੰਦੀਆਂ ਹਨ ਜੋ ਖੰਡ ਵਿਚ ਲਿਬੇੜੀਆਂ ਮਿੱਠੇ ਬੋਲ ਹੁੰਦੇ ਹਨ। ਜਿਨ੍ਹਾਂ ਦੀ ਅਸਲੀਅਤ ਪਛਾਣਨਾ ਸੌਖਾ ਨਹੀਂ। ਉਸ ਦੀ ਕਲਮ ਦੋਹਰੀ ਮਾਰ ਮਰਦੀ ਹੈ। ਉਹ ਆਪਣੇ ਪ੍ਰਤੀ ਨਫ਼ਰਤ ਦਾ ਵਾਤਾਵਰਨ ਸਿਰਜਦਾ ਹੈ। ਜਦੋਂ ਤਕ ਅਸਲੀਅਤ ਸਾਮ੍ਹਣੇ ਆਉਂਦੀ ਹੈ, ਉਹ ਆਪਣੇ ਸੀਸ ਨਿਵਾਉਣ ਜਾਂ ਹਲੀਮੀ ਦਾ ਮੁੱਲ ਵੱਟ ਚੁੱਕਾ ਹੁੰਦਾ ਹੈ।

ਪਰ ਸਿਆਣੇ ਵਿਅਕਤੀ ਐਸੇ ਲੋਕਾਂ ਤੋਂ ਬਚਦੇ ਹਨ। ਉਹ ਉਸ ਦੇ ਮੁਲੰਮੇ ਨੂੰ ਸੋਨਾ ਨਹੀਂ ਸਮਝਦੇ। ਉਹ ਦੂਜਿਆਂ ਨੂੰ ਵੀ ਸਮਝਾਉਂਦੇ ਹਨ ਕਿ ਐਸਾ ਵਿਅਕਤੀ ਕਪਟੀ ਹੈ, ਛਲੀਆ ਹੈ, ਕੁਚਲ ਤੇ ਕਠੋਰ ਹੈ ਉਸ ਤੋਂ ਸਾਵਧਾਨ ਰਿਹਾ ਜਾਏ ਕਿਉਂਕਿ :

ਅੰਤਰਿ ਅਗਿਆਨੁ ਭਈ ਮਤਿ ਮਧਿਮ
ਸਤਿਗੁਰ ਕੀ ਪਰਤੀਤਿ ਨਾਹੀ ॥

Sri Satguru Jagjit Singh Ji Elibrary NamdhariElibrary@gmail.com

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ
ਕਪਟੇ ਖਪਹਿ ਖਪਾਹੀ ॥ (ਮਹਲਾ 5)

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ
ਸੁਪਨੇ ਸੁਖੁ ਨ ਹੋਈ ॥ (ਮਹਲਾ 5)

ਏਸੇ ਕਰ ਕੇ ਉਹ ਵੱਧ ਮਿੱਠਾ ਬੋਲਦਾ ਹੈ, ਵੱਧ ਪ੍ਰਭਾਵਸ਼ਾਲੀ ਲਿਖਦਾ ਹੈ ਪਰ ਤਸੱਲੀ ਉਸ ਦੀ ਹੁੰਦੀ ਹੀ ਨਹੀਂ। ਦਸਵੇਂ ਪਾਤਸ਼ਾਹ ਨੇ ਆਪਣੀ ਬਾਣੀ ਅਕਾਲ ਉਸਤਤ ਵਿਚ ਵਖਾਲਾ ਕਰਨ ਵਾਲਿਆਂ ਪੁਰਸ਼ਾਂ ਤੇ ਜੀਵਾਂ ਦੀਆਂ ਕੁਝ ਮਿਸਾਲਾਂ ਦਿੱਤੀਆਂ ਹਨ ਕਿ ਉਹਨਾਂ ਦਾ ਝੁਕਣਾ ਪਾਖੰਡ ਹੈ, ਦਿਖਾਵਾ ਹੈ। ਇਸ ਨਾਲ ਉਹਨਾਂ ਨੂੰ ਮੰਜ਼ਿਲ 'ਤੇ ਪਹੁੰਚਣ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ। ਉਹ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਆਤਮਿਕ ਸੁੱਖ ਨਹੀਂ ਲੈ ਸਕਦੇ,

ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ
ਪੋਸਤੀ ਅਨੇਕਦਾ ਨਿਵਾਵਤ ਹੈ ਸੀਸ ਕੋ ॥
ਕਹਾ ਭਇਓ ਮੱਲ ਜੋ ਪੈ ਕਾਢਤ ਅਨੇਕ ਡੰਡ
ਸੋ ਤੌ ਨ ਡੰਡੌਤ ਅਸਟਾਂਗ ਅਥਤੀਸ ਕੌ ॥
ਕਹਾ ਭਇਓ ਰੋਗੀ ਜੌ ਪੈ ਡਾਰਿਓ ਰਹਿਓ ਉਰਧ ਮੁਖ
ਮਨ ਤੇ ਨ ਮੂੰਡ ਨਿਹਰਾਇਓ ਆਦਿ ਈਸ ਕੌ ॥
ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ
ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ ॥

ਝੁਕਦੇ ਤੇ ਤੋਪਚੀ, ਪੋਸਤੀ ਵੀ ਨੇ। ਡੰਡ ਕਢਦੇ ਨੇ ਪਹਿਲਵਾਨ ਪਰ ਉਹ ਝੁਕਣਾ, ਡੰਡ ਕੱਢਣੇ, ਡੰਡੌਤ ਨਹੀਂ। ਨਾ ਪ੍ਰਭੂ ਨੂੰ ਅੱਠਾਂ ਅੰਗਾਂ ਨੂੰ ਝੁਕਾ ਕੇ ਪ੍ਰਣਾਮ ਹੈ। ਨਾ ਰੋਗੀ ਦਾ ਮੂਧੜੇ ਮੂੰਹ ਪੈਣਾ ਸੀਸ ਨਿਵਾਉਣਾ ਹੈ। ਕਿਉਂਕਿ ਭਾਵਨਾ ਸ਼ੁੱਧ ਨਹੀਂ। ਸੋ ਪ੍ਰਭੂ ਕਿਵੇਂ ਪਾਇਆ ਜਾ ਸਕਦਾ ਹੈ। ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਕੰਨ ਵਿਚ ਕੰਨ-ਖਜੂਰਾ ਪੈ ਜਾਣ ਨਾਲ ਜਾਂ ਮਿੱਤਰ-ਪੁੱਤਰ ਦੇ ਗੁਜਰ ਜਾਣ ਦੇ ਸੋਗ ਕਾਰਨ ਸਿਰ ਮਾਰਨ, ਅੱਕ ਧਤੂਰਾ ਖਾਣ, ਭੇਡਾਂ ਦੇ ਰੁੱਖਾਂ ਨਾਲ ਮੱਥਾ ਰਗੜਨ, ਮਿੱਟੀ ਖਾਣ, ਰੁੱਖਾਂ ਵਾਂਗ ਇਕ ਪੈਰ 'ਤੇ ਖਲੋਣ, ਪੱਥਰਾਂ ਵਾਂਗ ਟਿਕੇ ਰਹਿਣ, ਕਾਵਾਂ ਇੱਲਾਂ ਵਾਂਗ ਫਿਰਦੇ ਰਹਿਣ ਨੂੰ ਪ੍ਰੇਮ ਤੋਂ ਸੱਖਣ ਸਮਝਦੇ ਹਨ। ਪਾਖੰਡ ਇਹਨਾਂ ਵਰਗਾ ਕਰਮ ਹੈ।

ਪਾਖੰਡੀ, ਛਲੀਏ, ਕਪਟੀ ਦਾ ਕੰਮ ਛਲਣਾ ਹੈ। ਉਹ ਕੋਈ ਭੇਖ ਧਾਰਨ ਕਰ ਸਕਦਾ ਹੈ, ਕੋਈ ਸ਼ਬਦ ਜਾਲ ਵਿਛਾ ਸਕਦਾ ਹੈ, ਕਿੰਨੀ ਵੀ ਭਗਤੀ ਕਰਨ ਦਾ

Sri Satguru Jagjit Singh Ji Elibrary NamdhariElibrary@gmail.com

ਦਿਖਾਵਾ ਕਰ ਸਕਦਾ ਹੈ ਪਰ ਇਹ ਭਗਤੀ ਜਾਂ ਸਮਰਪਣ ਭਾਵ ਨਹੀਂ ਇਹ ਤਾਂ ਭੋਲੇ ਭਾਲੇ ਲੋਕਾਂ ਨੂੰ ਭਰਮਾਉਣ ਵਾਸਤੇ ਹਨ :—

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ
ਕਬਹੂੰ ਸੰਨਿਆਸ ਭੇਸ ਬਨ ਕੈ ਦਿਖਾਵਈ ॥
ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ ਕਹੂੰ
ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਈ ॥
ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ
ਕਹੂੰ ਡੰਡਧਾਰੀ ਹੁਇਕੈ ਲੋਗਨ ਭ੍ਰਮਾਵਈ ॥
ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਤ ਸੋ
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ ॥
(ਅਕਾਲ ਉਸਤਤ)

ਅਸਲ ਵਿਚ ਦਿਖਾਵੇ ਮਾਤਰ ਸੀਸ ਝੁਕਾਉਣ ਵਾਲੇ ਦਾ ਮੰਤਵ ਬ੍ਰਹਮ ਲੋਕ ਪਾਉਣਾ ਨਹੀ ਹੁੰਦਾ। ਉਹਨਾਂ ਨੇ ਤਾਂ ਸੰਸਾਰਕ ਦਿਖਾਵੇ ਦਾ ਲਾਭ ਉਠਾ ਕੇ ਆਪਣੀਆਂ ਰੋਟੀਆਂ ਸੇਕਣੀਆਂ ਹੁੰਦੀਆਂ ਹਨ। ਗੁਰੂ ਨਾਲ ਉਸ ਦੇ ਸੰਬੰਧਾਂ ਬਾਰੇ ਤੀਜੇ ਪਾਤਸ਼ਾਹ ਲਿਖਦੇ ਹਨ :

ਭੇਖ ਕਰੈ ਗੁਰ ਸਬਦੁ ਨ ਕਮਾਏ ॥
ਅੰਤਰਿ ਰੋਗੁ ਮਹਾ ਦੁਖੁ ਭਾਰੀ
ਬਿਸਟਾ ਮਾਹਿ ਸਮਾਹਾ ਹੇ ॥ (ਮਹਲਾ 3)

ਉਹਨਾਂ ਦੇ ਕਪਟੀ ਸੁਭਾ ਬਾਰੇ ਤੀਜੇ ਪਾਤਸ਼ਾਹ ਲਿਖਦੇ ਹਨ :—

ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ ॥

ਦਸਵੇਂ ਪਾਤਸ਼ਾਹ ਜ਼ਫ਼ਰਨਾਮੇ ਵਿਚ ਔਰੰਗਜੇਜ਼ ਨੂੰ ਲਿਖਦੇ ਹਨ ਕਿ ਦਿਲ ਵਿਚ ਹੋਰ ਤੇ ਮੂੰਹ ਵਿਚ ਹੋਰ ਦੀ ਥਾਂ ਬਚਨ ਦਾ ਪੂਰਾ ਮਰਦ ਕਿਤੇ ਚੰਗਾ ਹੈ :

ਹਮੂ ਮਰਦ ਬਾਯਦ ਸ਼ਵਦ ਸੁਖਨ ਵਰ ॥
ਨ ਸ਼ਿਕਮੇ ਦਿਗਰ, ਦਰ ਦਹਾਨੇ ਦਿਗਰ ॥

ਮਿੱਠੀਆ ਮਿੱਠੀਆਂ ਗੱਲਾਂ ਕਰਨ ਵਾਲਾ ਵਿਅਕਤੀ, ਜੋ ਮਨ ਵਿਚ ਛਲ ਕਪਟ ਰੱਖ ਰਿਹਾ ਹੈ, ਦੁਸ਼ਟ ਕਿਹਾ ਜਾ ਸਕਦਾ ਹੈ। ਉਸ ਦੇ ਉਲਟ ਸਤਿਗੁਰੂ ਤਾਂ ਸਤਿਪੁਰਖ ਹੈ। ਕਿਉਂਕਿ ਉਹ ਸੱਚ-ਸੁੱਚ ਅਪਣਾਉਂਦਾ ਤੇ ਦ੍ਰਿੜ੍ਹਾਉਂਦਾ ਹੈ। ਉਹਦੇ ਹਿਰਦੇ ਦੀ

Sri Satguru Jagjit Singh Ji Elibrary NamdhariElibrary@gmail.com

ਗੱਲ ਹੀ ਉਸ ਦੇ ਪਵਿੱਤਰ ਬਚਨ ਹਨ। ਇਹ ਵਖਾਲਾ ਨਹੀ ਹਨ। ਗੁਰ ਬਿਲਾਸ ਪਾਤਸ਼ਾਹੀ 10 ਦਾ ਕਰਤਾ ਲਿਖਦਾ ਹੈ:

ਹਿਰਦੈ ਔ ਮੁਖ ਗੁਰੂ ਕੇ ਏਕ ਬਾਤ ਸਦ ਹੋਇ॥
ਦੁਸਟਿ ਜੀਵ ਰਿਦ ਕਪਟਿ ਧਰ ਮੁਖ ਮੀਠਾ ਰਹਿ ਸੋਇ॥

ਐਸੇ ਵਿਅਕਤੀ ਦੇ ਸੀਸ ਝੁਕਾਉਣ ਉਤੇ ਵੀ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ। ਕਿਸੇ ਵਿਅਕਤੀ ਬਾਰੇ ਧਾਰਨਾ ਕਿ ਉਹ ਸੱਚੀ-ਮੁੱਚੀ ਕਿਸੇ ਹਸਤੀ ਪ੍ਰਤੀ ਆਦਰ ਪ੍ਰਗਟ ਕਰ ਰਿਹਾ ਹੈ ਜਾਂ ਵਖਾਲਾ ਕਰ ਰਿਹਾ ਹੈ, ਇਕ ਦਿਨ ਵਿਚ ਨਹੀਂ ਬਣ ਜਾਂਦੀ। ਉਸ ਪਿੱਛੇ ਉਸਦਾ ਜੀਵਨ ਇਤਿਹਾਸ ਤੇ ਘਟਨਾ ਲੜੀ ਹੁੰਦੀ ਹੈ। ਉਸ ਪਿੱਛੇ ਉਸ ਦਾ ਮਿੱਤਰ ਵਰਗ ਹੁੰਦਾ ਹੈ। ਕਿਉਂਕਿ ਮਨੁੱਖ ਆਪਣੀ ਸੰਗਤ ਤੋਂ ਪਛਾਣਿਆ ਜਾਂਦਾ ਹੈ ਜੈਸੀ ਸੰਗਤ ਵੈਸੀ ਰੰਗਤ ਹੁੰਦੀ ਹੈ। ਇਕ ਹੋਰ ਅਖਾਣ ਹੈ ਕਿ ਗੋਰੇ ਨਾਲ ਕਾਲਾ ਬੈਠੇਗਾ ਰੰਗ ਨਾ ਵਟਾਏਗਾ ਤਾਂ ਮੱਤ ਜ਼ਰੂਰ ਲੈ ਲਏਗਾ। ਜੇ ਸੰਗਤ ਐਸੀ ਹੈ ਜਿਸ ਨੂੰ ਧਰਮ ਨਾਲੋਂ ਧੜਾ ਪਿਆਰਾ ਹੈ; ਜਿਸ ਦਾ ਸੀਸ ਕਿਸੇ ਝੁਕਾਉਣ ਬਾਰੇ ਸੋਚੇ ਵੀ ਤਾਂ ਕਾਮਯਾਬ ਨਹੀਂ ਹੋ ਸਕਦਾ। ਏਨੀ ਉਹ ਦਲੇਰੀ ਕਰ ਨਹੀਂ ਸਕਦਾ ਜਾਂ ਕਰਨਾ ਨਹੀਂ ਚਾਹੁੰਦਾ ਕਿ ਸਭ ਛੱਡ ਛਡਾ ਕੇ ਕਹੇ ਕਿ ਮੈਂ ਨਹੀਂ ਤੂੰ। ਪਰ ਜੇ ਆਏ ਤਾਂ ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ॥ ਵਖਾਲੇ ਵਜੋਂ ਸੀਸ ਝੁਕਾਊਣ ਵਾਲਾ ਉਂਜ ਵੀ ਅਸਲੀ ਰੂਪ ਵਿਚ ਸੀਸ ਝੁਕਾਉਣ ਦੀ ਥਾਂ ਬੋੱਲੇ ਜਾਂ ਲਿਖੇ ਸ਼ਬਦਾਂ ਵਿਚ ਸਿਰ ਨਿਵਾਉਂਦਾ ਹੈ। ਅਮਲੀ ਰੂਪ ਵਿਚ, ਜਿਸ ਨੂੰ ਸੀਸ ਝੁਕਾਉਣ ਦਾ ਨਾਟਕ ਕਰਦਾ ਹੈ ਉਸ ਦੀ ਰਾਮਕਾਰ ਵਿਚ ਨਹੀ ਆਉਂਦਾ।

ਗੁਰੂ ਨਾਨਕ ਦੇਵ ਜੀ ਜਿਥੇ ਆਸਾ ਦੀ ਵਾਰ ਦੇ ਸਲੋਕ ਵਿਚ, ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ, ਨੂੰ ਤੱਤ ਰੂਪ ਵਿਚ ਪੇਸ਼ ਕਰਦੇ ਹਨ, ਉਥੇ ਇਸ ਦੀ ਦੁਰਵਰਤੋਂ ਕਰਨ ਵਾਲਿਆਂ ਵਿਚੋਂ ਸ਼ਿਕਾਰੀ ਦੀ ਠੋਸ ਮਿਸਾਲ ਦੇ ਕੇ ਬਾਣੀ ਵਿਚ ਅੰਕਿਤ ਕਰਦੇ ਹਨ:

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥

ਨਿਮਰਤਾ ਵਰਗੇ ਗੁਣਾਂ ਦੇ ਤੱਤ ਨੂੰ ਹਥਿਆਰ ਬਣਾ ਕੇ ਵਰਤਣ ਵਾਲੇ ਵਿਅਕਤੀ ਹਰ ਯੁੱਗ ਵਿਚ ਹੋ ਸਕਦੇ ਹਨ। ਹਰ ਜ਼ੀ ਹੋਸ਼ ਵਿਅਕਤੀ ਨੇ ਉਹਨਾਂ ਦੀ ਤਿਲਕਣ ਬਾਜ਼ੀ ਤੋਂ ਆਪਣੇ ਆਪ ਨੂੰ ਬਚਾਉਣਾ ਹੁੰਦਾ ਹੈ। ਇਸ ਤਰ੍ਹਾਂ ਉਹ ਹਿਰਦੇ ਵਿਹੀਨ ਸਿਰ ਝੁਕਾਉਣ ਵਾਲੇ ਨੂੰ ਪਛਾਣਨ ਦਾ ਸੰਕੇਤ ਦੇ ਰਹੇ ਹੋਣਗੇ ਜਿਸ ਨਾਲ ਹੋ ਸਕਦਾ ਹੈ ਕਿ ਦੂਜਾ ਵਿਅਕਤੀ ਸਮਝ ਤੇ ਸੰਭਲ ਜਾਏ ਤੇ ਉਹ ਵੀ ਸੱਚੇ ਦਿਲੋਂ ਸੀਸ ਝੁਕਾਉਣ ਦਾ ਰਸਤਾ ਅਖ਼ਤਿਆਰ ਕਰ ਲਵੇ।

Sri Satguru Jagjit Singh Ji Elibrary NamdhariElibrary@gmail.com

ਪੜ੍ਹਿਆ ਪੰਡਤ ਸੋਈ

ਬਾਲਕਾਂ ਨੂੰ ਲਿਖਣਾ ਸਿਖਾਉਣ ਲਈ ਪਹਿਲਾਂ ਤਖ਼ਤੀ ਉਤੇ ਲਿਖਿਆ ਜਾਂਦਾ ਸੀ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੂੰ ਪੜ੍ਹਨੇ ਪਾਇਆ ਗਿਆ ਤਾਂ ਪਾਂਧੇ ਨੇ ਉਹਨਾਂ ਨੂੰ ਲਿਖਣ ਦਾਂ ਸਬਕ ਦੇਣਾ ਸੀ। ਜਿਸ ਤਖ਼ਤੀ ਉਤੇ ਗਾਚਣੀ ਦਾ ਲੇਪ ਕੀਤਾ ਹੋਇਆ ਸੀ, ਉਸ ਉਤੇ ਪੂਰਨੇ ਪਾਉਣੇ ਸਨ ਪਰ ਜਦੋਂ ਉਸ ਨੇ ਸਤਿਗੁਰੂ ਜੀ ਨੂੰ ਪੜ੍ਹਨ ਦਾ ਸ੍ਰੀ ਗਣੇਸ਼ ਕਰਨ ਲਈ ਕਿਹਾ ਤਾਂ ਆਪ ਜੀ ਉਸ ਦੁਆਰਾ ਕੀਤੀ ਅਤੇ ਕਰਵਾਈ ਜਾਣ ਵਾਲੀ ਪੜ੍ਹਾਈ ਉਤੇ ਹੀ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਪੱਟੀ ਅਤੇ ਓਅੰਕਾਰ ਬਾਣੀਆਂ ਵਿਚ ਸਤਿਗੁਰੂ ਜੀ ਨੇ ਇਸ ਗੱਲ ਬਾਰੇ ਸਮਝਾਇਆ ਹੈ ਕਿ ਪੜ੍ਹਨਾ ਕੀ ਹੈ, ਲਿਖਣਾ ਕੀ ਹੈ, ਗਿਆਨ ਕੀ ਹੈ ? ਜੇ ਕੋਈ ਵਿਅਕਤੀ ਸਹੀ ਗਿਆਨ ਪ੍ਰਾਪਤ ਕਰ ਚੁੱਕਿਆ ਹੈ, ਉਹੀ ਪੜ੍ਹਿਆ ਹੋਇਆ ਪੰਡਤ ਅਖਵਾ ਸਕਦਾ ਹੈ। ਸਹੀ ਗਿਆਨ ਦਾ ਅਰੰਭ ਆਪ :—

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨਕਾ ਲਾਗਾ
ਆਇਆ ਤਿਨਕਾ ਸਫਲੁ ਭਇਆ ॥ (ਮਹਲਾ 1)

ਇਹ ਰਾਗ ਆਸਾ ਵਿਚ ਛਪੀ ਹੋਈ ਮਹਲਾ 1 ਦੀ ਪੱਟੀ ਦੀਆਂ ਪਹਿਲੀਆਂ ਤੁਕਾਂ ਹਨ। ਜਨਮ ਸਾਖੀ ਵਿਚ ਲਿਖਿਆ ਗਿਆ ਹੈ ਕਿ ਇਹ ਆਦਿ ਬਾਣੀ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਪਾਸ ਪੜ੍ਹਨ ਲੱਗਿਆਂ ਸੱਤ ਵਰ੍ਹੇ ਦੀ ਉਮਰ ਵਿਚ ਲਿਖੀ ਸੀ।

ਇਸ ਬਾਣੀ ਤੋਂ ਪੰਜਾਬੀ ਪੈਂਤੀ ਅੱਖਰੀ ਬਾਰੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੈਂਤੀ ਅੱਖਰੀ ਸਤਿਗੁਰੂ ਜੀ ਦੇ ਸਮੇਂ ਤਕ ਵਿਕਸਿਤ ਹੋ ਚੁੱਕੀ ਸੀ। ਜਿਵੇਂ ਸਤਿਗੁਰੂ ਜੀ ਨੇ ਇਸ ਬਾਣੀ ਵਿਚ ਅੱਖਰਾਂ ਦੇ ਨਾਂ ਦਿੱਤੇ ਹਨ, ਉਸ ਤੋਂ ਵੀ ਇਹ ਗੱਲ ਸਪਸ਼ਟ ਹੈ ਕਿ ਇਹ ਨਾਂ ਵੀ ਉਸ ਵੇਲੇ ਪ੍ਰਚਲਤ ਸਨ। ਜਿਵੇਂ ਊੜਾ, ਗੱਗਾ, ਦੱਦਾ ਆਦਿ।

ਆਪ ਜੀ ਨੇ ਬਾਣੀ ਰਚਨਾ ਦੀ ਲੋੜ ਨੂੰ ਮਹਿਸੂਸ ਕਰਦਿਆਂ ਤੁਕਾਂ ਦੇ ਸ਼ੁਰੂ ਵਿਚ ਊੜੈ, ਗੱਗੈ, ਦੱਦੈ ਆਦਿ ਲਿਖਿਆ ਹੈ। ਇਸ ਗੁਰਮੁਖੀ ਦੀ ਵਿਸ਼ੇਸ਼ ਪਛਾਣ ਰੱਖਣ ਵਾਲਾ ਅੱਖਰ ੜਾੜਾ ਵੀ ਹੈ :—

ੜਾੜੈ ਰਾੜਿ ਕਰਹਿ ਕਿਆ ਪ੍ਰਾਣੀ
ਤਿਸਹਿ ਧਿਆਵਹੁ ਜਿ ਅਮਰੁ ਹੋਆ ॥ (ਮਹਲਾ 1)

Sri Satguru Jagjit SIngh Ji Elibrary NamdhariElibrary@gmail.com

ਅੱਖਰ ਵਰਗਾਂ ਦੇ ਪਹਿਲੇ ਵਰਗ ਨੂੰ ਛੱਡ ਕੇ ਬਾਕੀ ਵਰਗਾਂ ਦੀ ਤਰਤੀਬ ਵੀ ਗੁਰਮੁਖੀ ਵਾਲੀ ਹੈ।

ਇਸ ਬਾਣੀ ਦੇ ਮੂਲ ਤੱਤ ਬਾਰੇ ਵਿਚਾਰ ਕਰੀਏ, ਤਾਂ ਮਨੁੱਖੀ ਮਨ ਨੂੰ ਸਮਝਾਉਣ ਬਾਰੇ ਪਤਾ ਲੱਗਦਾ ਹੈ ਕਿ ਹੇ ਮਨਾ ਮੂਰਖਾ! ਤੂੰ ਕਿਉਂ ਭੁੱਲਿਆ ਬੈਠਾ ਹੈਂ। ਸੁਣ ਭਰਾਵਾ ਤੈਨੂੰ ਪੜ੍ਹਿਆ ਤਾਂ ਸਮਝਿਆ ਜਾਏਗਾ ਜੇ ਤੂੰ ਪੂਰਾ ਲੇਖਾ ਦੇ ਸਕੇਂਗਾ। ਜੇ ਤੂੰ ਸੰਸਾਰ ਵਿਚ ਕੀਤੇ ਕੰਮਾਂ ਦਾ ਲੇਖਾ ਨਹੀਂ ਸਕਿਆ ਤਾਂ ਤੇਰੀ ਪੜ੍ਹਾਈ ਕਿਸੇ ਕੰਮ ਨਹੀਂ। ਆਸਾ ਦੀ ਵਾਰ ਵਿਚ ਵੀ ਸਤਿਗੁਰੂ ਜੀ ਨੇ ਲਿਖਿਆ ਹੈ :-

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਪੜ੍ਹਾਈ ਅਤੇ ਪੜ੍ਹਾਈ ਲਈ ਸਿਰ ਖਪਾਈ ਉਹੀ ਕੰਮ ਆਉਂਦੀ ਹੈ ਜਿਹੜੀ ਸਾਹਿਬ ਨਾਲ ਜੋੜਦੀ ਹੈ, ਸਾਹਿਬ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਜਿਸ ਰਾਹੀਂ ਮਨੁੱਖ ਲਈ ਅਕਾਲ ਪੁਰਖ ਨੂੰ ਸਮਝਣਾ ਸੌਖਾ ਹੁੰਦਾ ਹੈ ਅਤੇ ਸਮਝਣ ਨਾਲ ਉਸ ਦੇ ਕਰਮਾਂ ਦਾ ਹਿਸਾਬ ਕਿਤਾਬ ਮੁੱਕ ਜਾਂਦਾ ਹੈ। ਮਨੁੱਖ ਦੇ ਸਿਰ 'ਤੇ ਕੋਈ ਲੇਖਾ ਭਾਰੂ ਰਹਿੰਦਾ ਹੀ ਨਹੀਂ :—

ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ
ਤਿਸੁ ਸਿਰਿ ਲੇਖੁ ਨ ਹੋਈ ॥

ਜਵਾਨੀ ਦੀ ਉਮਰ ਵਿਚ ਬੰਦਾ ਲਾਪਰਵਾਹ ਹੋਇਆ ਰਹਿੰਦਾ ਹੈ। ਉਹ ਭਜਨ ਬੰਦਗੀ ਕਰਨ ਬਾਰੇ, ਪਰਮਾਤਮਾ ਦਾ ਸਿਮਰਨ ਕਰਨ ਬਾਰੇ, ਨਾ ਆਮ ਤੌਰ 'ਤੇ ਸੋਚਦਾ ਹੈ, ਨਾ ਸਮਾਂ ਕੱਢਦਾ ਹੈ ਪਰ ਜਦੋਂ ਬਿਨਾਂ ਸਾਬਣ ਦੇ ਵਰਤਿਆਂ ਕੇਸਾਂ ਦਾ ਰੰਗ ਚਿੱਟਾ ਹੋ ਜਾਂਦਾ ਹੈ, ਤਾਂ ਇਹ ਸਮਝਿਆ ਹੀ ਜਾ ਸਕਦਾ ਹੈ ਕਿ ਜਮ ਰਾਜੇ ਵਲੋਂ ਦੂਤ ਕਿਸੇ ਵੀ ਵੇਲੇ ਭੇਜੇ ਜਾ ਸਕਦੇ ਹਨ। ਉਸ ਵੇਲੇ ਕਿਸੇ ਹੋਰ ਦਾ ਹੁਕਮ ਨਹੀਂ ਚੱਲਦਾ। ਬਾਣੀ ਯਾਦ ਕੀਤੀ, ਗਾਇਨ ਕੀਤੀ ਵੀ ਕੰਮ ਨਹੀਂ ਆਉਂਦੀ ਕਿਉਂਕਿ ਮਨ ਵਿਚ ਹੰਕਾਰ ਆ ਗਿਆ ਤਾਂ ਉਸ ਹੰਕਾਰ ਨੇ ਗੋਬਿੰਦ ਨੂੰ ਪਾਉਣ ਦੀ ਥਾਂ ਪੁੱਠੇ ਪਾਸੇ ਲਾ ਦਿੱਤਾ। ਮਨੁੱਖ ਦਲੀਲਾਂ ਦੇਣ ਲੱਗ ਪਿਆ ਉਸ ਨੇ ਭਗਤੀ ਦਾ ਰਾਹ ਤਿਆਗ ਦਿੱਤਾ।

ਸਤਿਗੁਰੂ ਜੀ ਨੇ ਲਿਖਿਆ ਹੈ ਕਿ ਸਿੱਖ ਦਾ ਸੁਖ ਸੇਵਕ ਰੂਪ ਬਣਨ ਵਿਚ ਹੈ। ਉਹ ਸੇਵਕ ਰੂਪ ਵਿਚ ਵਿਚਰਨ ਵਾਲਾ ਵਿਅਕਤੀ ਸਤਿਗੁਰੂ ਦੇ ਬੁਰਾ ਭਲਾ ਕਹੇ ਨੂੰ ਵੀ ਸਮ ਕਰ ਕੇ ਜਾਣਦਾ ਹੈ। ਉਹ ਸਤਿਗੁਰੂ ਦੇ ਸ਼ਬਦ ਨਾਲ ਜੁੜਦਾ ਹੈ। ਉਹ ਇਸ ਵਿਚ ਮਾਣ ਨਹੀਂ ਮਹਿਸੂਸ ਕਰਦਾ ਕਿ ਉਸ ਨੂੰ ਚਹੁੰ ਵੇਦਾਂ (ਰਿਗ ਵੇਦ, ਸਾਮ ਵੇਦ, ਅਥਰਵ ਵੇਦ, ਯਜੁਰ ਵੇਦ) ਦਾ ਗਿਆਨ ਹੈ। ਉਸ ਨੂੰ ਚਹੁੰਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੀ ਸੋਝੀ ਹੈ। ਉਹ ਚਹੁੰ ਜੁਗਾਂ (ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ) ਨੂੰ ਜਾਣਦਾ ਹੈ। ਜੇ ਇਹ ਸਮਝ ਲਈਏ ਕਿ ਜੁਗ-ਜੁਗ ਦਾ ਜੋਗੀ ਅਕਾਲ ਪੁਰਖ ਆਪ ਹੈ, ਉਹੀ ਭੋਗ ਭੋਗਣ ਵਾਲਾ ਹੈ, ਤਾਂ ਕੋਈ ਕਿਸੇ ਤਰ੍ਹਾਂ ਦਾ ਹਉਮੈ ਦਾ ਕੰਡਾ ਨਾ ਚੁਭੇਗਾ, ਨਾ ਰੜਕੇਗਾ।

Sri Satguru Jagjit Singh Ji Elibrary NamdhariElibrary@gmail.com

ਮਨੁੱਖ ਦਾ ਸੁਭਾਅ ਹੈ ਜੇ ਕੋਈ ਪ੍ਰਾਪਤ ਹੁੰਦਾ ਹੈ, ਤਾਂ ਉਸ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਏ ਪਰ ਜੇ ਕਿਤੇ ਉਸ ਨੂੰ ਮਾਰ ਪੈਂਦੀ ਹੈ, ਉਸ ਨੂੰ ਨੁਕਸਾਨ ਹੁੰਦਾ ਹੈ ਤਾਂ ਉਹ ਉਸ ਨੂੰ ਆਪਣੇ ਹੱਕ ਵਿਚ ਸਾਬਤ ਕਰਨ ਬਾਰੇ ਦਲੀਲਾਂ ਘੜ ਲੈਂਦਾ ਹੈ। ਬੁੱਧੀ ਨੂੰ ਆਪਣੀ ਹਉਮੈ ਨੂੰ ਪੱਠੇ ਪਾਉਣ ਵਾਸਤੇ ਵਰਤਦਾ ਹੈ ਅਤੇ ਦੁਖੀ ਹੁੰਦਾ ਹੈ। ਸਤਿਗੁਰੂ ਜੀ ਨੇ ਪੱਟੀ ਵਿਚ ਸਾਫ਼ ਲਿਖਿਆ ਹੈ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
(ਮਹਲਾ 1)

ਪਰ ਚਾਹੀਦਾ ਵੀ ਇਹੋ ਹੈ ਕਿ ਜੇ ਕਮੀ ਰਹਿ ਗਈ ਹੈ, ਤਾਂ ਆਪਣੇ ਆਪ ਨੂੰ ਸੁਧਾਰਿਆ ਜਾਏ, ਜੇ ਪ੍ਰਾਪਤੀ ਹੋਈ ਹੈ ਉਸ ਦੀ ਕਿਰਪਾ ਸਮਝੀ ਜਾਏ। ਗੱਲਾਂ ਨਾਲ ਹੀ ਸੁਹਾਗਣ ਨਾ ਬਣਿਆ ਜਾਏ।

ਮਨੁੱਖ ਨੇ ਬਾਣੀ ਪੜ੍ਹ ਕੇ ਆਪਣੇ ਆਪ ਹੀ ਨਿਰਨਾ ਕਰਨ ਲੱਗੇ, ਤਾਂ ਉਸ ਵਿਚ ਉਸ ਦੀ ਮਨਮਰਜ਼ੀ ਦਾ ਨਿਰਨਾ ਹੋਇਆ। ਉਸ ਨਿਰਨੇ ਨੂੰ ਮਨੁੱਖ ਦੀ ਬੌਧਿਕ ਸ਼ਕਤੀ ਤਰਕ ਸੰਗਤ ਤਰੀਕੇ ਨਾਲ ਸਹੀ ਸਾਬਤ ਕਰੇਗੀ। ਲੋੜ ਇਸ ਗੱਲ ਦੀ ਹੈ ਕਿ ਬੰਦੇ ਨੂੰ ਅਗਵਾਈ ਮਿਲੇ। ਅਗਵਾਈ ਤਾਂ ਸਤਿਗੁਰ ਤੋਂ ਹੀ ਪ੍ਰਾਪਤ ਹੋ ਸਕਦੀ ਹੈ। ਜੇ ਬੰਦਾ ਕਿਸੇ ਦੁਚਿੱਤੀ ਵਿਚ ਫਸ ਜਾਏ, ਤਾਂ ਉਸ ਵਿਚੋਂ ਨਿਕਲਣ ਲਈ ਵੀ ਸਤਿਗੁਰ ਹੀ ਸਹਾਈ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਹਰੀ ਦੀ ਸ਼ਰਨ ਵਿਚ ਆਉਣ ਵਾਲਿਆਂ ਨੂੰ ਸਤਿਗੁਰੂ ਦੀ ਕਿਰਪਾ ਕਰ ਕੇ ਹੀ ਕਾਮਯਾਬ ਹੁੰਦੇ ਲਿਖਦੇ ਹਨ :

ਗੁਰ ਪਰਸਾਦੀ ਸੇ ਨਰ ਉਬਰੇ
ਜਿ ਹਰਿ ਸਰਣਾਗਤਿ ਭਜਿ ਪਇਆ ॥

ਫਲ ਦੀ ਪ੍ਰਾਪਤੀ ਵੀ ਗੁਰੂ ਦੀ ਕਿਰਪਾ ਨਾਲ ਅਤੇ ਉਸ ਉਤੇ ਭਉ ਰੱਖਿਆਂ ਹੁੰਦੀ ਹੈ। ਆਪਹੁਦਰੇ ਵਿਅਕਤੀ ਇਸ ਗੱਲ ਨੂੰ ਸਮਝ ਨਹੀ ਸਕਦੇ; ਉਹ ਆਵਾਗਵਣ ਦੇ ਚੱਕਰ ਵਿਚ ਪਏ ਰਹਿੰਦੇ ਹਨ। ਅਕਾਲ ਪੁਰਖ ਨੂੰ ਧਿਆਉਣ ਵਾਲੇ ਉਸ ਤੋਂ ਕੁਰਬਾਨ ਜਾਂਦੇ ਹਨ। ਉਹਨਾਂ ਨੂੰ ਇਹ ਸਮਝ ਆ ਜਾਂਦੀ ਹੈ ਕਿ ਹਰੀ ਦਾ ਨਾਮ ਹੀ ਧਿਆਉਣਾ ਹੈ, ਉਸ ਦੇ ਨਾਮ ਨਾਲ ਹੀ ਇਕਮਿਕ ਹੋਣਾ ਹੈ, ਦਿਨ ਰਾਤ ਉਸੇ ਦੇ ਨਾਮ ਦਾ ਹੀ ਲਾਹਾ ਲੈਣਾ ਹੈ ਅਤੇ ਇਸ ਗੱਲ ਵਿਚ ਤਸੱਲੀ ਮਹਿਸੂਸ ਕਰਨੀ ਹੈ :

ਕਰੇ ਕਰਾਏ ਸਭ ਕਿਛੁ ਜਾਣੈ
ਨਾਨਕ ਸਾਹਿਬ ਇਵ ਕਹਿਆ ॥

ਜਦੋਂ ਮਨ ਦੀ ਅਵਸਥਾ ਇਹ ਬਣ ਜਾਂਦੀ ਹੈ ਕਿ ਕਰਨ ਕਰਾਵਣਹਾਰ ਉਹ ਆਪ ਹੀ ਹੈ ਤਾਂ ਐਸੀ ਸਮਝ ਰੱਖਣ ਵਾਲੇ ਵਿਅਕਤੀ ਨੂੰ ਹੀ ਪੜ੍ਹਿਆ ਹੋਇਆ ਵਿਅਕਤੀ, ਪੰਡਤ, ਵਿਦਵਾਨ, ਗਿਆਨੀ ਸਮਝਿਆ ਜਾ ਸਕਦਾ ਹੈ।

Sri Satguru Jagjit SIngh Ji Elibrary NamdhariElibrary@gmail.com

ਦੇਹਧਾਰੀ ਗੁਰੂ ਦਾ ਸਥਾਨ

ਸੰਸਾਰ ਵਿਚ ਜਲ ਹੈ, ਥਲ ਹੈ, ਅਕਾਸ਼ ਹੈ, ਬ੍ਰਹਿਮੰਡ ਹੈ। ਥਲ ਵਿਚ ਮਾਰੂਥਲ, ਮੈਦਾਨ ਤੇ ਪਹਾੜ ਹਨ। ਇਹਨਾਂ ਵਿਚ ਬ੍ਰਿਛ ਬੂਟੇ ਹਨ। ਇਹਨਾਂ ਤੋਂ ਉਤਮ ਜੀਵ ਹਨ। ਉਹਨਾਂ ਦੀਆਂ ਸ਼ਾਸਤਰਾਂ ਅਨੁਸਾਰ 84 ਲੱਖ ਜੂਨਾਂ ਦੱਸੀਆਂ ਹਨ। ਉਹ ਜੂਨਾਂ ਪਾਣੀ, ਧਰਤੀ, ਅਕਾਸ਼ ਵਿਚ ਰਹਿੰਦੀਆਂ ਹਨ। ਉਹਨਾਂ ਜੂਨਾਂ ਵਿਚੋਂ ਉਤਮ ਮਨੁੱਖਾ ਦੇਹ ਹੈ ਪਰ ਮਨੁੱਖਾ ਦੇਹ ਨੂੰ ਸੇਵਾ-ਸੰਭਾਲ ਤੇ ਸਿਖਲਾਈ ਦੀ ਲੋੜ ਬਚਪਨ ਤੋਂ ਹੀ ਪੈ ਜਾਂਦੀ ਹੈ। ਇਸ ਨੂੰ ਸਿੱਖਿਆ ਦੇਣ ਵਾਲਾ ਗੁਰੂ ਹੁੰਦਾ ਹੈ।

ਮਨੁੱਖ ਸਭ ਜੂਨਾਂ ਦਾ ਸਰਦਾਰ ਹੈ। ਇਸ ਨੇ ਜੋ ਸਿੱਖਣਾ ਹੈ ਉਹ ਆਪਣੇ ਤੋਂ ਛੋਟੇ ਤੋਂ ਨਹੀ, ਵੱਡੇ ਤੋਂ ਸਿੱਖਣਾ ਹੈ। ਆਪਣੇ ਤੋਂ ਛੋਟੀਆਂ ਤੋਂ ਛੋਟੀਆਂ ਜੂਨਾਂ ਨੂੰ ਸਿਖਾਉਣਾ ਹੈ ਤੇ ਉਹਨਾਂ ਨੂੰ ਵਰਤਣਾ ਹੈ। ਕੁਦਰਤੀ ਹੈ, ਵੱਡਾ ਮਹਾਨ ਪੁਰਸ਼ ਹੀ ਹੋਵੇਗਾ, ਦੇਵਤਾ, ਗੁਰੂ ਅਵਤਾਰ, ਪੈਗੰਬਰ ਆਦਿ। ਉਹ ਸਰੀਰਧਾਰੀ ਹੋਵੇਗਾ। ਉਹ ਦੇਹਧਾਰੀ ਹੋਣ ਕਰ ਕੇ ਮਨੁੱਖ ਦੇਹ ਵਿਚ ਕਰਨ ਵਾਲੀਆਂ ਕਿਰਿਆਵਾਂ ਤਾਂ ਸਾਧਦਾ ਨਜ਼ਰ ਆਵੇਗਾ ਪਰ ਉਸ ਦਾ ਬੌਧਿਕ ਪੱਧਰ, ਅਧਿਆਤਮਿਕ ਪੱਧਰ ਅਤੇ ਉਸ ਦੀ ਸ਼ਖ਼ਸੀਅਤ ਤੇ ਕਰਨੀ ਹੋਰ ਮਨੁੱਖਾਂ ਤੋਂ ਕਿਤੇ ਉੱਤਮ ਹੋਵੇਗੀ।

ਮਨੁੱਖ ਕਿਸੇ ਪਸ਼ੂ-ਪੰਛੀ ਦਾ ਦ੍ਰਿਸ਼ਟਾਂਤ ਦੇ ਸਕਦਾ ਹੈ, ਕਿਸੇ ਪੱਥਰ ਨੂੰ ਪੂਜਣ ਯੋਗ ਬਣਾ ਸਕਦਾ ਹੈ ਪਰ ਹੋਰ ਜੂਨ ਜਾਂ ਮਨੁੱਖ ਦੀ ਕਿਰਤ ਭਾਵੇਂ ਛੈਣੀ ਹਥੌੜੇ, ਬੁਰਸ਼ ਜਾਂ ਕਲਮ ਨਾਲ ਚਿਤਰੀ-ਲਿਖੀ ਹੋਵੇ, ਸਲਾਹੁਣਯੋਗ ਵੀ ਹੋ ਸਕਦੀ ਹੈ, ਉਸ ਨੂੰ ਪੂਜਣ ਦੀ ਪਰੰਪਰਾ ਵੀ ਚੱਲ ਸਕਦੀ ਹੈ, ਉਸ ਨੂੰ ਉਸ ਦੇ ਕਰਤਾ ਦੇ ਬਰਾਬਰ ਵੀ ਕੋਈ ਕਹਿ ਸਕਦਾ ਹੈ ਪਰ ਕਿਰਤ ਕਰਤਾ ਨਾਲੋਂ ਵੱਡੀ ਨਹੀਂ ਹੋ ਸਕਦੀ। ਕਰਤਾ, ਪੁਰਖ ਹੀ ਹੋਵੇਗਾ।

ਅਣਭੋਲ, ਸਾਊ, ਸਧਾਰਨ ਮਨੁੱਖ ਨੇ ਕੁਦਰਤ ਦੀਆਂ ਸ਼ਕਤੀਆਂ ਦਾ ਪਾਰਾਵਾਰ ਨਾ ਪਾ ਸਕਣ ਕਰ ਕੇ ਉਹਨਾਂ ਨੂੰ ਪੂਜਣ ਲਈ ਪੂਜਾ ਦੇ ਸਥਾਨ ਬਣਾਏ ਤੇ ਪੂਜਾ ਕਰਨੀ ਸ਼ੁਰੂ ਕੀਤੀ ਪਰ ਉਸ ਪੂਜਾ-ਘਰ ਵਿਚ ਘੜ ਕੇ ਜਿਸ ਮੂਰਤੀ ਨੂੰ ਸਥਾਪਤ ਕੀਤਾ ਉਸ ਬਾਰੇ ਸਹਿਜੇ ਹੀ ਬੁੱਤਘਾੜੇ ਦੇ ਬੋਲ ਫੁਰ ਪਏ :

"ਮੇਰੇ ਹੀ ਹਾਥੋਂ ਸੇ ਤਰਾਸ਼ੇ ਹੂਏ ਪੱਥਰ ਕੇ ਸਨਮ,
ਆਜ ਬੁਤਖਾਨੇ ਮੇਂ ਭਗਵਾਨ ਬਨੇ ਬੈਠੇ ਹੈਂ।"

ਘੜਨਹਾਰ ਮਨੁੱਖ ਹੈ, ਸੋ ਉਸ ਤੋਂ ਵੱਡਾ ਹੈ। ਸਾਰੇ ਮਨੁੱਖਾਂ ਨੂੰ ਵੀ ਕਿਸੇ ਨੇ

Sri Satguru Jagjit Singh Ji Elibrary NamdhariElibrary@gmail.com

ਘੜਿਆ ਹੈ ਤੇ ਸਾਰੇ ਬ੍ਰਹਿਮੰਡ ਨੂੰ ਵੀ, ਉਸੇ ਦਾ ਪਸਾਰਾ ਪਸਾਰਿਆ ਹੈ। ਉਹ ਪ੍ਰਭੂ ਆਪ ਘੜਨ ਭੰਨਣਹਾਰ ਹੈ। ਜਦ ਉਹ ਮਨੁੱਖਾ ਦੇਹ ਵਿਚ ਸੰਸਾਰ ਦੇ ਉਧਾਰ ਲਈ ਆਉਂਦਾ ਹੈ ਤਾਂ ਦੇਹਧਾਰੀ ਸਤਿਗੁਰੂ ਹੁੰਦਾ ਹੈ। ਜੇ ਉਸ ਦੇ ਬੁੱਤ ਬਣਾਈਏ, ਉਸ ਦੀਆਂ ਤਸਵੀਰਾਂ ਬਣਵਾਈਏ, ਛਪਵਾਈਏ ਤਾਂ ਉਸ ਦੀ ਥਾਂ ਨਹੀਂ ਲੈ ਸਕਦੇ।

ਮਨੁੱਖ ਪਾਹਨ ਪੂਜਾ ਤੋਂ ਪੂਜਾ ਵਲ ਵਧਦਾ ਹੈ। ਉਹ ਮਹਾਨ ਪੁਰਸ਼ਾਂ ਦੇ ਰਚੇ ਗ੍ਰੰਥਾਂ ਦੀ ਮਹਾਨਤਾ ਵਧਾਉਣ ਲਈ, ਉਹਨਾਂ ਦੀ ਕਈ ਵਿਸ਼ੇਸ਼ਣ ਲਾ ਕੇ ਵਡਿਆਈ ਕਰਦਾ ਹੈ। ਉਸ ਦਾ ਕਾਵਿ ਮਨ ਮਨੁੱਖ ਨੂੰ ਹੀ ਗ੍ਰੰਥ ਦਾ ਅਵਤਾਰ ਬਣਾ ਕੇ ਪੇਸ਼ ਕਰਦਾ ਹੈ। ਪ੍ਰਸਿੱਧ ਇਤਿਹਾਸਕ, ਸਾਹਿਤਕਾਰ ਕਵੀ ਚੂਣਾਮਣੀ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਬਾਣੀ ਰਚਨਾ ਕਰਨ ਵਾਲੇ ਭੱਟ ਵੇਦਾਂ ਦਾ ਅਵਤਾਰ ਸਨ। ਇਕ-ਇਕ ਵੇਦ ਨੇ ਚਾਰ-ਚਾਰ ਭੱਟਾਂ ਦੇ ਰੂਪ ਵਿਚ ਅਵਤਾਰ ਧਾਰਿਆ।

ਵੇਦਰਚਨਾ ਭਾਵੇਂ ਵਡਮੁੱਲੀ ਭਾਰਤੀ ਪਰੰਪਰਾ ਦੀ ਗਿਆਨ ਪ੍ਰਦਾਨ ਕਰਨ ਵਾਲੀ ਕਿਰਤ ਹੈ, ਉਹ ਬ੍ਰਹਮਾ ਦੀ ਰਚਨਾ ਕਹੇ ਜਾਂਦੇ ਹਨ। ਪਰ ਉਹ ਜੀਵਧਾਰੀ ਨਹੀਂ ਨਿਰਜੀਵ ਹਨ। ਕੋਈ ਵੀ ਗ੍ਰੰਥ ਜੀਵਧਾਰੀ ਨਹੀਂ, ਨਾ ਉਹ ਜੀਵਧਾਰੀਆਂ ਵਾਂਗ ਜਨਮ ਲੈ ਸਕਦਾ ਹੈ, ਵੱਧ ਫੁੱਲ ਸਕਦਾ ਹੈ, ਨਾ ਮਰ ਸਕਦਾ ਹੈ। ਨਾ ਇਕ ਗ੍ਰੰਥ ਦੂਜੇ ਗ੍ਰੰਥ ਨੂੰ ਜਨਮ ਦੇਣ ਲਈ ਮਾਤਾ ਪਿਤਾ ਦੀ ਭੂਮਿਕਾ ਨਿਭਾ ਸਕਦਾ ਹੈ, ਨਾ ਗ੍ਰੰਥ ਗ੍ਰੰਥਾਕਾਰ ਤੋਂ ਵੱਡਾ ਹੋ ਸਕਦਾ ਹੈ, ਨਾ ਦੇਹਧਾਰੀ ਮਨੁੱਖ ਦੀ ਬਰਾਬਰੀ ਕਰ ਸਕਦਾ ਹੈ।

ਦੇਹਧਾਰੀ ਗੁਰੂ ਦਾ ਕੋਈ ਬਚਨ ਸਮਝ ਨਾ ਆਵੇ, ਕੋਈ ਸ਼ੰਕਾ ਨਵਿਰਤ ਕਰਨੀ ਹੋਵੇ, ਕੋਈ ਅਰਜ ਕਰਨੀ ਹੋਵੇ, ਗੁਰੂ ਕਿਰਪਾ ਕਰਦਾ ਹੈ। ਬਚਨ ਕਰ ਕੇ ਸੰਤੁਸ਼ਟ ਕਰਦਾ ਹੈ ਪਰ ਜੇ ਬਾਣੀ ਦੀ ਲਿਖਤ ਸਮਝ ਨਾ ਆਏ ਤਾਂ ਬਾਣੀ ਖ਼ੁਦ ਨਹੀਂ ਸਮਝਾ ਸਕਦੀ, ਉਸ ਬਾਰੇ ਚਿੰਤਨ, ਮਨਨ, ਅਧਿਐਨ ਕੋਈ ਮਹਾਂ-ਵਿਦਵਾਨ ਕਰੇਗਾ ਤੇ ਉਸ ਵਿਚ ਨਾ ਸਮਝ ਆਉਣ ਵਾਲੇ ਭਾਵ ਨੂੰ ਸਪਸ਼ਟ ਕਰੇਗਾ। ਐਸਾ ਕਾਰਜ ਕਰਨ ਵਾਲਾ ਹੋਵੇਗਾ ਮਨੁੱਖ ਹੀ। ਉਸ ਤੋਂ ਹੌਲੀ ਪੱਧਰ ਦਾ ਕੋਈ ਜੀਵ ਹੋਣ ਬਾਰੇ ਤਾਂ ਸੋਚ ਹੀ ਨਹੀਂ ਸਕਦੇ। ਆਪਣੇ ਤੋਂ ਘੱਟ ਸਿਆਣਾ ਤੇ ਕਰਨੀ ਵਾਲਾ ਮਨੁੱਖ ਵੀ ਨਹੀਂ ਹੋਵੇਗਾ। ਕਿਉਂਕਿ ਸਿਖਣ ਲਈ ਆਪਣੇ ਤੋਂ ਚੰਗੇ ਸਿਆਣੇ, ਸੁਘੜ, ਸੁਜਾਨ ਕੋਲ ਹੀ ਪਹੁੰਚ ਕਰੀਦੀ ਹੈ।

ਸੁਘੜ ਸਿਆਣਾ ਪਹੁੰਚਿਆ ਹੋਇਆ ਪਰਮ ਮਨੁੱਖ ਜੇ ਸਤਿਗੁਰੂ ਹੈ ਅਤੇ ਕਹਿੰਦਾ ਹੈ, ਮੈਂ ਸਤਿਗੁਰੂ ਨਹੀਂ ਹਾਂ, ਪਰਮ ਪੁਰਖ ਦਾ ਦਾਸ ਹਾਂ, ਇਹ ਉਸ ਦੀ ਨਿਰਮਤਾ ਹੈ। ਉਸ ਅੰਦਰ ਸਾਰੇ ਗੁਣ ਹਨ ਅਤੇ ਇਹ ਨਿਮਰਤਾ ਉਸ ਦੀ ਮਨੁੱਖ ਨੂੰ ਸਿੱਖਿਆ ਦੇਣ ਲਈ ਹੈ। ਸਿੱਖਿਆ ਬਣਾ ਵੀ ਦੇਂਦੀ ਹੈ ਪਰ ਉਸ ਨੂੰ ਜੋ ਉਸ ਦਾ ਅਧਿਐਨ ਕਰਦਾ ਹੈ, ਉਸ ਦੀਆਂ ਟੇਪਾਂ ਸੁਣਦਾ ਹੈ ਤੇ ਉਸ ਦੇ ਅਰਥ ਸਮਝਦਾ ਹੈ। ਸਿੱਖਿਆ ਦਾ ਲਾਭ ਤਾਂ ਅਮਲ 'ਤੇ ਨਿਰਭਰ ਕਰਦਾ ਹੈ। ਅਮਲ ਕਰਨ ਲਈ ਜੇ ਅੰਦਰੋਂ

Sri Satguru Jagjit Singh Ji Elibrary NamdhariElibrary@gmail.com

ਪ੍ਰੇਰਨਾ ਨਹੀਂ ਉਠਦੀ ਤਾਂ ਸਤਿਗੁਰੂ ਚੇਤਾਵਨੀ ਦੇਂਦਾ ਹੈ, ਚੇਤਾ ਕਰਵਾਉਂਦਾ ਹੈ ਪਰ ਗੁਰਬਾਣੀ ਵਿਚ ਪੁਰਖ ਗੁਰੂ ਵਰਗੇ ਨਿਮਰਤਾ ਆਦਿ ਗੁਣ ਨਹੀਂ, ਨਾ ਉਹ ਆਪਣੇ ਅਰਥ ਸਪਸ਼ਟ ਕਰ ਸਕਦੀ ਹੈ।

ਮਨੁੱਖ ਆਪਣੇ ਮਨ ਦੀ ਭਟਕਣਾ ਦੂਰ ਕਰਨ ਲਈ ਕਿਤੇ ਨਾ ਕਿਤੇ ਮੱਥਾ ਟੇਕਦਾ ਹੈ। ਕੁਦਰਤੀ ਤੌਰ ਉਤੇ ਜਿੱਥੇ ਮੱਥਾ ਟੇਕਦਾ ਹੈ ਉਸ ਨੂੰ ਪੂਜਣਯੋਗ ਮੰਨਦਾ ਹੈ। ਇਸ ਸੰਸਾਰ ਵਿਚ ਪ੍ਰਚਲਤ ਤਿੰਨ ਰੂਪਾਂ ਦੀ ਚਰਚਾ ਪਹਿਲਾਂ ਸ਼ੁਰੂ ਹੋ ਚੁੱਕੀ ਹੈ। ਉਹ ਰੂਪ ਹਨ—ਮੂਰਤੀ, ਗ੍ਰੰਥ ਅਤੇ ਦੇਹਧਾਰੀ। ਜੇ ਇਹਨਾਂ ਨੂੰ ਗੁਰੂ ਦਾ ਦਰਜਾ ਦੇਣਾ ਹੋਵੇ ਤਾਂ ਦੇਹਧਾਰੀ ਨੂੰ ਹੀ ਦੇਣਾ ਬਣਦਾ ਹੈ ਕਿਉਂਕਿ ਬਾਕੀ ਉਸ ਦੇ ਬਣਾਏ ਹੋਏ ਹਨ।

ਸਿੱਖ ਪਰੰਪਰਾ ਵਿਚ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਆਪਣੀ ਰਜ਼ਾ ਅਨੁਸਾਰ, ਅਧਿਆਤਮਕ ਸੋਝੀ ਦੇਣ ਲਈ, ਸਤਿਗੁਰੂ ਸਾਹਿਬਾਨ ਨੇ ਉਪਦੇਸ ਦਿੱਤੇ ਹਨ, ਬਾਣੀ ਰਚੀ ਹੈ। ਉਸੇ ਬਾਣੀ ਦੇ ਦੋ ਵੱਖ-ਵੱਖ ਗ੍ਰੰਥ ਹਨ।

ਇਕ ਸ੍ਰੀ ਆਦਿ ਗ੍ਰੰਥ ਸਾਹਿਬ ਜਿਸ ਵਿਚ ਦਸਵੇਂ ਪਾਤਸ਼ਾਹ ਤੋਂ ਪਹਿਲੇ 9 ਵਿਚੋਂ 6 ਸਤਿਗੁਰੂ ਸਾਹਿਬਾਨ ਜਿਨ੍ਹਾਂ ਬਾਣੀ ਰਚੀ, ਉਹਨਾਂ ਦੀ ਬਾਣੀ ਸੰਕਲਿਤ ਹੈ। ਉਸ ਵਿਚ ਸਮਾਨ ਵਿਚਾਰਧਾਰਾ ਵਾਲੇ ਸੰਤਾਂ, ਭਗਤਾਂ, ਭੱਟਾਂ, ਰਾਗੀਆਂ ਆਦਿ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ।

ਦੂਜਾ ਸ੍ਰੀ ਦਸਮ ਗ੍ਰੰਥ ਹੈ। ਇਸ ਵਿਚ ਕਲਗੀਧਰ ਪਾਤਸ਼ਾਹ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ। ਸਿੱਖ ਪਰੰਪਰਾ ਵਿਚ, ਛੋਟੇ ਵੱਡੇ ਗੁਰਦੁਆਰਿਆਂ ਵਿਚ ਪਹਿਲਾਂ ਦੋਹਾਂ ਗ੍ਰੰਥਾਂ ਦਾ ਪ੍ਰਕਾਸ਼ ਕੀਤਾ ਜਾਂਦਾ ਸੀ, ਉਹਨਾਂ ਤੋਂ ਪਾਠ ਕੀਤਾ ਜਾਂਦਾ ਸੀ। ਬੀੜਾਂ ਹੱਥ ਲਿਖਤ ਹਨ, ਸੋ ਸੀਮਤ ਸਨ, ਆਮ ਘਰਾਂ ਤਕ ਨਹੀਂ ਸਨ ਪਹੁੰਚ ਸਕੀਆਂ। ਦੂਜਾ ਕਾਰਨ: ਜਨ-ਸਾਧਾਰਨ ਇਸ ਨੂੰ ਲਿਖਵਾਉਣ ਦੀ ਮੋਖ ਨਹੀਂ ਸੀ ਦੇ ਸਕਦਾ। ਸ਼ਰਧਾਲੂ ਸੰਬੰਧਿਤ ਥਾਂ ਉਤੇ ਜਾ ਕੇ ਪਾਠ ਕਰ, ਕਰਾ ਆਉਂਦੇ ਸਨ। ਦੇਹਧਾਰੀ ਗੁਰੂ ਦੀ ਪਰੰਪਰਾ ਚਲਦੀ ਸੀ, ਉਸ ਨੂੰ ਮੰਨਣ ਵਾਲੇ ਉਸ ਤੋਂ ਉਪਦੇਸ ਪ੍ਰਾਪਤ ਕਰ ਕੇ ਆਪਣੇ ਜੀਵਨ ਦਾ ਭਲਾ ਕਰਦੇ ਸਨ।

ਦੇਹਧਾਰੀ ਗੁਰੂ ਦੀ ਪਰੰਪਰਾ ਯਥਾ ਵੱਤ ਚਲਦੀ ਰਹੀ ਹੈ ਪਰ ਕਈ ਇਸ ਪਰੰਪਰਾ ਤੋਂ ਕਿਨਾਰਾ ਕਰਨ ਵਾਲਿਆਂ ਨੇ ਗ੍ਰੰਥ ਗੁਰੂ ਦਾ ਸਿਧਾਂਤ ਘੜ ਲਿਆ ਹੈ ਅਤੇ ਭਾਵੇਂ ਉਹ ਦਸਮ ਗੁਰੂ ਦੇ ਸਾਜੇ ਨਿਵਾਜੇ ਸਿੱਖ ਅਖਵਾਉਂਦੇ ਸਨ, ਉਹਨਾਂ ਇਕ ਗ੍ਰੰਥ ਨੂੰ ਗੁਰੂ ਮਨਵਾਉਣ ਲਈ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨਾ ਹੌਲੀ-ਹੌਲੀ ਬੰਦ ਕਰ ਦਿੱਤਾ ਹੈ। ਅੱਜ ਨਾਮਧਾਰੀ ਤੇ ਨਿਹੰਗ ਸਿੰਘਾਂ ਤੋਂ ਬਿਨਾਂ ਸ਼ਾਇਦ ਹੀ ਕਲਗੀਧਰ ਦਾ ਕੋਈ ਸਿੱਖ ਸ੍ਰੀ ਦਸਮ ਗ੍ਰੰਥ ਦਾ, ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਨ ਵਾਂਗ ਪਾਠ ਜਾਂ ਅਖੰਡ ਪਾਠ ਕਰਦਾ, ਕਰਵਾਉਂਦਾ ਹੋਵੇ।

ਮਹਾਨ ਕੋਸ਼ ਪੜ੍ਹਿਆਂ ਇਹ ਗੱਲ ਸਾਮ੍ਹਣੇ ਆਈ ਹੈ ਕਿ ਛਪੇ ਹੋਏ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਇਹ ਬੀੜ ਦੇ ਰੂਪ ਵਿਚ ਪ੍ਰਕਾਸ਼ ਕਰਨਾ ਪਹਿਲਾਂ ਇਕ ਤਰ੍ਹਾਂ

Sri Satguru Jagjit Singh Ji Elibrary NamdhariElibrary@gmail.com

ਨਾਲ ਗ਼ੈਰ-ਕਾਨੂੰਨੀ ਸੀ। ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਇਕ ਥਾਂ 'ਤੇ ਲਿਖਦੇ ਹਨ ਕਿ ਇਸ ਦੀਆਂ ਸਭ ਤੋਂ ਪਹਿਲਾਂ 5 ਸੈਂਚੀਆਂ ਛਪਾਈ ਦੇ ਯੁਗ ਵਿਚ ਛਾਪੀਆਂ ਗਈਆਂ ਸਨ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਲੋਂ ਉਹਨਾਂ ਨੂੰ ਇਕ ਬੀੜ ਦੇ ਰੂਪ ਵਿਚ ਛਾਪਣ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਗਈ ਸੀ। ਮਹਾਨ ਕੋਸ਼, ਚੌਥੀ ਵਾਰ ਦੇ ਸਫ਼ਾ 489 ਉਤੇ ਲਿਖਿਆ ਹੈ। ਛਾਪਾ —"ਸ੍ਰੀ ਗੁਰੂ ਗ੍ਰੰਥ ਸਾਹਿਬ ਛੋਟੇ ਆਕਾਰ ਦਾ ਪੰਜ ਜਿਲਦਾਂ ਵਿਚ ਸਭ ਤੋਂ ਪਹਿਲਾਂ ਟਾਇਪ ਦੇ ਅੱਖਰਾਂ ਵਿਚ ਹੀਰਾ ਨੰਦ ਨੇ ਹੀ ਸੰਮਤ ਨਾਨਕਸ਼ਾਹੀ 420 ਵਿਚ ਛਾਪਿਆ ਹੈ।" (1889 ਈ:) ਏਸੇ ਸਫ਼ੇ ਉਤੇ ਫੁਟ ਨੋਟ ਵਿਚ ਲਿਖਿਆ ਹੈ :

"ਇਹਨਾਂ ਜਿਲਦਾਂ ਬਾਬਤ ਚੇਤ ਵਦੀ 5 ਸੰਮਤ 1945, ਨਾਨਕ ਸ਼ਾਹੀ 420 ਨੂੰ ਦਫ਼ਤਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਤੋਂ ਹੇਠ ਲਿਖਿਆ ਇਸ਼ਤਿਹਾਰ ਜਾਰੀ ਹੋਇਆ :

ਇਸ ਇਸ਼ਤਿਹਾਰ ਦੁਆਰਾ ਹਰ ਖਾਸ ਅਤੇ ਆਮ ਅੱਗੇ ਪ੍ਰਗਟ ਕੀਤਾ ਜਾਂਦਾ ਹੈ ਕਿ ਇਹਨਾਂ ਪੋਥੀਆਂ ਨੂੰ ਇਕਤ੍ਰ ਕਰ ਕੇ ਇਕ ਜਿਲਦ ਕੋਈ ਨਾ ਕਰਾਵੇ। ਜੋ ਕੋਈ ਇਸ ਇਸ਼ਤਿਹਾਰ ਦੇ ਵਿਰੁਧ ਕਰੇਗਾ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਿਅਦਬੀ ਕਰਨ ਵਾਲਾ ਸਮਝਿਆ ਜਾਵੇਗਾ ਅਤੇ ਲੋਕ ਪਰਲੋਕ ਵਿਚ ਵਾਹਿਗੁਰੂ ਦਾ ਦੇਣਹਾਰ ਹੋਵੇਗਾ ਅਰ ਉਸ ਨੂੰ ਕਾਨੂੰਨ ਫੌਜਦਾਰੀ ਦੀਆਂ ਕਈ ਏਕ ਦਫਾ ਬਮੂਜਬ ਸਰਕਾਰ ਦੇ ਸਾਮ੍ਹਣੇ ਪੰਥ ਨੂੰ ਜਵਾਬ ਦੇਣਾ ਪਵੇਗਾ।"

ਦਸਤਖ਼ਤ
ਸਰਦਾਰ ਮਾਨ ਸਿੰਘ ਸਾਹਿਬ ਸੀ.ਆਈ.ਈ.
ਸਰਦਾਰ ਬਹਾਦਰ, ਮੇਜਰ, ਰਸਾਲਦਾਰ, ਆਨਰੇਰੀ
ਮੈਜਿਸਟਰੇਟ ਸਰਬਰਾਹ ਗੁਰਦੁਆਰਿਆਨ
ਸ੍ਰੀ ਅੰਮ੍ਰਿਤਸਰ, ਪ੍ਰੈਜ਼ੀਡੰਟ ਸਿੰਘ ਸਭਾ,
ਸ੍ਰੀ ਅੰਮ੍ਰਿਤਸਰ

ਸਮਾਂ ਪਾ ਕੇ ਗੁਰੂਆਂ ਦੇ ਗ੍ਰੰਥ ਦੀਆਂ ਇਹ ਸੈਂਚੀਆਂ ਕਿਉਂ ਇਕੱਠੀਆਂ ਕੀਤੀਆਂ ਗਈਆਂ ਜਾਂ ਪੰਜ ਦੀਆਂ ਦੋ, ਚਾਰ ਜਾਂ ਅੱਠ ਕਿਉਂ ਕੀਤੀਆਂ ਗਈਆਂ। ਇਹ ਕਿਸੇ ਗੁਰੂ ਦੇ ਹੁਕਮ ਨਾਲ ਨਹੀ ਹੋਇਆ। ਦੇਹਧਾਰੀ ਸਿੱਖਾਂ ਨੇ ਆਪੇ ਹੀ ਕੀਤਾ। ਉਹ ਹੀ ਜਾਨਣ ਪਰ ਦੇਹਧਾਰੀ ਗੁਰੂ ਦੇ ਉਪਾਸ਼ਕ ਕਿਸੇ ਮਨਮਤ ਦੇ ਸੰਕਟ ਤੋਂ ਮੁਕਤ ਰਹਿੰਦੇ ਹਨ ਕਿਉਂਕਿ ਉਹਨਾਂ ਨੂੰ ਰਹਿਨੁਮਾਈ ਦੇਣ ਵਾਲਾ ਸਤਿਗੁਰੂ ਹਾਜ਼ਰ ਨਾਜ਼ਰ ਰਹਿੰਦਾ ਹੈ।

ਜੇ ਇਕ ਹੋਰ ਨਜ਼ਰੀਏ ਤੋਂ ਸੋਚੀਏ ਤਾਂ ਭਾਵੇਂ ਕਿਸੇ ਥਾਂ ਮੂਰਤੀ ਸਥਾਪਤ ਕੀਤੀ ਹੋਵੇ, ਭਾਵੇਂ ਕਿਸੇ ਥਾਂ ਗ੍ਰੰਥ ਦਾ ਪ੍ਰਕਾਸ਼ ਕੀਤਾ ਹੋਵੇ ਉਥੇ ਵੀ ਲੋੜ ਕਿਸੇ ਵਿਅਕਤੀ ਦੀ ਹੁੰਦੀ ਹੈ। ਉਹ ਪੁਜਾਰੀ ਹੋ ਸਕਦਾ ਹੈ, ਭਾਈ ਹੋ ਸਕਦਾ ਹੈ, ਮਹੰਤ ਜਾਂ ਕੋਈ

Sri Satguru Jagjit Singh Ji eLibrary NamdhariElibrary@gmail.com

ਹੋਰ। ਸ਼ਾਇਦ ਲੋਕਾਂ ਦੀ ਏਸੇ ਲੋੜ ਕਰ ਕੇ ਕਈ ਥਾਵਾਂ ਉਤੇ ਕਈ ਸਾਧਾਂ ਸੰਤਾਂ ਨੇ ਆਪਣੇ ਨਿੱਜੀ ਮੰਦਰ ਜਾਂ ਗੁਰਦੁਆਰੇ ਬਣਾ ਲਏ ਹਨ। ਉਂਜ ਅਖੌਤੀ ਤੌਰ ਉਤੇ ਪੂਜਾ ਤਾਂ ਭਗਵਾਨ ਦੀਆਂ ਮੂਰਤੀਆ ਦੀ ਕਰਵਾਉਂਦੇ ਹਨ ਜਾਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਾਉਂਦੇ ਹਨ, ਉਸ ਨੂੰ ਗੁਰੂ ਕਹਿੰਦੇ ਹਨ ਪਰ ਉਹਨਾਂ ਥਾਵਾਂ ਉਤੇ ਸ਼ਰਧਾਲੂਆਂ ਦੀ ਭੀੜ ਉਹਨਾਂ ਸੰਤਾਂ ਮਹਾਤਮਾਵਾਂ ਕਰ ਕੇ ਆਉਂਦੀ ਹੈ, ਉਹਨਾਂ ਦਾ ਜਸ ਸੁਣ ਕੇ ਉਹਨਾਂ ਕੋਲ ਆਪਣੀਆਂ ਲੋੜਾਂ ਥੋੜਾਂ ਲਈ ਮੰਨਤਾਂ ਵਾਸਤੇ।

ਸੋ ਅਸਿੱਧੇ ਰੂਪ ਵਿਚ ਦੇਹਧਾਰੀ ਗੁਰੂ ਨੂੰ ਮੰਨਣ ਤੋਂ ਪਾਸਾ ਵੱਟਣ ਵਾਲਿਆਂ ਲਈ ਦੇਹਧਾਰੀ ਨੂੰ ਸਾਧੂ, ਸੰਤ, ਮਹਾਤਮਾ ਆਦਿ ਮੰਨਣ ਤੋਂ ਪ੍ਰਹੇਜ਼ ਨਹੀਂ, ਸ਼ਾਇਦ ਇਹ ਉਹਨਾਂ ਦੀ ਲੋੜ ਜਾਂ ਮਜ਼ਬੂਰੀ ਹੈ।

ਦੇਹਧਾਰੀ ਗੁਰੂ ਦੇ ਉਪਾਸ਼ਕ ਸਿੱਧੇ ਸਤਿਗੁਰੂ ਦੇ ਚਰਨਾਂ ਨਾਲ ਪ੍ਰੀਤ ਰੱਖਦੇ ਹਨ। ਉਹਨਾਂ ਦੀ ਆਪਣੇ ਸਤਿਗੁਰੂ 'ਤੇ ਪ੍ਰਤੀਤ ਹੁੰਦੀ ਹੈ, ਸਿਦਕ ਭਰੋਸਾ ਹੁੰਦਾ ਹੈ। ਉਹ ਭਲੀ-ਭਾਂਤ ਜਾਣਦੇ ਹਨ ਕਿ ਇਹੀ ਅਕਾਲ ਪੁਰਖ ਦਾ ਸਰਗੁਣ ਸਰੂਪ ਹੈ। ਸਾਧੂ, ਸੰਤ, ਮਹਾਤਮਾ ਏਸੇ ਦੇ ਬਣਾਏ ਹੋਏ ਹਨ। ਇਹ ਸਾਨੂੰ ਸੰਸਾਰ ਵਿਚ ਰਹਿ ਕੇ ਪ੍ਰਭੂ ਭਗਤੀ ਕਰਨ ਤੇ ਸਮੁੱਚਾ ਜੀਵਨ ਗੁਜ਼ਾਰਨ ਦਾ ਰਾਹ ਦੱਸਦੇ ਹਨ। ਏਸੇ ਦੀ ਕਿਰਪਾ ਨਾਲ, ਏਸੇ ਦੇ ਹੁਕਮ ਵਿਚ ਰਹਿ ਕੇ ਸੰਸਾਰ ਸਾਗਰ ਤੋਂ ਪਾਰ ਉਤਾਰਾ ਹੁੰਦਾ ਹੈ। ਸੋ ਦੇਹਧਾਰੀ ਗੁਰੂ ਦਾ ਸਥਾਨ ਸਭ ਤੋਂ ਉੱਚਾ ਹੈ।

Sri Satguru Jagjit Singh Ji Elibrary NamdhariElibrary@gmail.com

ਗੁਰੂ ਜੈਸਾ ਨਾਹੀ ਕੋ ਦੇਵ

ਦੇਵੀ ਦੇਵਤਿਆਂ ਦਾ ਮਨੁੱਖੀ ਸਮਾਜ ਵਿਚ ਮਹੱਤਵਪੂਰਨ ਥਾਂ ਹੈ। ਮਨੁੱਖ ਨੇ ਉਹਨਾਂ ਦੇ ਪੂਜਾ ਸਥਾਨ ਬਣਾਏ ਹਨ, ਸਿਵਾਲੇ, ਠਾਕੁਰਦੁਆਰੇ, ਮੰਦਰ ਆਦਿ। ਉਹ ਉਹਨਾਂ ਥਾਵਾਂ ਉਤੇ ਜਾ ਕੇ ਸੁੱਖਣਾ ਸੁੱਖਦਾ ਹੈ, ਮੰਨਤਾਂ ਮੰਨਦਾ ਹੈ ਆਪਣੀ ਆਰਥਿਕ ਅਮੀਰੀ ਵਾਸਤੇ, ਸਮਾਜਕ ਸਾਂਝਾਂ ਦੀ ਸੁੱਖ ਮੰਗਣ ਵਾਸਤੇ ਜਾਂ ਆਪਣੀ ਤਾਕਤ ਦੇ ਵਾਧੇ ਵਾਸਤੇ। ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਮੰਗਣ ਵਾਲਾ ਹੈ ਅਤੇ ਦੇਵਤਾ ਦੇਣ ਵਾਲਾ। ਪਰ ਦੇਵਤੇ ਤਾਂ ਪੌਰਾਣਿਕ ਯੁੱਗ ਦੀਆਂ ਕਾਲਿਆਣਕਾਰੀ ਸ਼ਕਤੀਆਂ ਤੇ ਹਸਤੀਆਂ ਹਨ। ਸ਼ਾਇਦ ਹੀ ਅੱਜ ਉਹਨਾਂ ਦੇ ਕੋਈ ਸਾਖਿਆਤ ਦਰਸ਼ਨ ਕਰ ਸਕੇ ਪਰ ਜਿਸ ਤੋਂ ਸਿੱਖਿਆ ਪ੍ਰਾਪਤ ਕਰ ਕੇ ਮਨੁੱਖ ਸੁਖਾਵੀ ਤਸੱਲੀਬਖ਼ਸ਼ ਜ਼ਿੰਦਗੀ ਬਸਰ ਕਰਦਾ ਹੈ ਜਾਂ ਅਗਲੇ ਜੀਵਨ ਵਿਚ ਦੁੱਖਾਂ ਤੋਂ ਛੁਟਕਾਰਾ ਪਾਉਣ ਵਿਚ ਭਰੋਸਾ ਰੱਖਦਾ ਹੈ ਉਹ ਗੁਰ-ਸਤਿਗੁਰ ਹੀ ਹੈ। ਉਹੀ ਦੇਵਤਾ ਦਾਤਾਰ ਹੈ। ਦੇਵਤਾ ਦੇ ਜੋ ਮਨੁੱਖੀ ਸਰੀਰ ਵਿਚ ਦਰਸ਼ਨ ਕਰਨੇ ਹੋਣ ਤਾਂ ਯਕੀਨਨ, ਗੁਰ ਜੈਸਾ ਨਾਹੀ ਕੋ ਦੇਵ।

ਸਤਿਗੁਰੂ ਨਾਲ ਨਾ ਸਾਡਾ ਰਿਸ਼ਤਾ ਦੁਨਿਆਵੀ ਹੁੰਦਾ ਹੈ ਅਤੇ ਨਾ ਉਸ ਦਾ ਪਤਾ ਅਸੀਂ ਦੁਨਿਆਵੀ ਤੌਰ ਤਰੀਕੇ ਨਾਲ ਕਰ ਸਕਦੇ ਹਾਂ। ਨਾ ਅਸੀ ਉਸ ਦੀ ਥਾਹ ਪਾ ਸਕਦੇ ਹਾਂ, ਨਾ ਉਸ ਤੋਂ ਚੱਜ ਨਾਲ ਕੁਝ ਮੰਗ ਸਕਦੇ ਹਾਂ। ਕਿਉਂਕਿ ਸਾਨੂੰ ਜਾਚ ਹੀ ਨਹੀਂ। ਅਸੀਂ ਉਸ ਦੀਆਂ ਬਖ਼ਸ਼ਸ਼ਾਂ ਦਾ ਮੁੱਲ ਵੀ ਨਹੀਂ ਪਾ ਸਕਦੇ। ਸਾਡੇ ਕੋਲ ਸਤਿਗੁਰੂ ਦੀ ਸ਼ਖ਼ਸੀਅਤ ਨੂੰ ਮਾਪਣ ਦੇ ਮਾਪ-ਦੰਡ ਸਾਡੀ ਸਮਝ ਅਨੁਸਾਰ ਤਾਂ ਹੋ ਸਕਦੇ ਹਨ ਪਰ ਕਿੰਨੇ ਛੋਟੇ ਤੇ ਹੌਲੇ ਹਨ, ਕੌਣ ਜਾਣਦਾ ਹੈ।

ਮਨੁੱਖ ਕਈ ਵਾਰ ਆਪਣੀ ਸੋਚ ਤੇ ਮੰਗ ਦੀ ਸੀਮਾ ਆਪਣੇ ਤੋਂ ਅੱਗੇ ਨਹੀਂ ਸਮਝਦਾ। ਉਸ ਨੂੰ ਆਪਣਾ ਹੀ ਫਿਕਰ ਹੁੰਦਾ ਹੈ। ਉਸ ਨੇ ਆਪਣੀਆਂ ਹੀ ਲੋੜਾਂ ਪੂਰੀਆਂ ਕਰਨ ਦੀ ਆਸ ਲੈ ਕੇ ਮੰਗ ਕਰਨੀ ਹੁੰਦੀ ਹੈ ਪਰ ਸਤਿਗੁਰੂ ਤਾਂ ਸਭਨਾਂ ਦਾ ਹੈ ਉਸ ਨੂੰ ਫਿਕਰ ਵੀ ਸਭ ਦਾ ਹੈ, ਉਹ ਸਭ ਦਾ ਦੇਣਹਾਰ ਦਾਤਾਰ ਹੈ।

ਅਸੀਂ ਆਪਣੀ ਸੋਚ ਅਨੁਸਾਰ ਉਸ ਨੂੰ ਆਪਣੇ ਰਿਸ਼ਤਿਆਂ ਦੇ ਘੇਰੇ, ਕਾਲ ਤੇ ਸਮੇਂ ਦੀ ਵਲਗਣ ਅਤੇ ਸਥਾਨ ਦੀ ਵਲਗਣ ਵਿਚ ਬੰਨ੍ਹ ਲੈਂਦੇ ਹਾਂ ਪਰ ਇਹ ਸਾਡੀ ਭੁੱਲ ਹੈ। ਨਾ ਤਾਂ ਉਹ ਰਿਸ਼ਤੇਦਾਰੀਆਂ ਦੇ ਬੰਧਨ ਵਿਚ ਹੈ, ਨਾ ਮਹੀਨਿਆਂ ਵਰ੍ਹਿਆਂ ਦੀ ਕਾਲ ਗਤੀ ਵਿਚ ਹੈ, ਨਾ ਇਕ ਪਿੰਡ ਸ਼ਹਿਰ ਤੇ ਦੇਸ ਦਾ ਹੈ। ਇਹ ਸਭ ਉਸ ਦੇ ਹਨ। ਉਹ ਜੋ ਸੂਰਜ ਵਾਂਗ ਇਕ ਦੇਸ ਵਿਚ ਨਹੀ ਦਿਸਦਾ, ਉਥੇ

Sri Satguru Jagjit Singh Ji Elibrary NamdhariElibrary@gmail.com

ਰਾਤ ਲੱਗਦੀ ਹੈ ਤਾਂ ਪਤਾ ਨਹੀਂ ਕਿਹੜੇ ਦੇਸਾਂ ਵਿਚ ਚਾਨਣ ਖਲਾਰ ਰਿਹਾ ਹੈ। ਉਸ ਦੀਆਂ ਬਖ਼ਸ਼ਸ਼ਾਂ ਦੇ ਸਾਗਰਾਂ ਦੇ ਹੱਦ ਬੰਨੇ ਵੀ ਨਹੀਂ।

ਰਿਸ਼ਤਿਆਂ ਤੱਕ ਸੋਚਣ ਵਾਲੇ ਤਾਂ ਉਸ ਨੂੰ ਉਮਰ ਵਿਚ, ਰਿਸ਼ਤੇ ਵਿਚ ਛੋਟਾ ਜਾਣ ਕੇ ਚੱਕਰ ਵਿਚ ਪੈ ਜਾਂਦੇ ਹਨ। ਉਹਨਾਂ ਨੂੰ ਉਸ ਵਿਚ ਸਤਿਗੁਰੂ ਦਾ ਸਰੂਪ ਦਿਸਣ ਦੀ ਥਾਂ ਆਪਣੀ ਉਮਰੋਂ ਛੋਟਾ-ਵੱਡਾ ਪੁੱਤ, ਭਾਈ, ਭਤੀਜਾ ਦਿਸਦਾ ਹੈ।

ਅਸੀ ਉਸ ਦੇ ਗਿਆਨ ਦੀ ਹੱਦ ਵੀ ਨਹੀਂ ਜਾਣਦੇ। ਮਨੂ ਨੇ ਸਿਮ੍ਰਿਤੀ ਵਿਚ ਲਿਖਿਆ ਹੈ ਕਿ ਅੰਗਿਰਾ ਦਾ ਇਕ ਪੁੱਤਰ, ਬਚਪਨ ਵਿਚ ਹੀ ਸ਼ਾਸਤਰਾਂ ਦਾ ਗਿਆਨ ਰੱਖਦਾ ਸੀ। ਉਹ ਗੁਰੂ ਸੀ, ਸ਼ਾਸਤਰ ਉਪਦੇਸ ਦੇਂਦਾ ਸੀ। ਇਕ ਦਿਨ ਉਸ ਦਾ ਉਪਦੇਸ ਸੁਣ ਰਹੇ ਬਜ਼ੁਰਗਾਂ ਨੂੰ ਉਸ ਨੇ ਪੁੱਤਰ ਕਹਿ ਕੇ ਸੰਬੋਧਨ ਕੀਤਾ, ਉਹਨਾਂ ਨੂੰ ਬੜਾ ਵੱਟ ਚੜ੍ਹਿਆ। ਉਹ ਬਹਿਸ ਕਰਦੇ-ਕਰਦੇ ਦੇਵ ਸਭਾ ਵਿਚ ਗਏ ਕਿ ਉਹਨਾਂ ਨੂੰ ਉਹਨਾਂ ਤੋਂ ਛੋਟੇ ਨੇ ਪੁੱਤਰ ਕਿਉਂ ਕਿਹਾ, ਇਹ ਨਾਜਾਇਜ਼ ਸੀ। ਦੇਵਤਿਆਂ ਨੇ ਵਿਚਾਰ ਤੋਂ ਬਾਅਦ ਕਿਹਾ, "ਗੁਰੂ ਵੱਡਾ ਹੀ ਹੁੰਦਾ ਹੈ। ਅੰਗਿਰਾ ਦੇ ਪੁੱਤਰ ਦਾ ਉਹਨਾਂ ਨੂੰ ਪੁੱਤਰ ਕਹਿਣਾ ਬੁਰੀ ਗੱਲ ਨਹੀਂ। ਅਗਿਆਨੀ ਆਦਮੀ ਬਿਰਧ ਹੋਣ 'ਤੇ ਵੀ ਬੱਚਾ ਹੀ ਰਹਿੰਦਾ ਹੈ ਅਤੇ ਗਿਆਨ ਦਾ ਉਪਦੇਸ ਕਰਨ ਵਾਲਾ ਬੱਚਾ, ਪਿਤਾ ਵਾਂਗ ਪੂਜਨੀਕ ਹੈ।" ਇਸ ਅਨੁਸਾਰ ਕਿਥੇ ਰਹਿ ਗਏ ਸੰਸਾਰਕ ਰਿਸ਼ਤੇ।

ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਣ ਲਈ ਜੇ ਮਨੁੱਖ ਮਰਯਾਦਾ ਨੂੰ ਭੁੱਲ ਗਿਆ ਤਾਂ ਵੀ ਉਸ ਨੇ ਕੁਝ ਨਹੀਂ ਖੱਟਿਆ। ਗੁਰੂ ਦਿਸਦਾ ਭਾਵੇਂ ਹੱਡ ਮਾਸ ਦਾ ਪੁਤਲਾ ਹੈ ਪਰ ਇਸ ਵਿਚ ਕੀ ਹੈ? ਨਾ ਕੋਈ ਜਾਣਦਾ ਹੈ, ਨਾ ਜਾਣ ਸਕਦਾ ਹੈ, ਹਾਂ ਉਸ ਨੂੰ ਆਪਣੇ ਵਰਗਾ ਸਮਝ ਕੇ ਉਸ ਪ੍ਰਤੀ ਸ਼ਰਧਾ ਭਾਵ ਪ੍ਰਗਟਾਉਣ ਲੱਗਾ ਗ਼ਲਤੀ ਕਰ ਬੈਠਦਾ ਹੈ। ਸੋ ਗੁਰੂ ਕੋਲ ਬਹਿਣ ਖਲੋਣ, ਉਸ ਦੇ ਬਚਨ ਸੁਣਨ ਤੇ ਉਸ ਨੂੰ ਅਰਜ਼ ਕਰਨ ਦੀ ਵਿਧੀ ਦੀ ਪੁਰਾਤਨ ਮਰਯਾਦਾ ਹੈ। ਮਨੂੰ ਮਹਾਰਾਜ ਨੇ ਇਸ ਤਰ੍ਹਾਂ ਦੀ ਮਰਯਾਦਾ ਬਾਰੇ ਲਿਖਿਆ ਹੋਇਆ ਹੈ, "ਗੁਰੂ ਕੋਲ ਹਮੇਸ਼ਾ ਹੀਨਦਸ਼ਾ ਵਿਚ ਬੈਠਣਾ ਚਾਹੀਦਾ ਹੈ। ਗੁਰੂ ਦੇ ਜਾਗਣ ਤੋਂ ਪਹਿਲਾਂ ਜਾਗਣਾ ਤੇ ਉਸ ਦੇ ਸੌਣ ਤੋਂ ਬਾਅਦ ਸੌਣਾ ਸਿੱਖ ਦਾ ਪਰਮ ਕਰਤਵ ਹੈ। ਸੌਂਦਿਆਂ ਹੋਇਆ ਜਾਂ ਬੈਠ ਕੇ ਭੋਜਨ ਕਰਦਿਆਂ ਜਾਂ ਦੂਰ ਖੜ੍ਹੇ ਹੋ ਕੇ ਜਾਂ ਦੂਜੇ ਪਾਸੇ ਮੂੰਹ ਕਰ ਕੇ ਗੁਰੂ ਦਾ ਹੁਕਮ ਸੁਣਨਾ ਜਾਂ ਉਸ ਨਾਲ ਬਚਨ ਬਿਲਾਸ ਨਹੀ ਕਰਨਾ ਚਾਹੀਦਾ। ਗੁਰੂ ਜੇ ਆਸਣ ਉਤੇ ਬੈਠ ਕੇ ਕੁਝ ਉਪਦੇਸ ਦੇਵੇ ਤਾਂ ਸਿੱਖ ਨੂੰ ਚਾਹੀਦਾ ਹੈ ਉਹ ਖੜ੍ਹੇ ਹੋ ਕੇ ਉਹਨਾਂ ਦੀ ਆਗਿਆ ਪ੍ਰਾਪਤ ਕਰਨ। ਉਸ ਦੇ ਪਿੱਛੋਂ ਵੀ ਐਵੇਂ ਗੁਰੂ ਦਾ ਨਾਂ ਨਹੀ ਲੈਣਾ ਚਾਹੀਦਾ।"

ਗੁਰੂ ਧਰਮ ਉਪਦੇਸ਼ਕ ਹੀ ਨਹੀਂ ਸਗੋਂ ਸੰਪਰਦਾ ਦਾ ਬਾਨੀ ਤੇ ਉਸ ਨੂੰ ਰਹਿਨੁਮਾਈ ਦੇਣ ਵਾਲਾ ਵੀ ਹੈ। ਸਿੱਖ ਸਤਿਗੁਰੂ ਸਾਹਿਬਾਨ ਦੀ ਇਕ ਲੰਮੇ ਸਮੇਂ ਤੋਂ ਚਲੀ ਆ ਰਹੀ ਅਮੀਰ ਪਰੰਪਰਾ ਹੈ। ਉਹਨਾਂ ਨੇ ਆਪਣੇ ਪੂਰਵ ਗੁਰੂਆਂ ਦੀ ਗੁਰਗੱਦੀ ਨੂੰ ਸੁਭਾਇਮਾਨ ਕਰਨ ਨਾਲ ਆਪਣੀ ਸੰਸਾਰਕ ਤੇ ਦੈਵੀ ਸ਼ਕਤੀ ਨਾਲ ਬਹੁਤ ਕੁਝ

Sri Satguru Jagjit Singh Ji Elibrary NamdhariElibrary@gmail.com

ਪ੍ਰਾਪਤ ਕੀਤਾ ਪਰ ਉਹ ਉਛਲਣ ਵਾਲੇ, ਛਲਕਣ ਵਾਲੇ ਊਣੇ ਭਾਂਡੇ ਨਹੀਂ। ਉਹਨਾਂ ਦੀ ਮਹਿਮਾ ਅਗਾਧ ਬੋਧ ਹੈ। ਸਿੱਖ ਸਾਧ ਉਹਨਾਂ ਦਾ ਅੰਤ ਨਹੀਂ ਪਾ ਸਕਦਾ।

ਪੰਜਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂਆਂ ਤੋਂ ਵਿਰਸੇ ਵਿਚ ਜਿੱਥੇ ਹੋਰ ਬਹੁਤ ਕੁਝ ਪ੍ਰਾਪਤ ਕੀਤਾ ਉਥੇ ਗੁਰਬਾਣੀ ਦਾ ਖ਼ਜ਼ਾਨਾ ਇਕੱਤਰ ਕੀਤਾ, ਨਾਲ ਹੋਰ ਗੁਰਮਤ ਵਿਚਾਰਧਾਰਾ ਨਾਲ ਰਲਦੀ ਬਾਣੀ ਦੇ ਨਮੂਨੇ ਮਿਲਾਏ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਇਹ ਮਹਿਮਾ ਉਹਨਾਂ ਦੇ ਜੀਵਨ ਅਨੁਭਵ ਦਾ ਹਿੱਸਾ ਸੀ ਅਤੇ ਉਹਨਾਂ ਦਾ ਸਤਿਗੁਰੂ ਪੰਜ-ਭੂਤਕ ਸਰੀਰ ਵਿਚ ਸੀ। ਉਹ ਨਾ ਮੂਰਤੀ ਸੀ, ਨਾ ਗ੍ਰੰਥ, ਨਾ ਖਿਆਲੀ ਪ੍ਰਾਸਰੀਰਕ ਹਸਤੀ। ਪੰਜਵੇਂ ਪਾਤਸ਼ਾਹ ਨੇ ਆਪ ਆਪਣੇ ਸਤਿਗੁਰੂ ਦੀ ਵਡਿਆਈ ਲਿਖੀ ਹੈ। ਉਹਨਾਂ ਨੇ ਸਿੱਖ ਨੂੰ ਸਤਿਗੁਰੂ ਦੀ ਵਡਿਆਈ ਕਰਨ ਦਾ ਰਾਹ ਦੱਸਿਆ ਹੈ। ਸਤਿਗੁਰੂ ਨੂੰ ਸਮਝਣ, ਉਸ ਪ੍ਰਤੀ ਸ਼ਰਧਾ ਸਤਿਕਾਰ ਭੇਟ ਕਰਨ ਤੇ ਉਸ ਪ੍ਰਤੀ ਭਾਵਨਾ ਰੱਖਣ ਦੀ ਜਾਂਚ ਦੱਸੀ ਹੈ।

ਆਪ ਜੀ ਅਨੁਸਾਰ ਸਤਿਗੁਰੂ ਸੱਚੇ ਪਾਤਸ਼ਾਹ ਕਿਸੇ ਦੇ ਅਧੀਨ ਨਹੀਂ। ਉਹ ਕਿਸੇ 'ਤੇ ਨਿਰਭਰ ਨਹੀਂ, ਉਹ ਬੇ-ਮੁਹਤਾਜ ਹੈ। ਉਸ ਨੇ ਕਿਸੇ ਕੋਲੋਂ ਕੁਝ ਪ੍ਰਾਪਤ ਨਹੀਂ ਕਰਨਾ ਸਗੋਂ ਦੇਣਾ ਹੈ। ਉਹ ਵੀ ਉਸ ਨੇ ਕਿਸੇ ਇਕ ਨੂੰ ਨਹੀਂ ਦੇਣਾ ਸਗੋਂ ਸਾਰੇ ਜਗਤ ਨੂੰ ਦੇਣਾ ਹੈ ਪਰ ਪਹਿਲ, ਦੂਜ ਉਸ ਦੀ ਹੈ, ਕਿਸੇ ਨੂੰ ਕੀ ਦੇਣਾ ਹੈ ਉਹ ਹੀ ਜਾਣਦਾ ਹੈ ਤੇ ਦੇਂਦਾ ਹੈ, ਦੇਣਹਾਰ ਦਾਤਾਰ। ਉਹ ਹੀ ਸਾਡਾ ਵਿਧਾਤਾ ਰਚਨਹਾਰਾ ਹੈ। ਉਸ ਨੇ ਸਾਡੇ ਲੇਖ ਲਿਖੇ ਹਨ। ਉਸੇ ਨੇ ਸਾਨੂੰ ਰਖਿਆ ਹੈ। ਜੇ ਪੂਜਾ ਕਰਨੀ ਹੈ, ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਉਸ ਤੋਂ। ਉਸ ਦੇ ਬਰਾਬਰ ਕੋਈ ਦੇਵੀ ਦੇਵਤਾ ਨਹੀਂ। ਨਾ ਕਿਸੇ ਹੋਰ ਥਾਂ ਸੁੱਖਣਾ ਸੁੱਖਣ ਦੀ ਲੋੜ ਹੈ ਨਾ ਲਾਹੁਣ ਦੀ ਪਰ ਉਸ ਦੀ ਸਰਨ ਆ ਕੇ ਹਰ ਕੋਈ ਉਸ ਦੀ ਸੇਵਾ ਵਿਚ ਖੜ੍ਹਾ ਲੱਗਦਾ ਹੈ। ਉਸ ਦੀ ਸੇਵਾ ਉਹ ਹੀ ਕਰਦਾ ਹੈ ਜਿਸ ਦੇ ਚੰਗੇ ਭਾਗ ਹਨ, ਜਿਸ ਦੇ ਕਰਮਾਂ ਵਿਚ ਸੇਵਾ ਕਰਨਾ ਲਿਖਿਆ ਹੈ।

ਗੁਰ ਜੈਸਾ ਨਾਹੀ ਕੋ ਦੇਵ।
ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ। (ਭੈਰਉ ਮਹਲਾ ੫)

ਸਭ ਜੀਵਾਂ ਨੂੰ ਉਹ ਹੀ ਆਹਾਰ ਪਹੁੰਚਾਉਂਦਾ ਹੈ, ਉਹ ਹੀ ਉਹਨਾਂ ਦੀ ਪ੍ਰਤਿਪਾਲਨਾ ਕਰਦਾ ਹੈ। ਜੀਵਨ ਮਰਨ ਵੀ ਉਸ ਦੇ ਹੱਥ ਹੈ। ਉਹ ਮੋਇਆਂ ਨੂੰ ਜਿਵਾ ਸਕਦਾ ਹੈ। ਉਸ ਦੀ ਵਡਿਆਈ ਦਾ ਅੰਤ ਪਾਉਣ ਬਾਰੇ ਸਾਡੀ ਸੋਚ ਭਾਵੇਂ ਸੀਮਤ ਹੋਵੇ ਪਰ ਸੱਚ ਇਹ ਹੈ ਕਿ ਉਸ ਦੀ ਸੋਭਾ ਸਭ ਥਾਈ ਹੋ ਰਹੀ ਹੈ। ਉਹਦੀ ਮਹਿਮਾ ਨਿਤਾਣਿਆਂ ਦਾ ਤਾਣ ਹੋਣ ਕਰ ਕੇ ਹੈ। ਗ਼ਰੀਬਾਂ ਨੂੰ ਗੁਰੂ ਗ਼ਰੀਬ ਨਿਵਾਜ਼ ਦਾ ਹੀ ਆਸਰਾ ਹੈ। ਸਤਿਗੁਰੂ ਮੇਰਾ ਘਰ ਵੀ ਹੈ ਤੇ ਉਹ ਥਾਂ ਵੀ ਜਿਥੇ ਫ਼ਰਿਆਦ ਕੀਤੀ ਜਾ ਸਕੇ। ਸਿੱਖ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦੇ ਹਨ, ਘੋਲੀ ਜਾਂਦੇ

Sri Satguru Jagjit Singh Ji Elibrary NamdhariElibrary@gmail.com

ਹਨ ਕਿਉਂਕਿ ਜੇ ਸਤਿਗੁਰੂ ਦੀ ਕਿਰਪਾ ਨਾ ਹੁੰਦੀ ਤਾਂ ਸਹੀ ਰਸਤਾ ਜ਼ਾਹਿਰ ਨਹੀਂ ਸੀ ਹੋਣਾ। ਉਹਨੇ ਹੀ ਪ੍ਰਭੂ ਨੂੰ ਮਿਲਣ ਦਾ ਸਹੀ ਰਸਤਾ ਦੱਸਿਆ ਹੈ। ਜਿਸ ਨੂੰ ਸਤਿਗੁਰੂ ਕੀ ਕਿਰਪਾ ਨਾਲ ਪ੍ਰਭੂ ਮਿਲਾਪ ਦਾ ਰਸਤਾ ਮਿਲਿਆ ਹੈ, ਜਿਸ ਨੇ ਸਤਿਗੁਰੂ ਸੇਵਿਆ ਹੈ ਉਸ ਨੂੰ ਜਮਾਂ ਦਾ ਭਉ ਨਹੀ ਪੋਹਦਾ। ਉਸ ਨੂੰ ਸੰਸਾਰ ਦੇ ਸਰੀਰਕ, ਸਮਾਜਕ, ਆਰਥਕ ਪਦਾਰਥਕ ਦੁਖ ਕਲੇਸ਼ਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਭੈਰਉ ਰਾਗ ਦੇ ਚਉਪਦੇ ਦੇ ਅਖ਼ੀਰ ਉਤੇ ਇਹ ਲਿਖ ਕੇ ਕਿ ਸਤਿਗੁਰੂ ਕੋਈ ਹੋਰ ਨਹੀਂ, ਪ੍ਰਭੂ ਪਰਮਾਤਮਾ ਆਪ ਹੀ ਹੈ, ਦੋਵੇਂ ਇਕ ਹਨ, ਜੀਵਾਂ ਦੇ ਸਤਿਗੁਰੂ ਪ੍ਰਤੀ ਸ਼ਰਧਾ ਸਤਿਕਾਰ ਵਿਚ ਭੁਲੇਖਾ ਨਹੀਂ ਰਹਿਣ ਦੇਂਦੇ। ਇਹ ਸ੍ਰੀ ਸਤਿਗੁਰੂ ਜੀ ਦਾ ਆਪਣਾ ਹੀ ਮੱਤ ਨਹੀਂ ਸਗੋਂ ਉਹਨਾਂ ਨੇ ਵੇਦਾਂ, ਸ਼ਾਸਤਰਾਂ ਆਦਿ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਜੋ ਵਿਚਾਰ ਕੀਤਾ ਹੈ, ਉਸ ਦਾ ਨਿਚੋੜ ਹੈ। ਸੋ ਜਦੋਂ ਗੁਰ-ਪਰਮੇਸ਼ਰ ਇਕ ਹੈ ਤਾਂ ਐਡਾ ਵੱਡਾ ਕੋਈ ਹੋਰ ਦੇਵਤਾ ਨਹੀਂ ਹੈ ਜਿਹੜਾ ਆਪ ਨਰਾਇਣ ਹੋਵੇ। ਏਸੇ ਕਰ ਕੇ ਇਸ ਵਿਚ ਸੰਦੇਹ ਨਹੀ ਕਿ ਗੁਰੂ ਵਰਗਾ ਕੋਈ ਦੇਵਤਾ ਨਹੀਂ। ਉਸੇ ਦੀ ਸੇਵਾ ਕਰਨ ਵਿਚ ਲੋਕ ਪਰਲੋਕ ਦੇ ਸੁਖ ਹਨ।

Sri Satguru Jagjit SIngh Ji Elibrary NamdhariElibrary@gmail.com

ਅਜੁ ਫਰੀਦੈ ਕੂਜੜਾ ਸੈ ਕੋਹਾਂ

ਸੂਫ਼ੀ ਫ਼ਕੀਰ ਸ਼ੇਖ ਫ਼ਰੀਦ ਸੰਸਾਰ ਦੀ ਤਬਦੀਲੀ ਅਤੇ ਮਨੁੱਖੀ ਸਰੀਰਾਂ ਦੀ ਬਦਲਦੀ ਅਵਸਥਾ ਨੂੰ ਅੱਜ ਦੇ ਸੰਦਰਭ ਵਿਚ ਪੇਸ਼ ਕਰਦਿਆਂ ਬੁਢਾਪੇ ਦੇ ਚਿੰਤਨ ਨੂੰ ਸ਼ਬਦ ਰੂਪ ਦਿੰਦਾ ਹੈ। ਉਸ ਲਈ ਵੂਜ਼ੂ (ਪੰਜ ਇਸ਼ਨਾਨਾ) ਕਰਨ ਲਈ ਪਾਣੀ ਵਾਲਾ ਕੁੱਜਾ ਵੀ ਅੱਜ ਸੈਂਕੜੇ ਕੋਹਾਂ ਦੂਰ ਪਿਆ ਲੱਗਦਾ ਹੈ।

ਅੱਜ ਦਾ ਸੰਬੰਧ ਬੁੱਢੇ ਹੋਏ ਸਰੀਰ ਨਾਲ ਹੈ। ਜਿਹੜਾ ਸਰੀਰ ਅੱਜ ਬਿਰਧ ਹੋ ਗਿਆ ਹੈ ਉਸ ਨੂੰ ਕਦੀ ਇਸ ਬਾਰੇ ਚਿੱਤ ਚੇਤਾ ਵੀ ਨਹੀ ਸੀ। ਇਹ ਅਟੱਲ ਸਚਾਈ ਹੈ ਅਤੇ ਤਬਦੀਲੀ ਕੁਦਰਤ ਦਾ ਨੇਮ ਹੈ। ਤਬਦੀਲੀ ਆਮ ਤੌਰ ਉਤੇ ਚੜ੍ਹਦੇ, ਸਿਖਰ ਦੁਪਹਿਰ ਤੇ ਢਲਦੇ ਸੂਰਜ ਵਰਗੀ ਹੁੰਦੀ ਹੈ। ਚੜ੍ਹਦੇ ਸੂਰਜ ਨੂੰ ਸਲਾਮ ਕਰਨ ਦੀ ਕਹਾਵਤ ਮਸ਼ਹੂਰ ਹੈ। ਕਿਉਂਕਿ ਉਸ ਸੂਰਜ ਨੇ ਆਉਣ ਵਾਲੇ ਸਮੇਂ ਵਿਚ ਆਪਣੇ ਤੇਜ਼ ਨਾਲ ਪ੍ਰਭਾਵਿਤ ਕਰਨਾ ਹੁੰਦਾ ਹੈ। ਢਲਦੀ ਸ਼ਾਮ ਨੇ ਭੁਲੇਖਾ ਪਾਉਣਾ ਹੁੰਦਾ ਹੈ। ਉਹ ਭੁਲੇਖਾ ਸ਼ਾਮ ਸਮੇਂ ਨੂੰ ਆਪਣਾ ਪਰਛਾਵਾਂ ਲੰਮਾ ਹੋਣ ਦਾ ਹੀ ਪੈ ਜਾਂਦਾ ਹੈ ਕਿ ਮੈਂ ਤਾਕਤਵਰ ਹਾਂ, ਮੈਂ ਆਪਣੇ ਆਪ ਨੂੰ ਕਮਜ਼ੋਰ ਕਿਉਂ ਸਮਝਾਂ।

ਬੁਢਾਪੇ ਵਿਚ ਆਪਣੀਆਂ ਮਾਰੀਆਂ ਤੇਗਾਂ ਦਾ ਵੀ ਮਾਣ ਹੁੰਦਾ ਹੈ। ਮਨੁੱਖ ਗਿਣ-ਗਿਣ ਕੇ ਦੱਸਦਾ ਹੈ ਕਿੰਨੀਆਂ ਕਢਾਈਆਂ ਕੱਢੀਆਂ, ਕਿੰਨੀਆਂ ਪੜ੍ਹਾਈਆਂ ਕੀਤੀਆਂ, ਕਿੰਨੇ ਅਖਾੜੇ ਜਿੱਤੇ, ਕਿੰਨਿਆਂ ਨੂੰ ਹਰਾਇਆ, ਕਿੰਨੇ ਲੰਮੇ ਪੈਂਡੇ ਤੁਰ ਕੇ ਕੀਤੇ। ਨਾ ਅੱਕਣਾ, ਨਾ ਥੱਕਣਾ, ਨਾ ਸੁਸਤੀ, ਨਾ ਪ੍ਰੇਸ਼ਾਨੀ।

ਪਰ ਅੱਜ ਜਦੋਂ ਮੰਜੀ ਉਤੇ ਪਾਸਾ ਪਰਤਣ ਲੱਗਿਆਂ ਹਾਏ ਨਿਕਲੇ, ਅੱਜ ਜਦੋਂ ਬੈਠਿਆਂ ਉਠਣ ਲੱਗਿਆਂ ਜ਼ਮੀਨ 'ਤੇ ਹੱਥ ਰੱਖਿਆਂ ਵੀ ਕਸੀਸ ਵੱਟਣੀ ਪੈ ਜਾਏ, ਅੱਜ ਜਦੋਂ ਗੋਡੇ ਸਿੱਧੇ ਤੇ ਕਾਹਲਾ ਨਾ ਤੁਰ ਸਕਣ, ਅੱਜ ਜਦੋਂ ਨਾ ਲੂਣ ਹਜ਼ਮ ਹੋਵੇ, ਨਾ ਮਿੱਠਾ, ਨਾ ਖਿੰਧਾ ਤਾਂ ਆਪਣੇ ਆਪ 'ਤੇ ਵੀ ਇਤਬਾਰ ਨਹੀਂ ਹੁੰਦਾ ਕਿ ਕੀ ਇਹ ਮੈਂ ਹੀ ਹਾਂ? ਜੇ ਕਿਸੇ ਨੂੰ ਕੋਈ ਦੱਸੇ ਕਿ ਮੈਂ ਕਮਾਲ ਕਰਦਾ ਰਿਹਾ ਹਾਂ ਤਾਂ ਉਹ ਸਮਝਦੇ ਹਨ ਬੇਬੇ-ਬਾਬੇ ਦੇ ਦਿਮਾਗ਼ ਦਾ ਕੋਈ ਪੇਚ ਢਿੱਲਾ ਹੈ। ਇਹ ਸਮਝਾਉਣਾ ਬੜਾ ਔਖਾ ਹੁੰਦਾ ਹੈ ਕਿ ਕੋਈ ਬੁੱਢਾ ਨਹੀ ਜੰਮਦਾ। ਇਹ ਤਾਂ ਸਮਾਂ ਹੈ ਜੋ ਬੰਦੇ ਦੀ ਉਮਰ ਤੇ ਤਾਕਤ ਘਟਾਈਂ ਦਾ ਹੈ। ਮਾਂ ਤਾਂ ਸ਼ੁਰੂ ਤੋਂ ਹੀ ਭੁਲੇਖੇ ਦਾ ਸ਼ਿਕਾਰ ਰਹਿੰਦੀ ਹੈ ਕਿ ਉਸ ਦਾ ਪੁੱਤ ਵੱਡਾ ਹੋ ਰਿਹਾ ਹੈ ਪਰ ਉਮਰ ਘੱਟ ਰਹੀ ਹੁੰਦੀ ਹੈ। ਭਗਤ ਕਬੀਰ ਜੀ ਲਿਖਦੇ ਹਨ:

Sri Satguru Jagjit Singh Ji Elibrary NamdhariElibrary@gmail.com

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥

ਹਰ ਪਦਾਰਥ ਦੀ ਤੇ ਜੀਵਾਂ ਦੀ ਉਮਰ ਹੁੰਦੀ ਹੈ, ਤੇਜ਼-ਪ੍ਰਤਾਪ ਘਟਨਾ ਹੀ ਹੁੰਦਾ ਹੈ ਪਰ ਜੁਆਨੀ ਵੇਲੇ ਕੋਈ ਨਹੀ ਸੋਚਦਾ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬੰਦੇ ਨੂੰ ਸਿੱਖਿਆ ਦੇਣ ਲਈ ਬਾਣੀ ਵਿਚ ਲਿਖਿਆ ਹੈ ਜਵਾਨੀ ਹੀ ਨਹੀਂ, ਧਨ ਤੇ ਫੁੱਲ ਵੀ ਸਦਾ ਇਕੋ ਰੰਗ ਵਿਚ ਨਹੀ ਰਹਿੰਦੇ। ਉਹ ਚਾਰ ਦਿਨ ਦੇ ਪ੍ਰਾਹੁਣੇ ਹਨ।

ਧਨ, ਜੰਮਦਿਆਂ ਥੋੜ੍ਹਾ ਕਿਸੇ ਕੋਲ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਅਮੀਰਾਂ ਦੇ ਬੱਚਿਆਂ ਨੂੰ ਮੂੰਹ ਵਿਚ ਚਾਂਦੀ ਦਾ ਚਿਮਚਾ ਲੈ ਕੇ ਜੰਮਦੇ ਕਿਹਾ ਜਾਂਦਾ ਹੈ ਪਰ ਕਈਆਂ ਨੇ ਹੱਡ ਭੰਨ ਕੇ ਕਮਾਇਆ ਹੁੰਦਾ ਹੈ। ਜੇ ਵੇਖਿਆ ਜਾਏ ਕਿ ਕੌਣ ਮਿਹਨਤ ਨਹੀਂ ਕਰਦਾ। ਮਜ਼ਦੂਰ, ਰਿਕਸ਼ਾ ਖਿੱਚਣ ਵਾਲਾ, ਭਾਰ ਢੋਣ ਵਾਲਾ ਸਭ ਮਿਹਨਤ ਕਰਦੇ ਹਨ ਪਰ ਜਿਨ੍ਹਾਂ ਦੀ ਕਿਸਮਤ ਚੰਗੀ ਹੁੰਦੀ ਹੈ ਜਾਂ ਦਾਅ ਲੱਗ ਜਾਂਦਾ ਹੈ, ਉਹਲਾਂ ਦੇ ਭੁੱਜੇ ਵੀ ਉਗ ਪੈਂਦੇ ਹਨ। ਜਿਨ੍ਹਾਂ ਕੋਲ ਮਾਇਆ ਰਹਿੰਦੀ ਹੈ, ਉਹ ਵੀ ਪੀੜ੍ਹੀਆਂ ਤਕ ਉਸ ਦਾ ਸੁਖ ਨਹੀ ਲੈ ਸਕਦੇ ਕਿਉਂਕਿ ਕੋਈ ਗਵਾਉਣ ਵਾਲਾ ਜੰਮ ਹੀ ਪੈਂਦਾ ਹੈ।

ਫੁੱਲ ਦੀ ਉਮਰ ਬਹੁਤ ਥੋੜ੍ਹੀ ਹੈ ਤੇ ਕੁਮਲਾ ਵੀ ਜਾਂਦਾ ਹੈ।

ਜਵਾਨੀ ਤਾਂ ਚਾਰ ਦਿਨ ਦੀ ਚਾਨਣੀ ਫੇਰ ਅੰਧਿਆਰੀ ਰਾਤ ਹੈ। ਇਸ ਨੂੰ ਰੋਕਣ ਲਈ ਹੱਥ-ਪੈਰ ਮਾਰੀਦੇ ਹਨ। ਅੱਖਾਂ ਕਮਜ਼ੋਰ ਹੋ ਜਾਣ ਤਾਂ ਐਨਕ ਲਾ ਲਈਦੀ ਹੈ, ਦੰਦ ਜਵਾਬ ਦੇ ਜਾਣ ਤਾਂ ਨਵੇ, ਨਕਲੀ ਲੁਆ ਲਈ ਦੇ ਹਨ। ਜੇ ਸੁਣਨਾ ਸੌਖਾ ਨਾ ਰਹੇ ਤਾਂ ਕੰਨਾਂ ਵਿਚ ਮਸ਼ੀਨ ਲੁਆ ਲਈ ਦੀ ਹੈ। ਜੇ ਧੌਲੇ ਆਉਣ ਲੱਗ ਜਾਣ ਤਾਂ ਵਾਲ ਕਾਲੇ ਕਰੀਦੇ ਹਨ, ਏਥੋਂ ਤਕ ਕਿ ਜੇ ਗੋਡੇ ਜੁਆਬ ਦੇ ਜਾਣ ਤਾਂ ਨਵੇਂ ਪੁਆ ਲਈਦੇ ਹਨ ਤੇ ਹੋਰ ਕੁਝ ਵੀ ਪਰ ਸਮਾਂ ਰੁਕਦਾ ਨਹੀਂ। ਬਾਣੀ ਵਿਚ ਆਇਆ ਹੈ :—

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥ (ਮਹਲਾ 1)

ਮੁੱਖ ਤੌਰ ਉਤੇ ਬੁਢਾਪੇ ਲਈ ਦਿਸਦੀ ਨਿਸ਼ਾਨੀ ਕੇਸਾਂ ਦਾ ਬਦਲਦਾ ਰੰਗ ਹੈ। ਸਰੀਰ ਦਾ ਗੋਰਾ ਰੰਗ ਵੀ ਕਾਲੇ ਜਹਿ ਵਿਚ ਵੱਟ ਜਾਂਦਾ ਏ। ਦਸਵੇਂ ਪਾਤਸ਼ਾਹ ਨੇ ਤ੍ਰਿਆ ਚਰਿਤ੍ਰ ਵਿਚ ਲਿਖਿਆ ਹੈ ਜਵਾਨੀ ਜਾਂਦੀ ਦਿਸ ਰਹੀ ਹੈ :

–ਬਿਰਧ ਤਰੁਨਿ ਤੇ ਹ੍ਵੈ ਗਈ ਭਈ ਗੋਰਿ ਤੇ ਸਯਾਮ।

–ਬਿਰਧਪਨੁ ਐ ਹੈ ਤਰਨਾ ਪਰ ਜਾਇ ਹੈ।

Sri Satguru Jagjit Singh Ji Elibrary NamdhariElibrary@gmail.com

ਬਿਰਧ ਦਾ ਅਰਥ ਕੇਵਲ ਬੁੱਢਾ ਹੋਣਾ ਨਹੀ। ਇਸ ਦਾ ਅਰਥ ਵਾਧਾ ਹੈ ਬ੍ਰਿਧੀ ਹੋਣਾ। ਪਰ ਜੁਆਨੀ ਬਾਅਦ ਉਮਰ ਵਧਣ ਨਾਲ ਆਉਂਦੀ ਕਮਜ਼ੋਰੀ ਹੀ ਬੁਢਾਪਾ ਅਖਵਾਉਣ ਲੱਗ ਪੈਂਦੀ ਹੈ। ਚੰਗੇ ਕਰਮਾਂ ਵਾਲੇ ਇਸ ਦਾ ਸੁਖ ਲੈਂਦੇ ਹਨ ਕਿਉਂਕਿ ਸੱਜਣ ਮਿੱਤਰ ਬੈਠਿਆਂ ਨੂੰ ਪੱਕੀ ਪਕਾਈ ਦੇਂਦੇ ਹਨ :—

ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਨ ਕਉ ਦੈਨ ॥ (ਮਹਲਾ 5)

ਗੁਰਬਾਣੀ ਵਿਚ ਦਸ-ਦਸ ਸਾਲਾਂ ਦੀ ਵੰਡ ਕਰ ਕੇ ਬਚਪਨ, ਜੁਆਨੀ, ਸੁਹੱਪਣ, ਜੋਸ਼ ਤੇ ਅਕਲਮੰਦੀ ਨਾਲ ਭਰਪੂਰ ਕਮਜ਼ੋਰੀ ਤੇ ਬੁਢਾਪੇ ਨੂੰ ਸੱਠ ਸਾਲ ਦੀ ਉਮਰ ਤੱਕ ਇੰਜ ਵੰਡਿਆ ਹੈ :—

ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ
ਸਠੀ ਕੇ ਬੋਢੇਪਾ ਆਵੈ ॥ (ਮਹਲਾ 1)

ਮੁੱਖ ਸਮਝ ਸੂਝ ਵਾਲੀ ਉਮਰ ਦੀ ਵੰਡ ਜਵਾਨੀ ਤੇ ਬੁਢਾਪਾ ਹੈ। ਸ਼ੇਖ ਫ਼ਰੀਦ ਜੀ ਆਪਣੇ ਇਕ ਸਲੋਕ ਵਿਚ ਜਵਾਨੀ ਸਮੇਂ ਧਰਮ ਦੇ ਪ੍ਰਚਾਰ ਲਈ ਕੀਤੀਆ ਯਾਤਰਾਵਾਂ-ਮੈਦਾਨੀ ਤੇ ਪਹਾੜੀ-ਲਈ ਜਿਥੇ ਉਦਮ ਨੂੰ ਨਹੀਂ ਨਕਾਰਦੇ ਉਥੇ ਲੱਤਾਂ ਦਾ ਜ਼ਿਕਰ ਕਰਦੇ ਹਨ। ਜਿਨ੍ਹਾਂ ਦੀ ਮਦਦ ਨਾਲ ਧਰਤੀ ਤੇ ਪਰਬਤ ਫਿਰੇ। ਕਈ ਸੈਲਾਨੀ ਸੈਰ ਕਰਨ ਲਈ ਵੀ ਇਹਨੀ ਥਾਈ ਜਾਂਦੇ ਹਨ। ਫ਼ਰੀਦ ਜੀ ਦੇ ਸਮੇਂ ਆਵਾਜਾਈ ਦੇ ਸਾਧਨ ਊਠ, ਘੋੜੇ ਆਦਿ ਪਸ਼ੂ ਜਾਂ ਕਿਸੇ ਕੋਲ ਗੱਡੇ, ਬੈਲ ਹੁੰਦੇ ਸੋਚੇ ਜਾ ਸਕਦੇ ਹਨ ਪਰ ਆਮ ਤੌਰ ਉਤੇ ਪੈਦਲ ਤੁਰਨ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ ਪਰ ਵਡੇਰੀ ਉਮਰ ਵਿਚ ਬਹੁਤ ਤੇ ਤੇਜ਼ ਤੁਰਿਆ ਨਹੀ ਜਾ ਸਕਦਾ। ਉਸ ਵੇਲੇ ਹੁਣ ਵਰਗੇ ਹਵਾਈ ਜਹਾਜ਼, ਬੱਸਾਂ, ਗੱਡੀਆਂ, ਕਾਰਾਂ, ਸਕੂਟਰਾਂ ਵਰਗੇ ਆਵਾਜਾਈ ਦੇ ਸਾਧਨ ਤਾਂ ਹੈ ਨਹੀ ਸਨ। ਸੋ ਜਦ ਤੁਰਿਆ ਨਾ ਜਾਏ ਤਾਂ ਔਖ ਹੋ ਹੀ ਜਾਣੀ ਸੀ। ਨੇੜੇ ਪਈ ਚੀਜ਼ ਚੁੱਕਣੀ ਵੀ ਔਖੀ ਹੋਣੀ ਸੀ ਤਾਂ ਹੀ ਉਹਨਾਂ ਲਿਖਿਆ ਹੈ :-

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥

ਪਰ ਇਹ ਤਬਦੀਲੀ ਫ਼ਰੀਦ ਨੂੰ ਨਿਰਾਸ਼ਵਾਦੀ ਨਹੀ ਬਣਾਉਂਦੀ, ਸਗੋਂ ਉਸ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰਦੀ ਹੈ। ਉਹਨਾਂ ਨੂੰ ਆਪਣੀ ਜ਼ਿੰਦਗੀ ਦੇ ਹੰਢਾਏ ਗਏ ਸਾਲਾਂ ਉਤੇ ਤਸੱਲੀ ਹੈ। ਏਸੇ ਕਰ ਕੇ ਉਹਨਾਂ ਲਿਖਿਆ ਹੈ ਕਿ ਅੰਤ ਨੂੰ ਸਰੀਰ ਨੇ ਖਾਕ ਦੀ ਢੇਰੀ ਬਣ ਹੀ ਜਾਣਾ ਹੈ, ਭਾਵ ਮਰ ਕੇ ਮਿੱਟੀ ਵਿਚ ਮਿਲ ਜਾਣਾ ਹੈ ਤਾਂ ਫਿਰ ਵਾਧੂ ਚਿੰਤਾ ਕਿਉਂ ਕਰੀਏ :-

Sri Satguru Jagjit SIngh Ji Elibrary NamdhariElibrary@gmail.com

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥
ਜੇ ਸਉ ਵਰਿਆ ਜੀਵਣਾ ਭੀ ਤਨੁ ਹੋਸੀ ਖੇਹ॥

ਇਸ ਕੁਦਰਤ ਤੇ ਤਬਦੀਲੀ ਦੇ ਨੇਮ ਦਾ ਕਈ ਤਾਂ ਖਿੜੇ ਮੱਥੇ ਸੁਆਗਤ ਕਰਦੇ ਹਨ ਤੇ ਕਹਿੰਦੇ ਹਨ, ਇਹ ਦੁਖ-ਤਕਲੀਫ, ਚਾਲ-ਢਾਲ, ਬੋਲ-ਬਾਣੀ, ਵੇਖਣ-ਸੁਣਨ ਵਿਚ ਫਰਕ ਬੁਢਾਪੇ ਦੇ ਗਹਿਣੇ ਹਨ। ਕਈ ਨਿਰਾਸ਼ਾਵਾਦੀ ਉਲਾਂਭੇ ਹੀ ਪੱਲੇ ਬੰਨ੍ਹੀ ਫਿਰਦੇ ਹਨ; ਰੱਬ ਨੂੰ ਉਲਾਂਭਾ, ਰਿਸ਼ਤੇਦਾਰਾਂ ਨੂੰ ਉਲਾਂਭਾ, ਡਾਕਟਰਾਂ ਤੇ ਮਿੱਤਰ ਪਿਆਰਿਆ ਨੂੰ ਉਲਾਂਭਾ ਕਿ ਕੋਈ ਉਹਨਾਂ ਦਾ ਧਿਆਨ ਨਹੀ ਰੱਖਦਾ। ਉਹਨਾਂ ਲਈ ਸਭ ਮਰ ਗਏ।

ਉਹ ਆਪਣੇ ਆਪ ਨੂੰ ਇਹ ਸੁਆਲ ਨਹੀਂ ਪੁੱਛਣਾ ਚਾਹੁੰਦੇ :—

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ (ਮਹਲਾ ੯)

ਉਮਰ ਦੇ ਇਸ ਆਖ਼ਰੀ ਪੜਾਅ ਉਤੇ ਵੀ ਉਹ ਭਜਨ ਬੰਦਗੀ ਨਹੀ ਕਰਦੇ, ਬਾਣੀ ਨਹੀਂ ਪੜ੍ਹਦੇ, ਮਨ ਨੂੰ ਟਿਕਾਉਣ ਵਾਲੀਆ ਕਥਾ ਵਾਰਤਾਵਾਂ ਨਹੀ ਸੁਣਦੇ। ਉਹਨਾਂ ਨੂੰ ਇਸ ਗੱਲ ਦਾ ਖ਼ਿਆਲ ਹੀ ਨਹੀ ਹੁੰਦਾ ਕਿ ਸਰੀਰ ਨੇ ਤਾਂ ਆਪਣੇ ਭੋਗ ਭੋਗਣੇ ਹਨ। ਕੋਈ ਸਰੀਰਕ ਦੁੱਖ ਤਕਲੀਫ ਨੂੰ ਵੰਡਾ ਨਹੀ ਸਕਦਾ, ਬੁਢਾਪਾ ਘੱਟ ਨਹੀਂ ਸਕਦਾ ਪਰ ਭਜਨ ਬੰਦਗੀ ਕਰਿਆਂ ਆਤਮਾ ਜ਼ਰੂਰ ਬਲਵਾਨ ਹੋ ਸਕਦੀ ਹੈ। ਮਨ ਸ਼ਕਤੀਸ਼ਾਲੀ ਹੋ ਸਕਦਾ ਹੈ। ਦੁੱਖ ਕਲੇਸ਼ ਨੂੰ ਸਹਿਣ ਤੇ ਦਲੇਰੀ ਨਾਲ ਉਮਰ ਦੇ ਰਹਿੰਦੇ ਵਰ੍ਹੇ ਜਿਉਣ ਲਈ ਤਾਕਤ ਮਿਲ ਸਕਦੀ ਹੈ। ਫਿਰ ਕੂੰਜਾ ਭਾਵੇਂ ਸੌ ਕੋਹ ਦੂਰ ਲੱਗੇ ਮਨ ਨੂੰ ਕਿਉਂ ਡੁਲਾਉਂਦਾ!

Sri Satguru Jagjit SIngh Ji Elibrary NamdhariElibrary@gmail.com

ਬਿਰਧਿ ਭਇਆ ਤਨੁ ਛੀਜੈ

ਜਗਤ ਦੀ ਹਰ ਵਸਤੂ ਤੇ ਜੀਵ ਜੰਤੂ ਪਰਿਵਰਤਨਸ਼ੀਲ ਹਨ। ਹਰ ਇਕ ਦੀ ਇਕ ਨਿਸਚਿਤ ਉਮਰ ਵੀ ਹੈ। ਪਰਿਵਰਤਨਸ਼ੀਲ ਵਸਤੂਆਂ ਨੇ ਕੁਦਰਤੀ ਹੈ, ਇਕੋ ਜਿਹੀਆਂ ਨਹੀਂ ਰਹਿਣਾ। ਉਹਨਾਂ ਦੇ ਬਣਨ, ਉੱਗਣ, ਪੈਦਾ ਹੋਣ ਤੋਂ ਬਾਅਦ ਉਹਨਾਂ ਵਿਚ ਆਉਂਦੀ ਤਬਦੀਲੀ ਉਹਨਾਂ ਨੂੰ ਨਵੇਂ ਵਰਗਾ ਨਹੀਂ ਰਹਿਣ ਦੇਂਦੀ। ਨਵੇਂ ਰਹਿਣ ਦੀ ਉਮਰ ਵੀ ਲੰਮੀ ਨਹੀਂ ਹੁੰਦੀ-ਨਵਾਂ ਨੌਂ ਦਿਨ ਪੁਰਾਣਾ ਸੌ ਦਿਨ। ਪੁਰਾਣਾ ਹੁੰਦੇ ਦੀ ਉਮਰ ਦੇ ਆਖ਼ਰੀ ਪੜਾਅ 'ਤੇ ਪਹੁੰਚਣ ਦੀ ਅਵਸਥਾ ਬੁਢਾਪਾ ਹੈ। ਮਨੁੱਖ ਨਿੱਤ ਬੁੱਢੇ ਹੁੰਦੇ, ਰੁੱਖ-ਦਰਖ਼ਤ, ਫਲ-ਬੂਟੇ, ਪਸ਼ੂ-ਪੰਛੀ ਵੇਖਦਾ ਹੈ ਅਤੇ ਆਪਣੇ ਪਿੰਡੇ 'ਤੇ ਵੀ ਬੁਢਾਪੇ ਦੇ ਪੈਂਦੇ ਪ੍ਰਭਾਵ ਨੂੰ ਹੰਢਾਉਂਦਾ ਹੈ।

ਮਨੁੱਖ ਆਪਣੇ ਹੱਥੀਂ ਬੀਜੇ ਬੀਜ ਦੀਆਂ ਵਧਦੀਆਂ ਕਰੂੰਬਲਾਂ ਤੋਂ ਬਣਦੇ ਬ੍ਰਿਛ ਬੂਟੇ ਵੇਖਦਾ ਹੈ। ਫਿਰ ਜਿਸ ਪਾਣੀ, ਖਾਦ ਨਾਲ ਉਹਨਾਂ ਦਾ ਵਧਣ ਫੁੱਲਣ ਦਾ ਚੱਕਰ ਚਲਦਾ ਰਹਿੰਦਾ ਹੈ, ਉਸੇ ਨੂੰ ਪਾਉਂਦਿਆਂ-ਪਾਉਂਦਿਆਂ ਉਹਨਾਂ ਦਾ ਵਿਕਾਸ ਰੁਕ ਜਾਂਦਾ ਹੈ, ਉਹ ਖੜ੍ਹੇ ਖੜੋਤੇ ਸੁੱਕ ਜਾਂਦੇ ਹਨ ਤੇ ਆਪਣੀ ਵਾਰੀ ਪੁਗਾ ਜਾਂਦੇ ਹਨ। ਇੰਜ ਹੀ ਘਰ ਪਾਲੇ ਪਸ਼ੂਆਂ ਤੇ ਬਣਾਏ ਮਕਾਨਾਂ ਨੂੰ ਵੀ ਮਨੁੱਖ ਵੇਖਦਾ ਹੈ ਕਿ ਇਕ ਦਿਲ ਉਹ ਬੁੱਢੇ ਹੋ ਜਾਂਦੇ ਹਨ ਤੇ ਖੰਡਰ ਬਣ ਜਾਂਦੇ ਹਨ।

ਮਨੁੱਖ ਜੇ ਕਿਸੇ ਵੇਲੇ ਸੋਚਦਾ ਹੈ ਕਿ ਇਹ ਕਿਉਂ ਤੇ ਕਿਵੇਂ ਹੁੰਦਾ ਹੈ ਤਾਂ ਉਹ ਇਸ ਤੋਂ ਵਧ ਨਿਰਨੇ 'ਤੇ ਨਹੀਂ ਪਹੁੰਚ ਸਕਦਾ ਕਿ ਇਹ ਕੁਦਰਤ ਦਾ ਨੇਮ ਹੈ। ਹਾਂ ਕੁਦਰਤ ਦੀ ਤਬਦੀਲੀ ਨੂੰ ਸਵੀਕਾਰ ਕਰਨ ਵਾਲਾ ਮਨੁੱਖ ਸਹਿਜ ਰਹਿੰਦਾ ਹੈ।

ਬਚਪਨ ਵਿਚ ਤਾਂ ਉਹ ਪ੍ਰਾਧਨੀ ਹੁੰਦਾ ਹੈ ਜਿਵੇਂ ਚਲਾਇਆ ਜਾਂਦਾ ਹੈ, ਚੱਲਦਾ ਹੈ। ਜੋ ਮਿਲਦਾ ਹੈ ਖਾ-ਪੀ, ਪਹਿਣ ਲੈਂਦਾ ਹੈ। ਜਿੱਥੇ ਰੱਖਿਆ ਜਾਂਦਾ ਹੈ ਰਹਿ ਜਾਂਦਾ ਹੈ। ਜਵਾਨੀ ਵੇਲੇ ਉਹ ਬੌਧਿਕ ਵਿਕਾਸ ਕਾਰਨ ਆਪਣੇ ਆਪ ਨੂੰ ਸਿਆਣਾ ਸਮਝਣ ਲੱਗ ਪੈਂਦਾ ਹੈ ਤੇ ਆਪਣੀ ਮਰਜ਼ੀ ਕਰਨਾ ਚਾਹੁੰਦਾ ਹੈ। ਉਹ ਹਵਾਈ ਕਿਲ੍ਹੇ ਉਸਾਰਦਾ ਹੈ ਅਤੇ ਜਿਸ ਸਥਿਤੀ ਤੇ ਪ੍ਰਾਪਤੀ ਬਾਰੇ ਉਸ ਦੀ ਪਹੁੰਚ ਨਹੀਂ ਹੋ ਸਕਦੀ, ਉਸ ਬਾਰੇ ਵੀ ਆਪਣੀ ਹਾਰ ਸਵੀਕਾਰ ਨਹੀਂ ਕਰਦਾ। ਜਦੋਂ ਬੁਢਾਪੇ ਦੀ ਨਿਸ਼ਾਨੀ ਧੌਲੇ ਆ ਕੇ ਦਸਤਕ ਦੇਂਦੇ ਹਨ ਤਾਂ ਉਹਨਾਂ ਦੀ ਅਵਾਜ਼ ਨਹੀਂ ਸੁਣਨਾ ਚਾਹੁੰਦਾ। ਉਹ ਇਸ ਤਬਦੀਲੀ ਨੂੰ ਬਦਲਣ ਦਾ ਰਾਹ ਲੱਭਦਾ ਹੈ। ਉਹ ਉਹਨਾਂ ਨੂੰ ਆਉਣੋਂ ਰੋਕ ਤਾਂ ਨਹੀਂ ਸਕਦਾ ਪਰ ਉਹਨਾਂ ਨੂੰ ਅੱਖੋਂ ਓਹਲੇ ਰੱਖਣਾ ਚਾਹੁੰਦਾ ਹੈ।

ਇੱਕਾ ਦੁੱਕਾ ਨਵੇਂ-ਨਵੇਂ ਆਏ ਧੌਲਿਆਂ ਨੂੰ ਉਹ ਸ਼ੀਸ਼ੇ ਸਾਮ੍ਹਣੇ ਬੈਠ ਕੇ ਪੁੱਟਦਾ ਹੈ ਤੇ ਜਦ ਉਹ ਹੜ੍ਹ ਦੇ ਪਾਣੀ ਵਾਂਗ ਆਉਂਦੇ ਹਨ ਤਾਂ ਉਹਨਾਂ ਨੂੰ ਰੰਗਦਾ ਹੈ

Sri Satguru Jagjit Singh Ji Elibrary NamdhariElibrary@gmail.com

ਮਹਿੰਦੀ, ਵਸਮੇ ਜਾਂ ਕਿਸੇ ਹੋਰ ਸਾਧਨ ਨਾਲ। ਅਸਲ ਵਿਚ ਉਹ ਵਾਧੂ ਚਿੰਤਾ, ਭੈ ਨੂੰ ਸੱਦਾ ਦੇ ਬੈਠਦਾ ਹੈ ਕਿ ਉਹ ਬੁੱਢਾ ਹੋ ਚੱਲਿਆ ਹੈ ਹੁਣ ਉਸ ਦਾ ਕੀ ਬਣੇਗਾ ? ਉਸ ਦਾ ਜੁਆਨੀ ਦਾ ਪ੍ਰਭਾਵ ਖ਼ਤਮ ਹੋ ਜਾਏਗਾ। ਉਸ ਦਾ ਰੋਅਬ-ਦਾਬ ਕਾਇਮ ਨਹੀਂ ਰਹੇਗਾ, ਉਹ ਪਿਛਾਂਹ ਪੈ ਜਾਏਗਾ ਪਰ ਨਾ ਤਾਂ ਉਸ ਦੇ ਕਰਨ ਨਾਲ ਕੁਦਰਤੀ ਹੋ ਰਹੀ ਤਬਦੀਲੀ ਰੁਕਦੀ ਹੈ, ਨਾ ਵਾਲ ਰੰਗਿਆਂ ਕੁਦਰਤੀ ਵਾਲ ਹੋਣ ਦਾ ਪ੍ਰਭਾਵ ਪੈਂਦਾ ਹੈ ਹਾਂ ਫੋਟੋ ਵਿਚ ਭੁਲੇਖਾ ਪੈ ਸਕਦਾ ਹੈ ਜਾਂ ਉਹ ਵਕਤੀ ਤੌਰ 'ਤੇ ਆਪ ਖ਼ੁਸ਼ ਹੋ ਸਕਦਾ ਹੈ ਕਿ ਮੈਂ ਅਜੇ ਜਵਾਨ ਹਾਂ। ਪਰ ਇਹ ਖ਼ੁਸ਼ੀ ਤੇ ਪਛਾਣ ਵੀ ਉਸ ਦੀ ਉਦੋਂ ਕਾਇਮ ਨਹੀਂ ਰਹਿੰਦੀ ਜਦੋਂ ਉਸ ਦੇ ਆਪਣੇ ਬੱਚੇ ਉਸ ਦੇ ਹਾਣ ਦੇ ਲੱਗਣ ਲੱਗਦੇ ਹਨ। ਉਹਨਾਂ ਨੂੰ ਕਾਰ-ਵਿਹਾਰ ਲਾਉਣ, ਉਹਨਾਂ ਦੇ ਘਰ-ਬਾਰ ਬਣਾਉਣ, ਉਹਨਾਂ ਦਾ ਵਿਆਹ ਕਰਨ ਉਹ ਤੁਰ ਪੈਂਦਾ ਹੈ। ਉਸ ਵੇਲੇ ਉਸ ਤੋਂ ਆਸ ਕੀਤੀ ਜਾਂਦੀ ਹੈ, ਉਹ ਬਜ਼ੁਰਗੀ ਵਿਚ ਪੈਰ ਧਰਨਾ ਸਵੀਕਾਰ ਕਰੇ ਪਰ ਨਹੀਂ ਕਰਦਾ। ਕਰਮ ਇੰਦਰੇ ਵੀ ਉਸ ਨੂੰ ਬੁਢਾਪੇ ਦਾ ਅਹਿਸਾ ਕਰਵਾਉਂਦੇ ਹਨ—ਉਸ ਦਾ ਦਿਸਣਾ, ਸੁਣਨਾ ਘੱਟ ਜਾਂਦਾ ਹੈ। ਉਸ ਦੇ ਦੰਦ ਭੁਰਨ ਤੇ ਡਿੱਗਣ ਲੱਗਦੇ ਹਨ। ਉਸ ਦੇ ਗੋਡੇ ਦੱਸਦੇ ਹਨ ਤੁਰਨਾ ਸੌਖਾ ਨਹੀਂ, ਬੋਲ ਥਿੜਕਣ ਲੱਗਦਾ ਹੈ। ਸਰੀਰਕ ਸ਼ਕਤੀ ਵਿਚ ਸਾਫ਼ ਕਮੀ ਆਉਂਦੀ ਨਜ਼ਰ ਪੈਂਦੀ ਹੈ।

ਕੋਈ ਹੋਰ ਕਹਿੰਦਾ ਹੈ ਕਿ ਨਹੀਂ ਐਵੇਂ ਕਮਜ਼ੋਰੀ ਆ ਗਈ ਹੈ। ਡਾਕਟਰਾਂ ਕੋਲ ਗਿਆਂ ਕੋਈ ਲੂਣ ਬੰਦ ਕਰਦਾ ਹੈ, ਕੋਈ ਤੇਲ, ਕੋਈ ਮਿੱਠਾ, ਕੋਈ ਤਲੀਆਂ ਚੀਜ਼ਾਂ ਤੇ ਕੋਈ ਕੁਝ ਹੋਰ ਪਰ ਮੰਨਣ 'ਤੇ ਜੀਅ ਨਹੀ ਕਰਦਾ ਕਿ ਸਾਡੀ ਮਸ਼ੀਨਰੀ ਦਾ ਗਰੰਟੀ ਪੀਰੀਅਡ ਮੁੱਕ ਰਿਹਾ ਹੈ। ਨੌਕਰੀ ਕਰਨ ਵਾਲੇ 58-60 ਸਾਲ ਦੀ ਉਮਰ ਵਿਚ ਰਿਟਾਇਰ ਹੋ ਜਾਂਦੇ ਹਨ। ਉਹ ਸਮਝਦੇ ਹਨ ਅਜੇ ਜਵਾਨ ਹਨ ਪਰ ਝੁਰੜੀਆਂ ਦਾ ਕੀ ਕਰਨ। ਬੁਢਾਪਾ ਐਨਾ ਮਾੜਾ ਨਹੀਂ ਕਿ ਉਸ ਤੋਂ ਖ਼ੌਫ਼-ਜ਼ਦਾ ਹੋਇਆ ਜਾਵੇ। ਨਾ ਹੀ ਇਹ ਐਨਾ ਚੰਗਾ ਹੈ ਕਿ ਇਸ ਨੂੰ ਸਭ ਸੁਖਾਂ ਦਾ ਮੂਲ ਸਮਝਿਆ ਜਾਵੇ ਪਰ ਇਹ ਜ਼ਰੂਰ ਹੈ ਕਿ ਜਿਸ ਤਰ੍ਹਾਂ ਦਾ ਮਨੁੱਖ ਇਸ ਬਾਰੇ ਚਿਤਵੇਗਾ ਉਸ ਤਰ੍ਹਾਂ ਦਾ ਸੁਖ ਜਾਂ ਦੁਖ ਇਸ ਦਾ ਨਜ਼ਰ ਆਏਗਾ। ਆਸ਼ਾਵਾਦੀ ਸੋਚੇਗਾ ਅੱਧਾ ਗਲਾਸ ਭਰਿਆ ਹੈ, ਨਿਰਾਸ਼ਾਵਾਦੀ ਸੋਚੇਗਾ ਅੱਧਾ ਗਲਾਸ ਖ਼ਾਲੀ ਹੈ।

ਬੁਢਾਪਾ ਉਂਜ ਬੀਤੇ ਸਮੇਂ ਦਾ ਵਰਤਮਾਨ ਰੂਪ ਹੁੰਦਾ ਹੈ। ਇਹ ਨਹੀਂ ਕਿ ਬੁਢਾਪੇ ਵਿਚ ਹੀ ਕਿਸੇ ਦਾ ਸੁਭਾ ਜ਼ਿੱਦੀ, ਗੁਸੈਲ, ਅੜੀਅਲ, ਕੰਜੂਸ, ਬੜਬੋਲਾ, ਲੜਾਕਾ ਹੋ ਜਾਂਦਾ ਹੈ। ਉਹ ਜਵਾਨੀ ਵਿਚ ਵੀ ਐਸਾ ਹੀ ਹੁੰਦਾ ਹੈ। ਉਦੋਂ ਵੀ ਉਸ ਦੇ ਭੈੜੇ ਸੁਭਾ ਕਰ ਕੇ ਉਸ ਦੇ ਨੇੜੇ ਕੋਈ ਨਹੀਂ ਆਉਂਦਾ। ਕੋਈ ਉਸ ਨਾਲ ਰਿਸ਼ਤੇ ਦਾਰੀ ਜਾਂ ਵਿਹਾਰਕ ਸਾਂਝ ਕਾਰਨ ਦੁਆ ਸਲਾਮ ਤਾਂ ਰੱਖ ਲੈਂਦਾ ਹੈ, ਉਸ ਨਾਲ ਅੰਤਰੀਵ ਸਾਂਝ ਨਹੀਂ ਰੱਖਦਾ। ਉਸ ਨੂੰ ਪਤਾ ਹੁੰਦਾ ਹੈ ਐਸੇ ਬਿਰਧ ਵਿਅਕਤੀ ਨਾਲ ਕਿਸੇ ਦੇ ਕੰਮ ਦੀ ਦੁਖ ਸੁਖ ਦੀ ਸਾਂਝ ਬਣ ਹੀ ਨਹੀ ਸਕਦੀ। ਹਾਂ ਇਹ ਗੱਲ ਵੱਖਰੀ ਹੈ ਕਿ ਐਸੇ ਮਾਤਾ-ਪਿਤਾ, ਅਫ਼ਸਰ, ਆਗੂ ਸਾਮ੍ਹਣੇ ਲੋਕ ਬੋਲਦੇ ਹੀ

Sri Satguru Jagjit Singh Ji Elibrary NamdhariElibrary@gmail.com

ਨਹੀਂ ਕਿਉਂਕਿ ਉਸ ਦੇ ਉਹ ਅਧੀਨ ਹੁੰਦੇ ਹਨ ਪਰ ਜਦ ਉਹ ਬੁੱਢੇ ਹੁੰਦੇ ਹਨ ਉਹਨਾਂ ਦੀਆਂ ਸ਼ਕਤੀਆਂ ਨਹੀਂ ਰਹਿੰਦੀਆਂ ਤਾਂ ਫਿਰ ਉਹਨਾਂ ਦਾ ਧਿਆਨ ਕੋਈ ਨਹੀਂ ਕਰਦਾ। ਪਰ ਉਹ ਖ਼ੁਦ ਆਪਣੇ ਬੀਤੇ 'ਤੇ ਝਾਤ ਨਹੀਂ ਮਾਰਦੇ ਜਾਂ ਉਸ ਦਾ ਲੇਖਾ-ਜੋਖਾ ਇੰਜ ਕਰਦੇ ਹਨ ਕਿ ਉਹਨਾਂ ਸਦਾ ਕਮਾਲ ਕਰ ਵਿਖਾਇਆ ਹੈ। ਉਹ ਇੰਜ ਵੀ ਸੋਚਣ ਲੱਗਦੇ ਹਨ ਕਿ ਬੁਢਾਪੇ ਵਿਚ ਜੋ ਉਹਨਾਂ ਤੋਂ ਦੂਰ ਗਏ ਹਨ ਉਹ ਗ਼ਲਤ ਹਨ, ਉਹ ਖ਼ੁਦ ਸਹੀ ਹਨ। ਐਸੇ ਬਿਰਧ ਝੂਰਦੇ, ਸੜਦੇ, ਕ੍ਰਿਝਦੇ ਰਹਿੰਦੇ ਹਨ। ਉਹਨਾਂ ਦੇ ਬੋਲ ਤੇ ਪਿਆਰ ਗਿਲੇ-ਸ਼ਿਕਵੇ ਨਾਲ ਭਰੇ ਹੁੰਦੇ ਹਨ। ਉਹਨਾਂ ਨੂੰ ਹੋਰ ਤਾਂ ਹੋਰ ਆਪਣੇ ਪੁੱਤਰ-ਪੋਤਰਿਆਂ, ਨੂੰਹਾਂ, ਧੀਆਂ ਪ੍ਰਤੀ ਵੀ ਸ਼ਿਕਾਇਤ ਹੀ ਰਹਿੰਦੀ ਹੈ ਕਿ ਉਹਨਾਂ ਨੂੰ ਕੋਈ ਨਹੀਂ ਪੁੱਛਦਾ। ਜੇ ਕੋਈ ਸਹਿਜੇ ਵੀ ਉਹਨਾਂ ਨੂੰ ਮਿਲਣ-ਗਿਲਣ ਆਇਆ ਉਹਨਾਂ ਨੂੰ ਪੁੱਛ ਬੈਠੇ, "ਬਾਬਾ ਜੀ ਕੀ ਹਾਲ ਹੈ?" ਤਾਂ ਪਹਿਲਾਂ ਤਾਂ ਉਹ ਆਪਣੇ ਸਰੀਰਕ ਰੋਗਾਂ, ਕਮੀਆਂ-ਕਮਜ਼ੋਰੀਆਂ ਦਾ ਅਕਾ ਦੇਣ ਵਾਲਾ ਬਿਆਨ ਪੇਸ਼ ਕਰਨਗੇ। ਇਸ ਦਾ ਕਾਰਨ ਉਹ ਇਹ ਨਹੀਂ ਸੋਚਣਗੇ ਕਿ ਉਹਨਾਂ ਜਵਾਨੀ ਵਿਚ ਮਨੁੱਖੀ ਸਰੀਰ ਦੇ ਪ੍ਰਤੀਕੂਲ ਭੋਜਨ ਖਾਣ, ਨਸ਼ੇ ਕਰਨੋਂ ਪ੍ਰਹੇਜ਼ ਨਹੀਂ ਕੀਤਾ ਸਗੋਂ ਇਹ ਸੋਚਣਗੇ ਘਰ ਵਿਚ ਉਹਨਾਂ ਦਾ ਧਿਆਨ ਨਹੀਂ ਰੱਖਿਆ ਜਾਂਦਾ। ਕੋਈ ਉਹਨਾਂ ਨੂੰ ਪੁੱਛਦਾ ਨਹੀਂ, ਮਿਲਣ ਨਹੀਂ ਆਉਂਦਾ, ਚੱਜਦੀ ਰੋਟੀ ਨਹੀਂ ਦੇਂਦਾ, ਉਹਨਾਂ ਨੂੰ ਦੁਆ-ਦਾਰੂ ਲਿਆ ਕੇ ਨਹੀਂ ਦੇਂਦਾ ਜਾਂ ਢੁੱਕਵਾਂ ਇਲਾਜ ਨਹੀਂ ਕਰਦਾ। ਸਭ ਆਪਣੇ ਆਪ ਵਿਚ ਮਸਤ ਰਹਿੰਦੇਂ ਹਨ। ਉਹਨਾਂ ਦੀ ਕੋਈ ਪਰਵਾਹ ਨਹੀਂ ਕਰਦਾ। ਉਹਨਾਂ ਨੂੰ ਕੋਈ ਆਦਰ ਨਹੀਂ ਦੇਂਦਾ। ਦੂਜੇ ਪਾਸੇ ਐਸੇ ਬੁੱਢੇ ਆਪਣੀ ਜਵਾਨੀ ਵੇਲੇ ਦੀਆਂ ਕਥਾ-ਕਹਾਣੀਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਗੇ। ਨਤੀਜਾ ਇਹ ਹੁੰਦਾ ਹੈ ਕਿ ਉਹਨਾਂ ਨੂੰ ਮਿਲਣ ਆਇਆ ਵਿਅਕਤੀ ਕਿਸੇ ਤਰ੍ਹਾਂ ਉਹਨਾਂ ਤੋਂ ਖਹਿੜਾ ਛੁਡਾ ਕੇ ਜਾਂਦਾ ਹੈ ਤੇ ਫਿਰ ਘੱਟ ਹੀ ਮਿਲਣ ਆਉਂਦਾ ਹੈ। ਪਰ ਐਸੇ ਬਿਰਧ ਹੋਰ ਕੁਝ ਦੀ ਥਾਂ, ਮਾਇਆ ਨੂੰ ਵੀ ਜੱਫਾ ਮਾਰਦੇ ਹਨ।

ਖ਼ੁਸ਼ ਤਬੀਅਤ, ਮਿਲਣਸਾਰ, ਸਦਾ ਚੜ੍ਹਦੀਆਂ ਕਲਾ ਵਿਚ ਰਹਿਣ ਵਾਲੇ ਬਜ਼ੁਰਗ ਨੂੰ ਹਰ ਇਕ ਦਾ ਮਿਲਣ ਨੂੰ ਜੀਅ ਕਰਦਾ ਹੈ। ਕਿਉਂਕਿ ਮਿਲਣ ਵਾਲਿਆਂ ਨੂੰ ਪਤਾ ਹੈ ਕਿ ਜਦ ਪੁੱਛਣਗੇ, "ਬਾਬਾ ਜੀ ਕੀ ਹਾਲ ਹੈ?" ਉਹਨਾਂ ਅਗੋਂ ਇਹੀ ਆਖਣਾ ਹੈ, "ਬਹੁਤ ਵਧੀਆ ਹੈ, ਨੂੰਹਾਂ-ਪੁੱਤ ਬੜੇ ਚੰਗੇ ਹਨ, ਚੰਗਾ ਖਾਣਾ ਦੇਂਦੇ ਹਨ, ਚੰਗਾ ਧੋਤਾ ਕੱਪੜਾ ਦੇਂਦੇ ਹਨ, ਮੇਰਾ ਬੜਾ ਧਿਆਨ ਰੱਖਦੇ ਹਨ। ਸ਼ੁਕਰ ਹੈ ਅਕਾਲ ਪੁਰਖ ਦਾ ਮੈਨੂੰ ਐਸੇ ਬੱਚੇ ਮਿਲੇ ਹਨ।"

ਕਈ ਵਾਰ ਤਾਂ ਦਿਸ ਰਿਹਾ ਹੁੰਦਾ ਹੈ ਕਿ ਉਹਨਾਂ ਕੋਲੋਂ ਔਖਾ ਤੁਰਿਆ ਜਾਂਦਾ ਹੈ ਜਾਂ ਉਹ ਮੰਜੀ 'ਤੇ ਨਿਢਾਲ ਪਏ ਹੁੰਦੇ ਹਨ ਪਰ ਉਹਨਾਂ ਦਾ ਬੋਲਾ ਹੋਵੇਗਾ, "ਬੜੇ ਚੰਗੇ ਹਾਂ, ਮੌਜਾਂ ਮਾਣਦੇ ਹਾਂ।"

ਉਹ ਸਰੀਰਕ ਤੌਰ 'ਤੇ ਬੁੱਢੇ, ਬਿਮਾਰ ਤੇ ਕਮਜ਼ੋਰ ਹੁੰਦੇ ਹੋਏ ਵੀ ਮਾਨਸਿਕ ਕਮਜ਼ੋਰੀ, ਬੁਢੇਪੇ ਤੇ ਹੀਣ-ਭਾਵ ਦਾ ਸ਼ਿਕਾਰ ਨਹੀਂ ਹੁੰਦੇ। ਉਹ ਧਨ ਪਦਾਰਥ ਨੂੰ ਵੀ ਜੱਫਾ ਨਹੀਂ

Sri Satguru Jagjit Singh Ji Elibrary NamdhariElibrary@gmail.com

ਮਾਰਦੇ। ਉਹ ਕਿਸੇ 'ਤੇ ਬੇਇਤਬਾਰੀ ਵੀ ਨਹੀਂ ਕਰਦੇ, ਉਹ ਲੱਗਦੀ ਵਾਹ ਕੋਈ ਨ ਕੋਈ ਕੰਮ ਵੀ ਕਰਦੇ ਰਹਿੰਦੇ ਹਨ। ਜਦੋਂ ਉਹਨਾਂ ਆਪਣੇ ਤਜਰਬੇ ਦੀ ਗੱਲ ਕਹਿਣ ਹੈ ਤਾਂ ਪਤੇ ਦੀ ਗੱਲ ਕਹਿਣੀ ਹੈ। ਉਹਨਾਂ ਦਾ ਖਿੜਿਆ ਚਿਹਰਾ ਦੱਸਦਾ ਹੈ ਕਿ ਉ ਬੁੱਢੇ ਹੋ ਹੀ ਨਹੀਂ ਸਕਦੇ। ਉਹ ਜ਼ਿੰਦਗੀ ਨੂੰ ਆਖ਼ਰੀ ਪਲ ਤਕ ਜਿਉਂਦੇ ਹਨ।

ਮਨੁੱਖ ਜਾਂ ਮਨੁੱਖ ਦੇ ਪਾਲੇ ਜੀਵ-ਜੰਤੂ ਹੀ ਹਨ ਜਿਹੜੇ ਕੁਦਰਤੀ ਮੌਤ ਨਹੀਂ ਮਰਦੇ, ਕਾਰਨ ਉਹ ਕੁਦਰਤ ਦੇ ਬਣਾਏ ਨੇਮਾਂ ਦੀ ਉਲੰਘਣਾ ਕਰਦੇ ਹਨ। ਨ ਉਸ ਅਨੁਸਾਰ ਖਾਂਦੇ ਪੀਂਦੇ ਹਨ, ਨਾ ਰਹਿੰਦੇ ਹਨ। ਮਨੁੱਖ ਮੁਨਾਫੇ ਲਈ ਗਊਆਂ ਨੂੰ ਵੀ ਮਾਸ ਖੁਆਉਂਦੇ ਨਹੀਂ ਸੰਗਦੇ, ਕਿਸੇ ਨੂੰ ਮਾਰ ਖਾਣਾ ਜਾਂ ਦੂਜੇ ਮਨੁੱਖ ਨੂੰ ਮਾਰ ਦੇਣਾ ਉਸ ਛੱਡਿਆ ਨਹੀਂ। ਹੋਰ ਪ੍ਰਾਣੀ ਤੇ ਰੁੱਖ ਬੂਟੇ ਕੁਦਰਤੀ ਨੇਮਾਂ ਵਿਚ ਰਹਿੰਦੇ ਪੂਰੀ ਉਮਰ ਭੋਗਦੇ ਹਨ। ਜੇ ਕੋਈ ਕੁਦਰਤੀ ਮੁਸੀਬਤ ਆ ਜਾਏ ਤਾਂ ਬੁਢਾਪਾ ਵੀ ਮਨੁੱਖ ਦਾ ਹੀ ਰੁਲ ਸਕਦਾ ਹੈ; ਉਸ ਦੀ ਗ਼ਲਤੀ ਕਾਰਨ।

ਮਨੁੱਖ ਸਭ ਤੋਂ ਵੱਧ ਵਿਚਾਰਵਾਨ ਹੈ। ਉਹ ਆਪਣੇ ਬਲ ਬੁੱਧੀ ਦੀ ਜਿਵੇਂ ਵੀ ਚਾਹੇ ਵਰਤੋਂ ਕਰ ਸਕਦਾ ਹੈ। ਫਿਰ ਬੁਢਾਪੇ ਵਿਚ ਬਚੇ ਬਲ ਬੁੱਧ ਦੀ ਸਹੀ ਵਰਤੋਂ ਕਿਉਂ ਨਾ ਕਰੇ! ਹੋਰ ਨਹੀ ਤਾਂ ਉਹ ਚੰਗਾ ਸੋਚ ਤਾਂ ਸਕਦਾ ਹੈ। ਆਉਣ ਵਾਲਾ ਸਮਾਂ ਨੇੜੇ ਸਮਝ ਮੋਹ ਮਾਇਆ ਨੂੰ ਤਿਆਗ ਕੇ ਭਜਨ ਬੰਦਗੀ ਤਾਂ ਕਰ ਸਕਦਾ ਹੈ ਪਰ ਹੁੰਦਾ ਉਹ ਹੈ :-

ਬਿਰਧਿ ਭਇਓ ਅਜਹੂ ਨਹੀ ਸਮਝੈ ਕਉਨ ਕੁਮਤਿ ਉਰਝਾਨਾ ॥
(ਰਾਮਕਲੀ ਮਹਲਾ 5)

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਲਿਖਦੇ ਹਨ, ਸਰੀਰਕ ਤਬਦੀਲੀਆਂ ਨਜ਼ਰ ਆਉਂਦੀਆਂ ਹਨ ਫਿਰ ਵੀ ਉਹ ਹਿਰਦੇ, ਰਾਮ ਨੂੰ ਨਹੀ ਵਸਾਉਂਦਾ :—

ਬਿਰਧਿ ਭਇਆ ਜੋਬਨੁ ਤਨੁ ਖਿਸਿਆ,
ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ।
ਚਰਨ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ।
(ਮਾਰੂ ਮਹਲਾ 1)

ਕਿਸੇ ਹੋਰ ਸਚਾਈ ਤੋਂ ਸਬੂਤ ਦੀ ਅਣਹੋਂਦ ਜਾਂ ਤਰਕ ਦੀ ਕਮੀ ਕਾਰਨ ਮੁਨਕਰ ਹੋ ਸਕੀਦਾ ਹੈ ਪਰ ਬੁਢਾਪੇ ਤੋਂ ਮੁਨਕਰ ਹੋ ਨਹੀਂ ਸਕੀਦਾ ਹੈ। ਜੇ ਆਪਣੇ ਉਤੇ ਨਹੀਂ ਵੀ ਆਇਆ ਤਾਂ ਆਪਣੇ ਘਰ ਆਲੇ-ਦੁਆਲੇ ਤਾਂ ਆਇਆ ਹੀ ਹੈ। ਬੁਢਾਪੇ ਦਾ ਅਗਲਾ ਪੜਾਅ ਤਾਂ ਉਸ ਸਰੀਰ ਦਾ ਅੰਤ ਹੈ। ਉਸ ਨੂੰ ਵੀ ਗੁਜ਼ਰ ਗਏ ਵੱਡੇ-ਵਡੇਰਿਆਂ ਬਾਰੇ ਸੋਚ ਕੇ ਮੰਨਿਆ ਜਾ ਸਕਦਾ ਹੈ। ਗੁਜ਼ਰ ਤਾਂ ਜਾਣਾ ਹੈ ਫਿਰ ਦੇ ਕੇ ਸੰਸਾਰ ਨੂੰ ਕੀ ਜਾਣਾ ਹੈ? ਛੱਡ ਕੇ ਕੀ ਜਾਣਾ ਹੈ? ਉਸਾਰੂ ਜਾਂ ਢਾਹੂ ਪੱਖ, ਆਸ਼ਾਵਾਦੀ ਜਾਂ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ, ਇਹ ਹਰ ਇਕ ਨੇ ਆਪ ਸੋਚਣਾ ਹੈ ਚਰਚਾ ਤਾਂ ਉਸ ਅਨੁਸਾਰ ਹੋਣੀ ਹੀ ਹੈ। ਨਹੀਂ ਤਾਂ ਕੋਈ ਬਿਰਧ ਸੰਸਾਰ ਤੋਂ ਗਿਆ ਮਨਾਂ ਤੋਂ ਵੀ ਵਿੱਸਰ ਜਾਣਾ ਹੈ।

Sri Satguru Jagjit Singh Ji Elibrary NamdhariElibrary@gmail.com

ਦੋ ਜਮਾਂ ਦੋ ਬਰਾਬਰ ਦੋ

ਗਣਿਤ ਸ਼ਾਸਤਰ ਦਾ ਸੱਚ ਤਾਂ ਦੋ ਜਮਾਂ ਦੋ ਚਾਰ ਹੀ ਹੈ ਪਰ ਸਮਾਜ ਸ਼ਾਸਤਰ ਤੇ ਸਾਹਿਤ ਦਾ ਸੱਚ ਵੱਖਰਾ ਹੈ। ਇਹ ਪ੍ਰਾਕ੍ਰਿਤਿਕ ਸੱਚ ਨਹੀਂ ਸਗੋਂ ਸਿਰਜਿਆ ਸੱਚ ਹੈ। ਪ੍ਰਾਕ੍ਰਿਤਿਕ ਸੱਚ ਕੁਦਰਤੀ ਸ਼ਕਤੀਆਂ ਦਾ ਜਾਂ ਉਹਨਾਂ ਕਰ ਕੇ ਬਨਸਪਤੀ ਜੀਵ-ਜੰਤੂਆਂ ਆਦਿ ਦਾ ਉਪਜਨਾ, ਵਧਣਾ-ਫੁੱਲਣਾ ਤੇ ਬਿਨਸਣਾ ਹੈ। ਸਮਾਜ ਨੇ ਉਸ ਨੂੰ ਆਪਣੀ ਮਰਯਾਦਾ ਅਨੁਸਾਰ, ਆਪਣੀ ਲੋੜ ਅਨੁਸਾਰ ਸਵਾਰਨਾ ਹੁੰਦਾ ਹੈ। ਸਾਹਿਤ ਨੇ ਉਸ ਨੂੰ ਪੇਸ਼ ਕਰਨਾ ਜਾਂ ਸੇਧ ਦੇਣੀ ਹੁੰਦੀ ਹੈ।

ਸਮਾਜ ਦੇ ਮੁੱਢ ਵਿਚ ਮੂਲ ਰੂਪ ਵਿਚ ਨਿੱਜੀ ਸੰਬੰਧ ਹਨ, ਆਪਣੇ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ, ਆਂਢੀਆਂ-ਗੁਆਂਢੀਆਂ ਨਾਲ ਸੰਬੰਧ। ਇਹਨਾਂ ਸਮਾਜਿਕ ਸੰਬੰਧਾਂ ਦੀ ਮੂਲ ਇਕਾਈ ਪਰਵਾਰ ਹੈ—ਮਾਤਾ-ਪਿਤਾ ਤੇ ਬੱਚੇ। ਮਾਤਾ-ਪਿਤਾ ਮੋਹ ਪਿਆਰ ਤੇ ਸਮਾਜਿਕ ਜ਼ੁੰਮੇਵਾਰੀਆਂ ਦੇ ਬੱਧੇ ਬੱਚਿਆਂ ਨੂੰ ਪਾਲਦੇ ਹਨ, ਪੜ੍ਹਾਉਂਦੇ-ਲਿਖਾਉਂਦੇ ਹਨ, ਉਹਨਾਂ ਨੂੰ ਕੰਮੀ-ਕਾਰੀ ਲਾਉਂਦੇ ਹਨ, ਉਹਨਾਂ ਦੇ ਵਿਆਹ ਕਰ ਕੇ ਘਰ ਬਣਾਉਂਦੇ ਹਨੇ ਤੇ ਬਿਰਧ ਹੋ ਕੇ ਚੰਗੇ ਬੱਚਿਆਂ ਦੇ ਆਸਰੇ ਸਮਾਜ ਵਿਚ ਸਿਰ ਉੱਚਾ ਕਰ ਕੇ ਤੁਰਦੇ ਹਨ ਪਰ ਜੇ ਬੱਚੇ ਚੰਗੇ ਨਾ ਨਿਕਲਣ ਤਾਂ 'ਮੰਦਾ ਕੁੱਤਾ ਖਸਮੈ ਗਾਲ।'

ਵਿਆਹ ਕੇਵਲ ਦੋ ਦਿਲਾਂ ਦਾ ਮੇਲ ਨਹੀਂ, ਦੋ ਪਰਵਾਰਾਂ ਦਾ ਮੇਲ ਹੈ। ਇਹ ਮੇਲ ਦੋ ਜਮਾਂ ਦੋ ਚਾਰ ਕਰ ਦੇਂਦਾ ਹੈ। ਦੋਹਾਂ ਪਰਵਾਰਾਂ ਨੂੰ ਇਕ ਦੂਜੇ ਦਾ ਮਾਣ ਹੁੰਦਾ ਹੈ। ਉਹ ਸ਼ਾਨ ਨਾਲ ਇਕ ਦੂਜੇ ਦਾ ਜ਼ਿਕਰ ਕਰਦੇ ਹਨ। ਵਿਆਹੇ ਬੱਚੇ ਉਸ ਮਾਣ-ਸ਼ਾਨ ਨੂੰ ਵਧਾਉਣ ਦਾ ਕਾਰਨ ਬਣਦੇ ਹਨ। ਜੇ ਖ਼ੁਦਾ ਨਾ ਖ਼ਾਸਤਾ ਕਿਸੇ ਕਾਰਨ ਦੋ ਵਿਆਹੁਤਾ ਬੱਚਿਆਂ ਦੀ ਅਣ-ਬਣ ਹੋ ਜਾਏ ਤਾਂ ਦੋਹਾਂ ਪਰਵਾਰਾਂ ਦੇ ਸੰਬੰਧ ਵੀ ਵਿਗੜ ਜਾਂਦੇ ਹਨ। ਫਿਰ ਵੀ ਉਹਨਾਂ ਸੰਬੰਧਾਂ ਨੂੰ ਸੁਧਾਰਨ ਦਾ ਯਤਨ ਸਮਾਜ ਵਲੋਂ ਕੀਤਾ ਜਾਂਦਾ ਹੈ ਕਿਉਂਕਿ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਦਾ।

ਵਿਆਹੁਣ ਯੋਗ ਬੱਚੇ ਨੌਜਵਾਨ ਹੁੰਦੇ ਹਨ, ਭਾਵੁਕ, ਉਲਾਰ। ਉਹਨਾਂ ਨੂੰ ਜ਼ਿੰਦਗੀ ਦਾ ਤਜਰਬਾ ਨਹੀਂ ਹੁੰਦਾ, ਇਸ ਕਰ ਕੇ ਕੁੜੀ ਮੁੰਡਾ ਕਈ ਵਾਰ ਅਸਮਾਜਿਕ ਰਿਸ਼ਤੇ ਕਾਇਮ ਕਰ ਲੈਂਦੇ ਹਨ। ਭਾਵੇਂ ਉਹ ਇਸ ਨੂੰ ਪ੍ਰੇਮ ਮੁਹੱਬਤ ਦਾ ਨਾਂ ਦੇਂਦੇ ਹਨ ਪਰ ਉਹਨਾਂ ਦਾ ਨਿਸ਼ਾਨਾ ਵੀ ਵਿਆਹ ਕਰਵਾ ਕੇ ਸੁਖੀ ਜੀਵਨ ਬਿਤਾਉਣਾ ਹੁੰਦਾ ਹੈ। ਪ੍ਰੇਮ-ਪਿਆਰ ਤਾਂ ਜਵਾਨੀ ਦੇ ਚਹੁੰ ਦਿਨਾਂ ਦਾ ਭਾਵੁਕ ਹੋ ਕੇ ਖੇਲ੍ਹਿਆ ਖੇਲ੍ਹ ਹੈ। ਸਮਾਂ ਪਾ ਕੇ ਪਰਵਾਰਕ ਜ਼ੁੰਮੇਵਾਰੀਆਂ ਪੈਣ ਉਤੇ ਆਟੇ ਦਾਲ ਦਾ ਭਾਅ ਪਤਾ ਲੱਗ ਜਾਂਦਾ ਹੈ। ਉਲਾਰ ਹੋ ਕੇ ਕੀਤੇ ਪਿਆਰ-ਵਿਆਹ ਟੁੱਟਣ ਲੱਗਦੇ ਹਨ ਜਿਸ ਦੀ

Sri Satguru Jagjit Singh Ji Elibrary NamdhariElibrary@gmail.com

ਪੁਸ਼ਟੀ ਹੁੰਦੇ ਤਲਾਕ ਤੇ ਤਲਾਕਾਂ ਲਈ ਆਦਲਤਾਂ ਵਿਚ ਪਏ ਮੁਕੱਦਮੇ ਕਰਦੇ ਹਨ।

ਪੱਛਮ ਵਿਚ ਪੂਰਬ ਵਰਗੀ ਸਮਾਜਿਕ ਰਿਸ਼ਤਿਆਂ ਦੀ ਪੱਕੀ ਪੀਢੀ ਸਾਂਝ ਨਹੀਂ, ਏਸੇ ਕਰ ਕੇ ਖੁਲ੍ਹ ਖੇਡ ਖੇਡੀ ਜਾਂਦੀ ਹੈ ਪਰ ਪਤਾ ਲੱਗਾ ਹੈ ਕਿ ਗੰਭੀਰਤਾ ਨਾਲ ਸੋਚਣ ਵਾਲੇ ਨੌਜਵਾਨ ਪੂਰਬੀ, ਖ਼ਾਸ ਕਰ ਕੇ ਭਾਰਤੀ ਵਿਆਹ ਪਧਤੀ, ਸਮਾਜਿਕ ਬਣਤਰ ਨੂੰ ਸਲਾਹੁੰਦੇ ਹਨ। ਏਥੇ ਸੰਜੁਕਤ ਪਰਵਾਰ ਹਨ। ਪੋਤਰਾ ਦਾਦੇ ਦੀ ਉਂਗਲ ਫੜ ਕੇ ਤੁਰਦਾ ਹੈ। ਬੱਚਿਆਂ ਦੇ ਵਿਆਹ ਕਰਨੇ ਮਾਪਿਆਂ ਦੀ ਜ਼ੁੰਮੇਵਾਰੀ ਹੈ, ਉਹ ਆਪਣੇ ਵਿਸ਼ਾਲ ਤਜਰਬੇ ਦੇ ਸਿਰ ਉੱਤੇ, ਸਮਾਜਿਕ ਸਾਂਝਾਂ ਦੇ ਸਿਰ ਉੱਤੇ, ਐਸੇ ਜੋੜ ਜੋੜਦੇ ਹਨ ਜੋ ਜ਼ਿੰਦਗੀ ਭਰ ਨਿਭਦੇ ਹਨ।

ਕੁਝ ਮਨਚਲੇ ਨੌਜਵਾਨਾਂ ਨੂੰ ਛੱਡ ਕੇ ਨੌਜਵਾਨ ਮੁੰਡੇ-ਕੁੜੀਆਂ ਵੀ ਭਾਰਤੀ ਵਿਆਹ ਪ੍ਰਣਾਲੀ ਨੂੰ ਹੀ ਠੀਕ ਸਮਝਦੇ ਹਨ। ਉਹ ਆਪਣੇ ਰਿਸ਼ਤੇ, ਕਿਸੇ ਪ੍ਰੇਮ-ਜਾਲ ਵਿਚ ਫਸਣ ਦੀ ਥਾਂ ਮਾਪਿਆਂ ਦੀ ਮਰਜ਼ੀ ਨਾਲ ਸਥਾਪਤ ਕਰਨਾ ਚਾਹੁੰਦੇ ਹਨ ਤਾਂਕਿ ਉਹਨਾਂ ਨੂੰ ਮਾਪਿਆਂ ਦੀ ਸੰਘਣੀ ਛਾਂ ਮਾਣਨ ਦਾ ਸੁਖ ਮਿਲੇ, ਸਮਾਜ ਵਿਚ ਮਾਣ ਮਿਲੇ ਤੇ ਉਹਨਾਂ ਨੂੰ ਮਰਯਾਦਾ ਪਾਲਣ ਦਾ ਗੌਰਵ ਪ੍ਰਾਪਤ ਹੋਵੇ।

ਸਮਾਜਿਕ ਵਿਆਹ ਨੂੰ ਪ੍ਰੇਮ-ਵਿਆਹ ਨਾਲੋਂ ਪਹਿਲ ਦੇਣ ਦੀ ਪੁਸ਼ਟੀ 27 ਸੰਤਬਰ, 1999-ਇੰਡੀਆ ਟੂਡੇ-ਅੰਗਰੇਜ਼ੀ ਵਿਚ ਛਪੀ ਓਪੀਨਿਅਨ ਪੋਲ (ਰਾਇਸ਼ੁਮਾਰੀ) ਕਰਦੀ ਹੈ। ਇਹ ਸਰਵੇ ਓਰਗ-ਮਾਰਗ ਨਾਂ ਦੀ ਸੰਸਥਾ ਨੇ ਕਰਵਾਇਆ ਸੀ। ਉਸ ਨੇ 18 ਤੋਂ 21 ਵਰ੍ਹਿਆਂ ਦੀ ਉਮਰ ਦੇ ਮੁੰਡਿਆਂ-ਕੁੜੀਆਂ ਨੂੰ ਸੁਆਲ ਕੀਤਾ ਕਿ ਕੀ ਤੁਸੀ ਪਿਆਰ-ਵਿਆਹ ਕਰਨਾ ਪਸੰਦ ਕਰੋਗੇ ਜਾਂ ਮਾਪਿਆਂ ਰਾਹੀ ਤੈ ਕੀਤਾ। ਉਹਨਾਂ ਇਸ ਦਾ ਜੁਆਬ ਪੇਂਡੂ-ਸ਼ਹਿਰੀ ਸਭ ਪ੍ਰਕਾਰ ਦੇ ਮੁੰਡਿਆਂ-ਕੁੜੀਆਂ ਕੋਲੋਂ ਮੰਗਿਆ, ਫੀ ਸਦੀ ਨਤੀਜਾ ਇਸ ਪ੍ਰਕਾਰ ਆਇਆ :

ਵਿਆਹ ਢੰਗ ਸਾਰੇ	ਪੁਰਸ਼	ਇਸਤਰੀ	ਸ਼ਹਿਰੀ	ਪੇਂਡੂ	
ਪ੍ਰੇਮ	19	23	12	27	16
ਤੈ ਕੀਤਾ	81	77	88	73	84

ਇਹ ਅੰਕੜੇ ਸਪਸ਼ਟ ਦੱਸਦੇ ਹਨ ਕਿ ਪੱਛਮ ਦੀ, ਆਜ਼ਾਦੀ ਦੀ, ਮੀਡੀਏ ਦੀ ਮਦਦ ਨਾਲ ਝੁੱਲੀ ਹਨੇਰੀ ਅਮੀਰ ਸੁਚੱਜੀ ਭਾਰਤੀ ਪਰੰਪਰਾ ਦੀ ਇੱਜ਼ਤ ਨੌਜਵਾਨਾਂ ਦੇ ਮਨਾ ਵਿਚ ਘਟਣ ਨਹੀ ਦਿੱਤੀ। ਸਿਆਣੀ ਉਮਰ ਦੇ ਤਾਂ ਇਸ ਪਰੰਪਰਾ ਨੂੰ ਨਿਭਾਉਂਦੇ ਹੀ ਹਨ। ਸਿਆਣੇ ਬਜ਼ੁਰਗਾਂ ਦੀ ਤਸੱਲੀ ਵੀ ਇਸ ਵਿਚ ਹੈ ਕਿ ਉਹਨਾਂ ਨੇ ਕਿੰਨਿਆਂ ਨੂੰ ਝੱਖੜ ਤੋਂ ਬਚਾਇਆ ਹੈ ਜਾਂ ਘੁੰਮਣ-ਘੇਰੀਆਂ ਵਿਚੋ ਕੱਢ ਲਿਆ ਹੈ। ਭਾਈ ਗੁਰਦਾਸ ਜੀ ਜਿਹੜੇ ਬਚ ਗਏ ਉਹਨਾਂ ਤੋ ਹੀ ਤਸੱਲੀ ਕਰਨ ਸੰਬੰਧੀ ਲਿਖਦੇ ਹਨ :—

ਜੈਸੇ ਨਉ ਬੂਡਤ ਹੈ ਜੋਈ ਬਚੇ ਸੋਈ ਭਲੋ,
ਬੂਡ ਗਏ ਪਾਛੈ ਪਛਤਾਯੋ ਰਹਿਜਾਤ ਹੈ।
ਜੈਸੇ ਘਰ ਲਾਗੈ ਆਗ ਜੋਈ ਬਚੈ ਸੋਈ ਭਲੋ,

Sri Satguru Jagjit Singh Ji Elibrary NamdhariElibrary@gmail.com

ਜਰਾ ਬੁਝੈ ਪਾਛੈ ਕਛੁ ਬਸਨ ਬਸਾਂਤ ਹੈ।
ਜੈਸੇ ਚੋਰ ਲਾਗੈ ਜਾਗੈ ਜੋਈ ਰਹੈ ਸੋਈ ਭਲੋ,
ਸੋਇ ਗਏ ਰੀਤੋ ਘਨ ਦੇਖੈ ਉਠ ਪ੍ਰਾਤ ਹੈ।
ਤੈਸੇ ਅੰਤ ਕਾਲ ਗੁਰ ਚਰਨ ਸਰਣ ਆਵੈ,
ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ।

ਹੋਏ ਨੁਕਸਾਨ ਕਾਰਨ ਝੁਰਨ ਦੀ ਥਾਂ 'ਤੇ ਹੋਏ ਬਚਾਅ ਉੱਤੇ ਤਸੱਲੀ ਕਰਿਆਂ ਸੁਖ ਹੋਣਾ ਹੈ। ਹਾਂ ਇਹ ਕੋਸ਼ਿਸ਼ ਹੋਵੇ ਕਿ ਨੁਕਸਾਨ ਨਾ ਹੋਵੇ।

ਪ੍ਰੇਮ-ਪੀਘ ਦੀ ਵਕਾਲਤ ਕਰਨ ਵਾਲੇ ਆਪ ਹੁਦਰੇਪਨ ਨਾਲ ਭਰਪੂਰ, ਇਸ ਭਾਵਨ ਦਾ ਸੇਕ ਆਪਣੇ ਘਰ ਨਹੀਂ ਲੱਗਣ ਦੇਣਾ ਚਾਹੁੰਦੇ। ਉਹ ਵੀ ਸੱਸੀ-ਸੋਹਣੀ-ਹੀਰ ਦੂਜੇ ਦੇ ਘਰ ਪੈਦਾ ਹੋਣ ਦੀ ਹੀ ਲੋਚਾ ਕਰਦੇ ਹਨ। ਪ੍ਰੇਮ-ਵਿਆਹ ਦੀ ਵਕਾਲਤ ਕਰਨ ਵਾਲੇ ਆਪਣੇ ਬੱਚਿਆਂ ਲਈ ਸਮਾਜਿਕ ਤੈ ਕੀਤੇ ਵਿਆਹ ਦੀ ਮਰਯਾਦਾ ਦਾ ਪਾਲਣਾ ਕਰਨਾ ਹੀ ਪਸੰਦ ਕਰਦੇ ਹਨ।

ਆਪੇ ਵਿਆਹ ਕਰਨ ਵਾਲੇ, ਮਨਚਲੇ ਮੁੰਡਾ-ਕੁੜੀ ਹੀ ਹੋ ਸਕਦੇ ਹਨ, ਸਮਾਜ-ਸੁਧਾਰ ਜਾਂ ਨਵੀਂ ਰੌਸ਼ਨੀ ਦੇ ਨਾਂ ਉਤੇ ਮਾਪਿਆਂ ਦੀ ਖ਼ੁਸ਼ੀ ਲੈਣ ਵਾਲੇ ਨਹੀਂ। ਇਕ ਜੋੜੇ ਦਾ ਪਤਾ ਹੈ ਉਹਨਾਂ ਮਾਪਿਆਂ ਦੀ ਮਰਜ਼ੀ ਬਿਨਾਂ ਵਿਆਹ ਤਾਂ ਕਰਵਾ ਲਿਆ ਪਰ ਘਰ-ਗ੍ਰਿਸਤ ਚਲਾਉਣਾ ਔਖਾ ਹੋ ਗਿਆ ਤਾਂ ਲੱਗਾ ਲੜਾਈ-ਝਗੜਾ ਹੋਣ। ਕੁੜੀ ਮਾਰ-ਕੁਟਾਈ ਪਿੱਛੋਂ ਮੁੰਡੇ ਦੇ ਮਾਮੇ ਦੇ ਮਿੱਤਰ ਘਰ ਆਪਣਾ ਦੁਖੜਾ ਰੋਣ ਆਈ। ਇਸ ਲਈ ਫਿਰ ਵੀ ਸਮਾਜ ਦੀ ਲੋੜ ਲਈ, ਐਸੇ ਸਮਾਜਿਕ ਵਿਅਕਤੀ ਦੀ ਜੋ ਮੁੰਡੇ ਨੂੰ ਸਮਝਾ ਸਕੇ। ਇੰਜ ਹੀ ਕਈ ਵਾਰ ਕੁੜੀ ਨੂੰ ਸਮਝਾਉਣ ਦੀ ਲੋੜ ਹੁੰਦੀ ਹੈ।

ਇਕ ਹੋਰ ਕੁੜੀ ਨੂੰ ਉਸ ਦੀ ਮਾਂ ਸਮਾਜ, ਘਰ-ਪਰਵਾਰ, ਮਾਣ ਮਰਯਾਦਾ ਦਾ ਵਾਸਤਾ ਪਾ ਕੇ ਸਮਝਾਉਣ ਲੱਗੀ ਤਾਂ ਮੂੰਹ-ਫਟ ਕੁੜੀ ਇਹ ਕਹਿ ਕੇ ਘਰੋਂ ਜਾਣ ਲੱਗੀ—ਤੁਸੀਂ ਸਮਾਜ ਲਈ ਜਵਾਬਦੇਹ ਹੋਵੋਗੇ ਮੈਂ ਨਹੀਂ। ਮਾਂ ਨੇ ਮਸਾਂ ਉਸ ਨੂੰ ਘਰ ਛੱਡਣੋਂ ਰੋਕਿਆ। ਫਿਰ ਮਾਪਿਆਂ ਸਮਝਾ ਕੇ ਉਸ ਨੂੰ ਚੰਗੇ ਥਾਂ ਵਿਆਹ ਦਿੱਤਾ। ਸੁਖ ਬਣ ਗਿਆ।

ਨੌਜਵਾਨ ਬੱਚਾ ਛੋਟਾ ਤਾਂ ਹੁੰਦਾ ਨਹੀਂ। ਉਹ ਆਪਣੇ ਭਲੇ ਬੁਰੇ ਦੀਆਂ ਸਭ ਮੋਟੀਆਂ-ਮੋਟੀਆਂ ਗੱਲਾਂ ਜਾਣਦਾ ਹੈ। ਪਰ ਸੋਚ ਪੱਖੋਂ ਉਲਾਰ ਹੋ ਜਾਂਦਾ ਹੈ। ਉਹ ਕਈ ਵਾਰ ਐਨੀ ਅੜੀ ਕਰਦਾ ਹੈ ਕਿ ਕਿਸੇ ਸਕੇ-ਸੰਬੰਧੀ ਦੀ, ਸਖੀ ਸਹੇਲੀ ਦੀ, ਜੇ ਉਸ ਨੂੰ ਹੁੰਗਾਰਾ ਨਾ ਭਰੇ, ਦੀ ਗੱਲ ਵੀ ਨਹੀਂ ਮੰਨਦਾ। ਉਹ ਸਮਝਦਾ ਹੈ ਕਿ ਮੈਂ ਇਕੱਲਾ ਹੀ ਸਭ ਤੋਂ ਉਤਮ ਸਿਆਣਾ, ਸਮਝਦਾਰ, ਸੋਹਣਾ-ਸੁਨੱਖਾ, ਆਕਰਸ਼ਕ ਹਾਂ ਪਰ ਐਸਾ ਨਹੀਂ ਸਮਝਦਾ ਜਿਸ ਉੱਤੇ ਮਾਪੇ ਮਾਣ ਕਰ ਸਕਣ ਕਿ ਸਾਡੀ ਇੱਜ਼ਤ ਆਬਰੂ ਦਾ ਧਿਆਨ ਰੱਖਣ ਵਾਲਾ ਆਗਿਆਕਾਰ ਬੱਚਾ ਹੈ।

ਨੌਜਵਾਨ ਮੁੰਡਾ-ਕੁੜੀ ਜੇ ਸਭ ਬੰਧਨ ਤੋੜ ਕੇ ਮਨਮਰਜ਼ੀ ਨਾਲ ਵਿਆਹ ਕਰਾਉਂਦੇ ਹਨ ਤਾਂ ਬਹੁਤ ਹਲਾਤਾਂ ਵਿਚ ਮੁੰਡੇ ਦੇ ਮਾਪੇ, ਦੋਸਤ-ਮਿੱਤਰ ਤੇ ਕੁੜੀ ਦੀਆਂ ਮਨਰਮਜ਼ੀ

Sri Satguru Jagjit Singh Ji Elibrary NamdhariElibrary@gmail.com

ਕਰਨ ਵਾਲੀਆਂ ਸਹੇਲੀਆਂ ਦੀ ਹੱਲਾਸ਼ੇਰੀ ਹੁੰਦੀ ਹੈ। ਮੁੰਡੇ ਵਾਲਿਆਂ ਨੂੰ ਕੁੜੀ ਵਾਲਿਆਂ ਨਾਲ ਪਤਾ ਨਹੀਂ ਕਿੰਨਾ ਕੁ ਪਿਆਰ ਤੇ ਲਿਹਾਜ਼ ਹੁੰਦਾ ਹੈ, ਫਿਰ ਵੀ ਇਕ ਗੱਲ ਸਪਸ਼ਟ ਹੈ ਕਿ ਉਹਨਾਂ ਨੂੰ ਕੁੜੀ ਦੇ ਮਾਪਿਆਂ ਨਾਲ ਤਾਂ ਉਕਾ ਹੀ ਪਿਆਰ ਹਮਦਰਦੀ ਨਹੀਂ ਹੁੰਦੀ। ਉਹ ਜੇ ਉਹਨਾਂ ਨਾਲ ਰਿਸ਼ਤਾ ਜੋੜਨ ਦੀਆਂ ਪੋਲੀਆਂ-ਪੋਲੀਆਂ ਗੱਲਾਂ ਵੀ ਕਰਦੇ ਹਨ ਤਾਂ ਗੋਗਲੂਆਂ ਤੋਂ ਮਿੱਟੀ ਝਾੜਦੇ ਹੀ ਲੱਗਦੇ ਹਨ। ਉਜ ਉਹ ਕੁੜੀ ਨੂੰ ਸਬਜ਼ਬਾਗ਼ ਵਿਖਾ ਕੇ ਵਰਗਲਾ ਕੇ ਆਪਣੇ ਹੱਕ ਵਿਚ ਕਰਨ ਦੀ ਜਿੱਤ ਤੇ ਖ਼ੁਸ਼ੀ ਕਾਰਨ ਫੁੱਲੇ ਨਹੀਂ ਸਮ੍ਹਾਉਂਦੇ ਪਰ ਜੇ ਉਹਨਾਂ ਦੀ ਲੜਕੀ ਮਨਮਰਜ਼ੀ ਕਰਨੀ ਚਾਹੇ ਤਾਂ ਉਹਨਾਂ ਦੇ ਭਾਅ ਦੀ ਸ਼ਾਮਤ ਆ ਜਾਂਦੀ ਹੈ। ਕਈ ਪਰਵਾਰ ਤਾਂ ਦਿਨ ਚੜ੍ਹਨ ਤੋਂ ਪਹਿਲਾਂ ਉਸ ਦੇ ਫੁੱਲ ਵੀ ਬਿਲੇ ਲਾਉਣ ਬਾਰੇ ਸੋਚ ਸਕਦੇ ਹਨ।

ਸਧਾਰਨ ਪਰਵਾਰ ਦਾ ਵਾਸਤਾ ਤਾਂ ਸਮਝਣ ਸਮਝਾਉਣ ਤਕ ਹੁੰਦਾ ਹੈ, ਉਹ ਵੀ ਆਪਣੇ ਬੱਚੇ ਨੂੰ। ਉਹ ਵੀ ਜਿੰਨਾ ਚਿਰ ਸਿਰੋਂ ਪਾਣੀ ਨਹੀਂ ਲੰਘਦਾ। ਜਦ ਉਹਨਾਂ ਨੂੰ ਪਤਾ ਲੱਗੇਗਾ ਹੈ ਕਿ ਉਹਨਾਂ ਦੇ ਮੁੰਡੇ ਜਾਂ ਕੁੜੀ ਨੇ ਮਨਮਰਜ਼ੀ ਨਾਲ ਆਪਣੇ ਧਾਰਮਕ, ਸਮਾਜਿਕ, ਸਭਿਆਚਾਰਕ ਘੇਰੇ ਤੋਂ ਬਾਹਰ ਵਿਆਹ ਕਰ ਲਿਆ ਹੈ ਤਾਂ ਉਹ ਭਾਵੇਂ ਉਸ ਨਾਲ ਸਮਾਜਿਕ ਬੰਧਨ ਤੋੜ ਵੀ ਲੈਂਦੇ ਹਨ ਪਰ ਮਾਨਸਕ ਸੰਤੁਲਨ ਕਾਇਮ ਨਹੀਂ ਰੱਖ ਸਕਦੇ। ਘਰ ਸੱਥਰ ਵਿਛਣ ਤੋਂ ਵੱਧ ਭੈੜੀ ਸਥਿਤੀ ਹੋ ਜਾਂਦੀ ਹੈ। ਉਹ ਉਹਨਾਂ ਦੀ ਆਪਣੀ ਮਰਜ਼ੀ ਨਾ ਚੱਲਣ ਕਰ ਕੇ ਵੀ ਦੁਖੀ ਹੁੰਦੇ ਹਨ ਤੇ ਬੱਚੀ ਦਾ ਭਵਿੱਖਤ ਧੁੰਦਲਾ ਹੋਣ ਕਾਰਨ ਵੀ ਬੇਵਸ ਹਨ, ਆਪਣੇ ਆਪ ਨੂੰ ਕਲੰਕਤ ਮਹਿਸੂਸ ਕਰਦੇ ਹਨ, ਦਾਗ਼ ਜਿਹੜਾ ਸ਼ਾਇਦ ਪੀੜ੍ਹੀਆਂ ਤਕ ਪਿੱਛਾ ਨਾ ਛੱਡੇ।

ਪਰ ਜੇ ਵਿਚਾਰਿਆ ਜਾਏ ਉਹਨਾਂ ਦਾ ਕੀ ਗੁਨਾਹ ਹੈ ? ਉਹਨਾਂ ਕਿਸ ਸਮਾਜਿਕ, ਧਾਰਮਕ, ਸਭਿਆਚਾਰਕ ਬੰਧਨ ਨੂੰ ਤੋੜਿਆ ਹੈ ? ਉਹਨਾਂ ਕਿਹੜਾ ਆਪਹੁਦਰਾਪਨ ਵਿਖਾਇਆ ਹੈ ? ਫਿਰ ਉਹ ਕਲੰਕਤ ਕਿਵੇਂ ਹੋਏ ? ਉਹ ਤਾਂ ਸਾਰਾ ਪਰਵਾਰ ਇਕੱਠਾ ਹੈ, ਦੁਖ-ਸੁਖ ਦੇ ਭਾਈਵਾਲ। ਇਕ ਮੁੰਡੇ ਜਾਂ ਕੁੜੀ ਨੇ ਮਨਮਤ ਵਰਤੀ ਹੈ ਉਹ ਆਪ ਭੁਗਤੇਗਾ, ਪਛਤਾਵੇਗਾ, ਅੱਜ ਨਹੀਂ ਤੇ ਕਲ੍ਹ ਨੂੰ ਕਿਉਂਕਿ ਮਨੁੱਖ ਕੇਵਲ ਪ੍ਰਾਣੀ ਨਹੀਂ, ਸਮਾਜਿਕ ਪ੍ਰਾਣੀ ਹੈ। ਜੇ ਉਸ ਦੀ ਕਿਸੇ ਗ਼ੈਰ-ਸਮਾਜਕ ਹਰਕਤ ਨੂੰ ਸਮਾਜਿਕ ਪ੍ਰਵਾਨਗੀ ਨਹੀਂ ਮਿਲੀ ਤਾਂ ਉਹੀ ਕਸੂਰਵਾਰ ਹੈ, ਦਾਗ਼ੀ ਹੈ, ਕਲੰਕਤ ਹੈ ਹੋਰ ਕੋਈ ਨਹੀਂ। ਉਸ ਦੇ ਮੱਥੇ 'ਤੇ ਬਦਨਾਮੀ ਦਾ ਟਿੱਕਾ ਲੱਗਾ ਹੈ।

ਜ਼ਿੰਦਗੀ ਵਿਚ ਬਹੁਤ ਕੁਝ ਅਣਚਾਹਿਆ ਹੁੰਦਾ ਹੈ, ਅਣਹੋਣੀ ਵਾਪਰਦੀ ਹੈ ਜੋ ਕਿਸੇ ਦੇ ਵੱਸ ਵਿਚ ਨਹੀਂ ਹੁੰਦੀ। ਉਸ ਨੂੰ ਤਾਂ ਡਾਢੇ ਦਾ ਸੱਤੀ ਵੀਹੀ ਸੌ ਹੀ ਸਮਝਦਿਆਂ ਗੁਜ਼ਾਰਾ ਹੋਣਾ ਹੈ, ਝੂਰਿਆਂ ਨਹੀਂ। ਜਿਸ ਨੇ ਪੀੜ ਦਿੱਤੀ ਹੈ ਉਸ ਨੇ ਤਾਂ ਨਹੀਂ ਸੋਚਿਆ, ਫਿਰ ਦੂਜਾ ਹਮਦਰਦੀ ਰੱਖਦਾ ਹੋਇਆ ਵੀ ਉਹ ਦਾਗ਼ ਨਹੀਂ ਧੋ ਸਕਦਾ ਹੈ। ਹਾਂ ਜਿਹੜੇ ਬਜ਼ੁਰਗ ਮਾਪੇ, ਸੱਜਣ-ਮਿੱਤਰ ਐਸੇ ਕਲੰਕ ਨੂੰ ਧੋਣਾ ਚਾਹੁੰਦੇ ਹਨ ਉਹ ਅੰਤਰਮੁਖੀ ਹੋ ਜਾਣ ਤੇ ਫਿਰ ਮੰਨ ਕੇ ਸਿਮਰਨ ਕਰਨ ਕਿ,

Sri Satguru Jagjit Singh Ji Elibrary NamdhariElibrary@gmail.com

"ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ"

ਸਮਾਜਿਕ ਪੱਖੋਂ ਦੋ ਤੇ ਦੋ ਚਾਰ ਹੋਣ ਦੀ ਗੱਲ ਹੈ ਪਰ ਮਨਮਰਜ਼ੀ ਦੇ ਵਿਆਹ ਨਾਲ ਉਸ ਉੱਤੇ ਤਾਂ ਮਿੱਟੀ ਪੈ ਗਈ। ਮੁੰਡੇ ਕੁੜੀ ਜਿਨ੍ਹਾਂ ਨੇ ਮਾਪਿਆਂ ਦੀ ਇੱਛਾ ਵਿਰੁੱਧ ਵਿਆਹ ਕੀਤਾ ਹੈ, ਉਹ ਤਾਂ ਉਹਨਾਂ ਨੂੰ ਅਪਣਾਉਂਦੇ ਰਹੇ। ਜਿੰਨਾਂ ਚਿਰ ਉਹ ਨਹੀਂ ਅਪਣਾਉਂਦੇ ਦੋ ਜਮਾਂ ਦੋ ਬਰਾਬਰ ਦੋ ਹੀ ਹੋਣਗੇ ਚਾਰ ਨਹੀਂ। ਦੋਹਾਂ ਪਰਵਾਰਾਂ ਦੀ ਰਿਸ਼ਤੇਦਾਰੀ ਨਹੀਂ ਬਣਨੀ, ਨਾ ਹੀ ਦੁਖ-ਸੁਖ ਦੀ ਸਾਂਝ ਸਥਾਪਤ ਹੋਣੀ ਹੈ।

Sri Satguru Jagjit SIngh Ji Elibrary NamdhariElibrary@gmail.com

Sri Satguru Jagjit SIngh Ji Elibrary NamdhariElibrary@gmail.com

ਨਰਿੰਦਰ ਸਿੰਘ

ਤਾਰਾ ਸਿੰਘ ਅਨਜਾਣ

'ਅਨਜਾਣ' ਦੀ ਵਾਰਤਕ ਮੁੱਖ ਰੂਪ ਵਿਚ ਗੁਰਬਾਣੀ ਵਿਚਾਰ ਨਾਲ ਜੁੜੀ ਹੋਈ ਹੈ। ਅਨੇਕ ਗੁਰਬਾਣੀ ਦੇ ਪਵਿੱਤਰ ਕਥਨ ਉਸ ਦੇ ਨਿਬੰਧਾਂ ਵਿਚ ਵਿਚਾਰੇ ਗਏ ਹਨ। ਹਰੇਕ ਕਥਨ, ਤਰਕ, ਦਲੀਲ ਤੇ ਹੋਰ ਕਥਨਾਂ ਨਾਲ ਪ੍ਰਪੱਕ ਕਰਕੇ ਵਿਚਾਰਿਆ ਗਿਆ ਹੈ। ਅਜਿਹਾ ਕੇਵਲ ਨਿਬੰਧ ਲਿਖਣ ਮਾਤਰ ਨਹੀਂ ਹੈ। ਇਹ ਤਾਂ ਵੀ ਸੰਭਵ ਹੋ ਸਕਦਾ ਹੈ ਜੇ ਕੋਈ ਆਪਣੀ ਲਿੱਖਤ ਵਿਚ ਭਰਪੂਰ ਵਿਸ਼ਵਾਸ ਵੀ ਰਖਦਾ ਹੋਵੇ। ਦੋ-ਚਾਰ-ਦਸ ਨਿਬੰਧ ਉਸਾਰੇ ਜਾ ਸਕਦੇ ਹਨ। ਸੈਂਕੜੇ ਨਿਬੰਧ ਕੇਵਲ ਰਵਾਨੀ ਨਾਲ ਹੀ ਉਗਮ ਸਕਦੇ ਹਨ। ਤਾਰਾ ਸਿੰਘ ਅਨਜਾਣ ਦੀ ਵਾਰਤਕ ਉਸਰਿਆ ਹੋਇਆ ਸਵੀਮਿੰਗ ਪੂਲ ਨਹੀਂ ਉਗਮਿਆ ਹੋਇਆ ਚਸ਼ਮਾ ਹੈ।

ISBN 818299225-2
9788182992252

Sri Satguru Jagjit Singh Ji Elibrary NamdhariElibrary@gmail.com